< > siqgr pswid ]

# ਭਾਈ ਭਰਮ ਤੋੜ ਸਿੰਘ

## ਮੂਲ ਰੂਪ ਵਿੱਚ

ਸਿੱਖ ਮਿਸ਼ਨਰੀ ਕਾਲਜ (ਰਜ਼ਿ :)
ਲੁਧਿਆਣਾ ਦੁਆਰਾ ਪ੍ਰਕਾਸ਼ਿਤ ਪੁਸਤਕ

ਲੇਖਕ : ਸ੍ਰ. ਇੰਦਰਜੀਤ ਸਿੰਘ ਗੋਗੋਆਣੀ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲਾਂਚ ਕਰਤਾ : ਜਸਬੀਰ ਸਿੰਘ
Mob. : 099881-60484, 62390-45985

Type Setting : Radheshyam Choudhary
Mob. : 098149- 66882

Download Free

# ਭਾਈ ਭਰਮ ਤੋੜ ਸਿੰਘ

## ਚਰਚਾ - ਪਹਿਲੀ

**ਮੈਂ ਗੁਰਬਾਣੀ ਅਤੇ ਗੁਰਮਤਿ ਸਿਧਾਂਤਾਂ ਤੋਂ ਸਿਵਾ ਕਿਸੇ ਤਰ੍ਹਾਂ ਦੇ ਵਹਿਮ,**

**ਭਰਮ, ਪਾਖੰਡ, ਕਰਮ ਕਾਂਡ ਤੇ ਅੰਧ ਵਿਸ਼ਵਾਸ ਨੂੰ ਨਹੀਂ ਮੰਨਦਾ ।**

**ਜਗਿਆਸੂ** - ਭਾਈ ਸਾਹਿਬ ਜੀ ! ਮਨ 'ਚੋਂ ਸ਼ੰਕੇ ਕਿਉਂ ਨਹੀਂ ਨਿਕਲਦੇ ?

**ਭਾਈ ਭਰਮਤੋੜ ਸਿੰਘ** - ਜਦੋਂ ਬੰਦਾ ਗੁਰੂ ਦੇ ਗਿਆਨ ਤੋਂ ਸੱਖਣਾ ਹੁੰਦਾ, ਉਹ ਸ਼ੰਕਿਆਂ ਤੇ ਭਰਮਾਂ ਦਾ ਈ ਭਰਿਆ ਹੁੰਦਾ। ਬੱਸ ਢੋਲ 'ਚ ਪੋਲ ਵਾਲੀ ਗੱਲ ਹੁੰਦੀ ਆ।

**ਜਗਿਆਸੂ** - ਉਹ ਕਿਉਂ ?

**ਭਾਈ ਭਰਮਤੋੜ ਸਿੰਘ** - ਅਖੇ ਉਹ ਕਿਉਂ ! ਭਾਈ ਜਿਹੜੇ ਕਮਰੇ 'ਚ ਝਾੜੂ-ਪੋਚਾ ਨਾ ਕਰੀਏ ਉਥੇ ਭੂੰਡਾਂ ਦੀਆਂ ਪੱਖਰਾਂ ਤੇ ਜਾਲੇ ਈ ਲਟਕਦੇ ਹੁੰਦੇ ਆ।

**ਜਗਿਆਸੂ** - ਤੁਸੀਂ ਤਾਂ ਗੱਲ ਹਾਸੇ 'ਚ ਪਾ ਰਹੇ ਓ ......

**ਭਾਈ ਭਰਮਤੋੜ ਸਿੰਘ** - ਹਾਸਾ ਨਹੀਂ ਇਹ ਇਲਮ ਐਂ। ਅਸੀਂ ਆਪਣੇ ਦਿਮਾਗ ਨੂੰ ਗਿਆਨ ਦਾ ਝਾੜੂ ਨਹੀਂ ਮਾਰਦੇ, ਏਸੇ ਲਈ ਅਗਿਆਨਤਾ ਦੀਆਂ ਖੱਖਰਾਂ ਤੇ ਅੰਧ-ਵਿਸ਼ਵਾਸ ਦੇ ਜਾਲੇ ਲੱਗੇ ਆ। ਹੁਣ ਦੱਸ ਕੀ ਸ਼ੰਕਾ ਐ ਭਾਈ ?

**ਜਗਿਆਸੂ** - ਸ਼ੰਕਾ ਤਾਂ ਬਾਅਦ 'ਚ ਦੱਸੂੰਗਾ। ਪਹਿਲਾਂ ਇਹ ਦੱਸੋ ਕਿ ਤੁਹਾਨੂੰ ਭਾਈ ਭਰਮਤੋੜ ਸਿੰਘ ਕਿਉਂ ਕਹਿੰਦੇ ਆ ?

**ਭਾਈ ਭਰਮਤੋੜ ਸਿੰਘ** - ਨਾਂ ਤੇ ਮੇਰਾ ਗੁਰਮੁਖ ਸਿੰਘ ਐ, ਮੈਂ ਗੁਰਬਾਣੀ 'ਤੇ ਗੁਰਮਤਿ ਸਿਧਾਂਤਾਂ ਤੋਂ ਸਿਵਾ ਕਿਸੇ ਤਰ੍ਹਾਂ ਦੇ ਵਹਿਮ, ਭਰਮ, ਪਖੰਡ, ਕਰਮ-ਕਾਂਡ ਤੇ ਅੰਧ-ਵਿਸ਼ਵਾਸ ਨੂੰ ਨਹੀਂ ਮੰਨਦਾ। ਗੁਰੂ ਦੀ ਬਖਸ਼ੀ ਹੋਈ ਤੁੱਛ ਜਿਹੀ ਬੁੱਧੀ ਅਨੁਸਾਰ ਲੋਕਾਂ ਦੇ ਮਨਾਂ 'ਚੋਂ ਭਰਮ ਜ਼ਰੂਰ ਕੱਢਦਾਂ, ਇਸ ਲਈ ਲੋਕਾਂ 'ਚ ਮੇਰਾ ਨਾਂ ਭਾਈ ਭਰਮਤੋੜ ਸਿੰਘ ਪੈ ਗਿਆ।

**ਜਗਿਆਸੂ** - ਭਾਈ ਜੀ ! ਉਂਜ ਭਰਮ ਹੁੰਦਾ ਕੀ ਐ ?

**ਭਾਈ ਭਰਮਤੋੜ ਸਿੰਘ** – ਭਰਮ ਹੁੰਦਾ ਬਈ ਜੋ ਗੱਲ ਅਸਲ ਵਿਚ ਹੁੰਦੀ ਨਹੀਂ ਪਰ ਕੋਈ ਐਵੇਂ ਈ ਸੱਚ ਕਰਕੇ ਮੰਨੀ ਜਾਵੇ, ਬਿਨਾਂ ਕਿਸੇ ਤਰਕ, ਬਿਬੇਕ, ਦਲੀਲ ਤੋਂ-ਜਿਵੇਂ ਸਾਡਾ ਸਿੱਖ ਸਮਾਜ ਕਈ ਗੱਲਾਂ ਉਂ ਈ ਅੱਖਾਂ ਮੀਚ ਕੇ ਮੰਨੀ ਜਾਂਦਾ ਤੇ ਇਸ ਤੋਂ ਵੀ ਵੱਡੀ ਗੱਲ ਕਿ ਜਿਨ੍ਹਾਂ ਭਰਮਾਂ ਦਾ ਗੁਰਬਾਣੀ ਵਿਚ ਖੰਡਨ ਕੀਤਾ ਤੇ ਸਿੱਖ ਰਹਿਤ ਮਰਯਾਦਾ ਵਿਚ ਵੀ ਦਰਜ ਐ ਕਿ ਸਿੱਖ ਨੇ ਇਨ੍ਹਾਂ ਭਰਮਾਂ 'ਤੇ ਨਿਸ਼ਚਾ ਨਹੀਂ ਕਰਨਾ, ਉਹ ਈ ਵੀਚਾਰਾਂ ਸਾਡੇ ਸਮਾਜ ਵਿਚ ਮੰਨੀਆਂ ਜਾ ਰਹੀਆਂ।

**ਜਗਿਆਸੂ** – ਇਹ ਭਰਮ ਪ੍ਰਚੱਲਤ ਕਿਵੇਂ ਹੋ ਗਏ?

**ਭਾਈ ਭਰਮਤੋੜ ਸਿੰਘ** – ਇਕ ਗੱਲ ਦੱਸਾਂ, ਮੈਨੂੰ ਇਨ੍ਹਾਂ ਪਿੱਛੇ ਤਿੰਨ ਤਰ੍ਹਾਂ ਦੇ ਵਿਚਾਰ ਕੰਮ ਕਰਦੇ ਲਗਦੇ ਆ। ਕੁਝ ਗੱਲਾਂ ਸਿੱਖਿਆ ਦੇਣ ਲਈ ਸਨ ਪਰ ਇਨ੍ਹਾਂ ਨੂੰ ਲਾਗੂਕਰਨ ਲਈ ਸਿਆਣਿਆਂ ਨੇ ਡਰ ਪਾ 'ਤਾ ਤੇ ਸਮਾਂ ਪਾ ਕੇ ਇਹ ਭਰਮ ਈ ਬਣ ਗਿਆ। ਕੁਝ ਗੱਲਾਂ ਆਲਸੀ ਤੇ ਢੁੱਚਰੀ ਬੰਦਿਆਂ ਦੀਆਂ ਆਪਣੇ ਬਚਾਓ ਲਈ ਜੋੜੀਆਂ ਹੋਈਆਂ। ਕੁਝ ਗੱਲਾਂ ਪੁਜਾਰੀ ਵਰਗ ਨੇ ਆਪਣਾ ਹਲਵਾ-ਮੰਡਾ ਚਲਾਉਣ ਲਈ ਪ੍ਰਚਲਤ ਕਰ ਦਿੱਤੀਆਂ। ਸਮਾਂ ਪਾ ਕੇ ਸੂਝਵਾਨਾਂ ਨੂੰ ਹੁਣ ਇਹ ਨਿਰੋਲ ਝੂਠ ਤੇ ਪਖੰਡ ਲੱਗਣ ਲਗ ਪਿਆ। ਕਈ ਇਹ ਵੀ ਕਹਿੰਦੇ ਆ ਕਿ ਕਿਸੇ ਸਮੇਂ ਇਹ ਨਿਰੋਲ ਝੂਠ ਸੀ ਜੋ ਮੰਨ-ਮੰਨ ਕੇ ਕਰਮ-ਕਾਂਡੀਆਂ ਨੇ ਸੱਚ ਬਣਾ 'ਤਾ। ਇਹੋ ਵਹਿਮ-ਭਰਮ, ਪੀੜ੍ਹੀ-ਦਰ-ਪੀੜ੍ਹੀ ਸਮਾਜ ਵਿਚ ਤੁਰੇ ਜਾਂਦੇ ਆ। ਉਹ ਕਹਾਣੀ ਸੁਣੀ ਆ, ਬਿੱਲੀ ਤਾੜਨ ਵਾਲੀ? ਉਹੋ ਗੱਲ ਐ।

**ਜਗਿਆਸੂ** – ਉਹ ਕਿਵੇਂ ਭਾਈ ਸਾਹਿਬ ਜੀ?

**ਭਾਈ ਭਰਮਤੋੜ ਸਿੰਘ** – ਉਹ ਇਉਂ ਸੀ, ਕੋਈ ਲੜਕੀ ਸੀ ਬਚਪਨ ਵਿਚ, ਜਦੋਂ ਉਹਦੀ ਮਾਂ ਦੇ ਦੁੱਧ ਨੂੰ ਜਾਗ ਲਾਉਣੀ ਉਨ੍ਹੇ ਕਹਿਣਾ, ਬੱਚੀ! ਬਿੱਲੀ ਟੋਕਰੇ ਥੱਲੇ ਤਾੜ ਦੇ। ਜਵਾਨੀ ਦੀ ਉਮਰ ਤਕ ਉਹ ਕੁੜੀ ਇਹੋ ਕਰਮ ਵਿੰਹਦੀ ਰਹੀ। ਜਦੋਂ ਗਈ ਵਿਆਹੀ ਤਾਂ ਸੱਸ ਕਹਿੰਦੀ, 'ਬਈ ਨੂੰਹ ਰਾਣੀ, ਦੁੱਧ ਨੂੰ ਜਾਗ ਲਾ 'ਦੇ।' ਅੱਗੋਂ ਨੂੰਹ ਪਤਾ ਕੀ ਕਹਿੰਦੀ?

**ਜਗਿਆਸੂ** – ਕੀ ਕਹਿੰਦੀ?

**ਭਾਈ ਭਰਮਤੋੜ ਸਿੰਘ** – ਕਹਿੰਦੀ, 'ਬਿੱਲੀ ਕਿਥੇ ਆ ਮੈਂ ਪਹਿਲਾਂ ਟੋਕਰੇ ਥੱਲੇ ਤਾੜਾਂ।' ਸੱਸ ਕਹਿੰਦੀ, 'ਬਈ ਬਿੱਲੀ ਤਾਂ ਆਪਾਂ ਰੱਖੀ ਈ ਨਹੀਂ,' ਨੂੰਹ ਕਹਿੰਦੀ, 'ਜੇ ਬਿੱਲੀ ਨਾ ਟੋਕਰੇ ਥੱਲੇ ਤਾੜੀ ਤਾਂ ਫਿਰ ਦੁੱਧ ਵੀ ਨਹੀਂ ਜੰਮਣਾ।' ਸੱਸ ਸਿਆਣੀ ਸੀ। ਜਦੋਂ ਨੂੰਹ ਦੀ ਮਾਂ ਮਿਲਣ ਆਈ ਤਾਂ ਕਹਿੰਦੀ ਬਈ ਦੁੱਧ ਜਮਾਉਣ ਲੱਗਿਆ ਬਿੱਲੀ ਤਾੜਨ ਦਾ ਵੀ ਕੋਈ ਟੂਣਾ ਹੁੰਦਾ? ਨੂੰਹ ਦੀ ਮਾਂ ਪਤਾ ਕੀ ਕਹਿੰਦੀ?

**ਜਗਿਆਸੂ** – ਕੀ ਕਹਿੰਦੀ?

**ਭਾਈ ਭਰਮਤੋੜ ਸਿੰਘ** – ਉਹ ਕਹਿੰਦੀ, 'ਟੂਣਾ ਨਹੀਂ ਐ। ਮੈਂ ਤਾਂ ਇਸ ਕਰਕੇ ਬਿੱਲੀ ਤਾੜਦੀ ਸੀ ਕਿ ਜਾਗ

ਲਾਉਣ ਲੱਗਿਆਂ ਬਿੱਲੀ ਦੁੱਧ ਜੂਠਾ ਨਾ ਕਰ ਜਾਵੇ। ਜੇ ਤੁਸੀਂ ਬਿੱਲੀ ਨਹੀਂ ਰੱਖੀ ਤਾਂ ਕੋਈ ਗੱਲ ਈ ਨਹੀਂ।' ਅਸਲ ਗੱਲ ਸੀ ਬਈ ਕੁੜੀ ਨੇ ਮਾਂ ਨੂੰ ਕਦੇ ਪੁੱਛਿਆ ਈ ਨਾ ਬਈ ਬਿੱਲੀ ਕਿਉਂ ਤਾੜਦੇ ਆਂ ਦੁੱਧ ਜਮਾਉਣ ਵੇਲੇ। ਉਹਨੇ ਅਸਲ ਗੱਲ ਤਾਂ ਸਮਝੀ ਨਹੀਂ, ਪਰ ਇਹ ਗ਼ਲਤ ਸਮਝ ਗਈ ਕਿ ਇਹ ਕੋਈ ਟੂਣਾ ਐ। ਏਸੇ ਤਰ੍ਹਾਂ ਭਰਮ ਪੱਕ ਜਾਂਦੇ ਆ ਜੋ ਸਾਡਾ ਸਮਾਜ ਅੱਖਾਂ ਮੀਚ ਕੇ ਮੰਨੀ ਜਾਂਦਾ।

**ਜਗਿਆਸੂ** – ਪਰ ਭਾਈ ਸਾਹਿਬ ਇਹ ਜਿਹੜੇ ਜੰਤਰ-ਮੰਤਰ-ਤੰਤਰ ਹੁੰਦੇ ਆ, ਇਹ ਕੀ ਇੱਲ-ਬਲਾ ਐ?

**ਭਾਈ ਭਰਮਤੋੜ ਸਿੰਘ** – ਇਹ ਐ ਬੇਬੁੱਧਿਆਂ ਨੂੰ ਕਮਲੇ ਬਣਾਉਣ ਲਈ।

**ਜਗਿਆਸੂ** – ਤੁਸੀਂ ਤਾਂ ਹੱਸ ਰਹੇ ਓ ! ਮੇਰੀ ਗੱਲ ਦਾ ਉੱਤਰ ਦਿਓ ਨਾ !

**ਭਾਈ ਭਰਮਤੋੜ ਸਿੰਘ** – ਹੱਸਦਾ ਮੈਂ ਤਾਂ ਆਂ, ਕਿ ਕਿੰਨੇ ਸਿੱਖ ਈ ਗੁਰਮਤਿ ਦਾ ਸਿਧਾਂਤ ਛੱਡ ਕੇ ਸੁਆਹ ਦੀਆਂ ਚੂੰਢੀਆਂ ਤੇ ਕਾਲੇ ਧਾਗਿਆਂ 'ਚੋਂ ਮੁਕਤੀ ਲੱਭਦੇ ਫਿਰਦੇ ਆ ! ਕਈ ਤੇਰੇ ਵਰਗੇ ਗੁਰਬਾਣੀ ਦੀ ਸੂਝ ਤੋਂ ਕੋਰੇ ਸ਼ੰਕਿਆਂ ਨਾਲ ਭਰੇ ਆ !

**ਜਗਿਆਸੂ** – ਭਾਈ ਸਾਹਿਬ, ਮੇਰਾ ਵੀ ਸ਼ੰਕਾ ਦੂਰ ਕਰੋ ਨਾ ਪਹਿਲਾਂ !

**ਭਾਈ ਭਰਮਤੋੜ ਸਿੰਘ** – ਬਾਕੀ ਗੱਲ ਕਰੂੰ ਬਾਅਦ 'ਚ, ਪਹਿਲਾਂ ਵਿਖਾ ਖਾਂ ਗਲ 'ਚ ਆਹ ਕੀ ਪਾਇਆ?

**ਜਗਿਆਸੂ** – ਇਹ ਮੇਰੀ ਬੇਬੇ ਨੇ ਸਿਆਣੇ ਤੋਂ ਤਵੀਤਾ ਕਰਾ ਕੇ ਪਾਇਆ, ਕਹਿੰਦੀ ਇਹਦੇ ਨਾਲ ਨਜ਼ਰ ਨਹੀਂ ਲਗਦੀ।.....

**ਭਾਈ ਭਰਮਤੋੜ ਸਿੰਘ** – (ਉੱਚੀ-ਉੱਚੀ ਹੱਸਦਾ ਹੈ) ਤੈਨੂੰ ਨਜ਼ਰ ! ਬਈ ਤੇਰਾ ਕਿਹੜਾ ਪਾਸਾ ਜਿਥੇ ਨਜ਼ਰ ਲੱਗ ਜੂ? ਤੂੰ ਤੇ ਆਪ ਈ ਨਜ਼ਰ ਵੱਟੂਐਂ ! ਤੈਨੂੰ ਵੇਖ ਕੇ ਅਗਲੇ ਦੀ ਨਜ਼ਰ ਭਾਵੇਂ ਖਰਾਬ ਹੋ ਜੇ ! ਲਾਹ ਇਹਨੂੰ ਪਰ੍ਹੇ ! ਬੁੱਧੂਜਿਹਾ ਨਾ ਹੋਵੇ ਤਾਂ....

**ਜਗਿਆਸੂ** – ਇਹ ਜੀ ਡਰ ਤੋਂ ਵੀ ਹੈਗਾ, ਮੈਨੂੰ ਡਰ ਵੀ ਲੱਗਣ ਲੱਗ ਜਾਂਦਾ।

**ਭਾਈ ਭਰਮਤੋੜ ਸਿੰਘ** – ਤੇਰੀ ਅਗਿਆਨਤਾ ਈ ਤੇਰਾ ਡਰ ਐ। ਬਾਣੀ ਪੜ੍ਹਿਆ ਕਰ, ਵਿਚਾਰਿਆ ਕਰ ਤੇ ਅਮਲ ਕਰਿਆ ਕਰ। ਆਹ ਮਾਸਾ ਕੁ ਦਾ ਤਵੀਤ ਕਿਹੜਾ ਤੂੰ ਤੋਪ ਬੀੜ ਲੀ ਆ? ਲਿਆ ਤੇਰਾ ਭਰਮ ਕੱਢਾਂ, ਖੋਲ੍ਹ ਕੇ ਵੇਖ, ਵਿੱਚ ਤਾਂ ਕੁਝ ਵੀ ਨਹੀਂ ਐ।

**ਜਗਿਆਸੂ** – ਪਹਿਲਾਂ ਮੇਰਾ ਸ਼ੰਕਾ ਕੱਢੋ ਕਿ ਜੰਤਰ-ਮੰਤਰ-ਤੰਤਰ ਕੀ ਹੁੰਦਾ ਹੈ, ਫੇਰ ਮੈਂ ਤਵੀਤ ਵੀ ਲਾਹ ਦੇਵੇਗਾ.....

**ਭਾਈ ਭਰਮਤੋੜ ਸਿੰਘ** – 'ਜੰਤਰ' ਹੁੰਦਾ ਐ ਟੂਣਾ, ਜਿਵੇਂ ਆਪਣੇ ਪਿੰਡਾਂ ਦੇ ਚੌਰਾਹਿਆਂ ਵਿਚ ਕੀਤਾ ਪਿਆ ਹੁੰਦਾ। 'ਮੰਤਰ' ਹੁੰਦਾ, ਕਿਸੇ ਕਾਰਜ ਸਿੱਧੀ ਲਈ ਜਪਣਯੋਗ ਸ਼ਬਦ ਤੇ 'ਤੰਤਰ' ਵੀ ਤਾਂਤ੍ਰ ਸ਼ਾਸਤਰ ਅਨੁਸਾਰ ਟੂਣਾ-ਟਾਮਣ ਈ ਐਂ, ਤੇ ਹੈ ਇਹ ਨਿਰਾ ਭਰਮ ਈ ਐ। ਗੁਰੂਨਾਨਕ ਸਾਹਿਬ ਜੀ ਦਾ ਫ਼ੁਰਮਾਨ ਐਂ ਬਈ "ਤੰਤੁਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ॥" (ਪੰਨਾ 766) ਜੇ ਭਾਈ ! ਗੁਰੂਜੀ ਕਹਿੰਦੇ ਆ ਕਿ ਇਹ ਪਖੰਡ ਐ, ਫਿਰ ਸਿੱਖ ਨੂੰ ਤਾਂ ਇਸ ਪਖੰਡ 'ਤੇ ਵਿਸ਼ਵਾਸ ਕਰਨਾ ਈ ਨਹੀਂ ਚਾਹੀਦਾ ! ਤੇਰਾ ਸ਼ੰਕਾ ਨਿਕਲ ਜਾਏ-ਦੋ ਕੁ ਮੰਤਰ ਸੁਣਾਵਾਂ ਤੈਨੂੰ?

**ਜਗਿਆਸੂ** – ਸੁਣਾ ਦਿਓ.....

**ਭਾਈ ਭਰਮਤੋੜ ਸਿੰਘ** – ਸਿਰ ਪੀੜ ਦਾ ਪਤਾ ਕੀ ਮੰਤਰ ਐ?

**ਜਗਿਆਸੂ** – ਕੀ ਐ?

**ਭਾਈ ਭਰਮਤੋੜ ਸਿੰਘ** – ਹਰੀ ਚਿੜੀ ਕਿਰਕਿਰੀ ਚਿੱਟੀ ਸੰਧੂਰ।

ਐਲੀ ਸ਼ਾਹ ਵੰਗਾਰਿਆ ਸਿਰ ਦੀ ਪੀੜ ਦੂਰ।

ਇਹ ਵੀ ਮੰਤਰ ਐ, ਜਿਹਨੂੰ ਸਿਆਣਾ ਬੰਦਾ ਇੱਕੀ ਵਾਰ ਪੜ੍ਹੇ ਤਾਂ ਮੇਰਾ ਖਿਆਲ ਉਹਦੇ ਆਪਣੇ ਸਿਰ ਪੀੜ ਸ਼ੁਰੂ ਹੋ ਜੂ ! ਇਹਦਾ ਸਿਰ ਦੀ ਪੀੜ ਨਾਲ ਕੀ ਸੰਬੰਧ ਐ ਭਲਾ?

**ਜਗਿਆਸੂ** – ਹੈ ਤੇ ਕੋਈ ਨਹੀਂ। ਹੋਰ ਕਿਹੜਾ-ਕਿਹੜਾ ਆਉਂਦਾ ਤੁਹਾਨੂੰ?

**ਭਾਈ ਭਰਮਤੋੜ ਸਿੰਘ** – ਮੈਨੂੰ ਸਾਰੇ ਈ ਆਉਂਦੇ ਆ। ਕਈ ਵਾਰੀ ਪਿਆਰਿਆ ਤੇਰੇ ਵਰਗੇ ਵਹਿਮੀ ਬੰਦਿਆਂ ਦਾ ਭਰਮ ਤੋੜਨਾ ਹੁੰਦਾ। ਹੋਰ ਸੁਣ, ਦਾੜ੍ਹ ਦੰਦ ਦੀ ਪੀੜ ਦਾ ਪਤਾ ਕੀ ਮੰਤਰ ਐ?

**ਜਗਿਆਸੂ** – ਕੀ ਐ?

**ਭਾਈ ਭਰਮਤੋੜ ਸਿੰਘ** – ਕਾਲਾ ਕੀੜਾ ਕਿਰਕਿਰਾ, ਬੱਤੀ ਦੰਦ ਚਰੇ।

ਦੁਹਾਈ ਮੁਹੰਮਦ ਸ਼ਾਹ ਦੀ, ਕੀੜਾ ਵਿੱਚ ਮਰੇ।

**ਜਗਿਆਸੂ** – ਭਾਈ ਸਾਹਿਬ ਜੀ ! ਇਸ ਤਰ੍ਹਾਂ ਦੰਦ ਦਾ ਕੀੜਾ ਮਰ ਜਾਂਦਾ?

**ਭਾਈ ਭਰਮਤੋੜ ਸਿੰਘ** – ਉਹ ਤਾਂ ਭਾਵੇਂ ਨਾ ਈ ਮਰੇ ਪਰ ਭਰਮ 'ਚ ਪਏ ਬੰਦੇ ਦੀ ਅਕਲ ਦਾ ਕੀੜਾ ਜ਼ਰੂਰ ਮਰ ਜਾਂਦਾ। ਜਿਵੇਂ ਤੇਰੀ ਬੇਬੇ ਨੇ ਤਵੀਤ ਬੰਨ੍ਹ-ਬੰਨ੍ਹ ਕੇ ਤੇਰੀ ਅਕਲ ਦਾ ਕੀੜਾ ਮਾਰਿਆ ਹੋਇਆ।

**ਜਗਿਆਸੂ** – ਭਾਈ ਸਾਹਿਬ ਜੇ ਇਹ ਭਰਮ ਐ ਤਾਂ ਕਿੰਨੇ ਸਾਰੇ ਲੋਕ ਇਹ ਗੱਲਾਂ ਨੂੰ ਮੰਨੀ ਕਿਉਂ ਜਾਂਦੇ ਆ?

**ਭਾਈ ਭਰਮਤੋੜ ਸਿੰਘ** – ਭੋਲਿਆ, ਬਹੁਤ ਸਾਰੇ ਰੋਗ ਮਨ ਦੀ ਬੇਚੈਨੀ 'ਚੋਂ ਪੈਦਾ ਹੁੰਦੇ ਆ। ਬੰਦੇ ਦੇ ਮਨ 'ਚ ਸ਼ੰਕਾ ਪਹਿਲਾਂ ਆਉਂਦਾ, ਫੇਰ ਸਰੀਰ ਬਿਮਾਰ ਹੁੰਦਾ। ਇਹ ਭਰਮ ਤੇ ਕਰਮ-ਕਾਂਡ ਆਮ ਲੋਕਾਂ ਦੇ ਮਨ ਦੇ ਟਿਕਾਓ ਲਈ ਸਹਾਰਾ ਬਣਿਆ। ਹੁਣ ਦੱਸ, ਤੁਹਾਡੇ ਖੇਤ 'ਚ ਜਿਹੜੀ ਕਬਰ ਬਣੀ ਆਂ ਉਹ ਕੀਹਨੇ ਬਣਾਈ ਆ....?

**ਜਗਿਆਸੂ** – ਉਹ ਤਾਂ ਜੀ ਮੇਰੇ ਦਾਦਾ ਜੀ ਨੇ ਬਣਾਈ ਆ ਤੇ ਮੇਰੀ ਸੁਰਤ 'ਚ ਬਣੀ ਐਂ।

**ਭਾਈ ਭਰਮਤੋੜ ਸਿੰਘ** – ਤੁਸੀਂ ਇੱਟਾਂ, ਸੀਮੈਂਟ ਲਿਆਂਦਾ, ਮਿਸਤਰੀ ਨੇ ਬਣਾਈ, ਕਿਸੇ ਭੂਤ-ਪ੍ਰੇਤ ਨੇ ਆਪੇ ਤਾਂ ਨਹੀਂ ਬਣਾਈ?

**ਜਗਿਆਸੂ** – ਨਹੀਂ ! ਅਸੀਂ ਆਪੇ ਈ ਬਣਾਈ ਭਾਈ ਜੀ।

**ਭਾਈ ਭਰਮਤੋੜ ਸਿੰਘ** – ਹੁਣ ਤੁਸੀਂ ਆਪ ਈ ਉਥੇ ਦੀਵਾ ਜਗਾ ਕੇ, ਮੰਨਤਾਂ ਮੰਗਦੇ ਓ, ਸਫਾਈ ਕਰਦੇ ਓ, ਡਰੀ ਵੀ ਜਾਂਦੇ ਓ। ਇਹ ਸਾਰਾ ਪੰਗਾ ਤੁਸਾਂ ਆਪ ਈ ਸਹੇੜਿਆ ! ਤੁਸੀਂ ਇੱਟਾਂ ਦੀ ਢੇਰੀ (ਕਬਰ) ਤੋਂ ਡਰਦੇ ਓ, ਉਹੋ ਇੱਟਾਂ ਤੁਸੀਂ ਗੱਡੇ 'ਤੇ ਲੱਦ ਕੇ ਆਪ ਭੱਠੇ ਤੋਂ ਲਿਆਏ। ਇਹ ਤੁਹਾਡੇ ਮਨ ਦਾ ਈ ਡਰ ਐ, ਮਨ ਦੇ ਟਿਕਾਓ ਲਈ ਪੂਜਾ ਕਰੀ ਜਾਂਦੇ ਓ, ਹੈ ਤੇ ਭਰਮ ਈ ਆਂ ! ਨਾ ਬਣਾਉਂਦੇ, ਫਿਰ ਕੀ ਹੋਣਾ ਸੀ? ਨਾਲੇ ਗੁਰੂ ਦੇ ਸਿੱਖ ਨੂੰ ਕਬਰ ਪੂਜਣ ਦੀ ਮਨਾਹੀ ਐ। ਗੁਰੂ ਸਾਹਿਬ ਤਾਂ ਫ਼ੁਰਮਾਉਂਦੇ ਹਨ:

**ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ**

**ਮੜੈ ਮਸਾਣਿ ਨ ਜਾਈ॥** (ਪੰਨਾ 634)

**ਜਗਿਆਸੂ** – ਇਹ ਤਾਂ ਬਣਾਈ ਭਾਈ ਜੀ, ਬਈ ਮੇਰੇ ਦਾਦੇ ਨੂੰ ਕਿਸੇ ਸਿਆਣੇ ਨੇ ਦੱਸਿਆ ਸੀ ਕਿ ਵਡੇਰਿਆਂ ਦੀ ਪੂਜਾ ਕਰੋ। ਇਹ ਮੇਰੇ ਦਾਦੇ ਦੇ, ਪੜਦਾਦੇ ਦੇ ਦਾਦੇ ਦੀ ਯਾਦ 'ਚ ਬਣਾਈ ਆ। ਕਹਿੰਦੇ, ਉਹ ਵਿਆਹ ਬੱਧੇ ਤੋਂ ਮਰ ਗਿਆ ਸੀ। ਉਹਦੀ ਰੂਹ ਭਟਕਦੀ ਐ....

**ਭਾਈ ਭਰਮਤੋੜ ਸਿੰਘ** – (ਉੱਚੀ-ਉੱਚੀ ਹੱਸਦਾ ਹੈ) ਭੋਲਿਓ ਪਾਤਸ਼ਾਹੋ ! ਦਾਦੇ ਦੇ ਪੜਦਾਦੇ ਦਾ ਦਾਦਾ ! ਤੁਹਾਡੀ ਤਾਂ ਅਕਲ ਈ ਨਿਆਣਿਆਂ ਵਾਲੀ ਆ। ਅਖੌਤੀ ਸਿਆਣਿਆਂ ਨੂੰ ਇਹੋ ਜਿਹੀਆਂ 'ਸਾਮੀਆਂ ਤਾਂ ਚਾਹੀਦੀਆਂ। ਐਨੇ ਸਾਲ ਇਹ ਰੂਹ ਕਿਥੇ ਫਿਰਦੀ ਰਹੀ ਤੇ ਤੁਸੀਂ ਉਹਦਾ ਨਾਮ ਵੀ ਨੀਂ ਜਾਣਦੇ ਜੀਹਦੀ ਕਬਰ ਬਣਾਈ ਬੈਠੇ ਓ ! ਇਹਨੂੰ ਕਹਿੰਦੇ ਵੱਡਾ ਭਰਮ...

**ਜਗਿਆਸੂ** – ਪਰ ਇਹ ਵੱਡਾ ਭਰਮ ਸਾਡੇ ਮਨਾਂ 'ਚੋਂ ਕੌਣ ਕੱਢੂ?

**ਭਾਈ ਭਰਮਤੋੜ ਸਿੰਘ** – ਇਹ ਭਰਮ ਕੱਢੂਗੀ ਗੁਰੂ ਦੀ ਬਾਣੀ ਜੋ ਸਿੱਖਿਆ ਦਿੰਦੀ ਆ:

**ਨਿਰਭਉ ਜਪੈ ਸਗਲ ਭਉ ਮਿਟੈ ॥** (ਪੰਨਾ 293)

ਬਈ ਨਿਡਰ ਪ੍ਰਭੂ ਦਾ ਨਾਮ ਜੋ ਜਪੇਗਾ ਉਹਦੇ ਸਾਰੇ ਡਰ ਮਿਟ ਜਾਂਦੇ ਆ। ਫੇਰ ਕਬਰਾਂ-ਮੜ੍ਹੀਆਂ ਨੂੰ ਮੰਨਣ ਦੀ ਤੇ ਉਨ੍ਹਾਂ ਤੋਂ ਡਰਨ ਦੀ ਕੀ ਲੋੜ ਆ? ਗੁਰੂ ਗੋਬਿੰਦ ਸਿੰਘ ਜੀ ਨੇ ਜਾਪੁ ਸਾਹਿਬ ਬਾਣੀ ਵਿਚ ਇਉਂ ਸਿੱਖਿਆ ਦਿੱਤੀ ਆ:

**ਨਮੋ ਮੰਤ੍ਰ ਮੰਤ੍ਰੰ ॥ ਨਮੋ ਜੰਤ੍ਰ ਜੰਤ੍ਰੰ ॥**

**ਨਮੋ ਇਸਟ ਇਸਟੇ ॥ ਨਮੋ ਤੰਤ੍ਰ ਤੰਤ੍ਰੰ ॥57॥**

ਬਈ ਪਰਮਾਤਮਾ ਦਾ ਨਾਮ ਹੀ ਮੰਤਰਾਂ, ਜੰਤਰਾਂ, ਤੰਤਰਾਂ ਤੋਂ ਵੱਡਾ, ਤੇ ਜੋ ਉਸ ਦਾ ਨਾਮ ਜਪਦਾ ਉਹਨੂੰ ਕੋਈ ਭਰਮ ਨਹੀਂ ਕਰਨਾ ਚਾਹੀਦਾ।

**ਜਗਿਆਸੂ** – ਗੱਲਾਂ ਤਾਂ ਤੁਹਾਡੀਆਂ ਸਾਰੀਆਂ ਕਮਾਲ ਦੀਆਂ, ਅਸੀਂ ਐਵੇਂ ਭਰਮਾਂ 'ਚ ਈ ਪਏ ਆਂ। ਮੇਰੇ ਮਨ 'ਚ ਤਾਂ ਹੋਰ ਵੀ ਬੜੇ ਭਰਮ ਆ-ਉਨ੍ਹਾਂ ਨੂੰ ਕੌਣ ਤੋੜੂਗਾ?

**ਭਾਈ ਭਰਮਤੋੜ ਸਿੰਘ** – ਤੇਰੇ ਭਰਮਾਂ ਨੂੰ ਤੋੜੇਗਾ ਭਾਈ ਭਰਮਤੋੜ ਸਿੰਘ! ਬਾਕੀ ਗੱਲਾਂ ਦਾ ਉੱਤਰ ਤਾਂ ਬਾਅਦ 'ਚ ਦੇਊਂ, ਪਹਿਲਾਂ ਗਲ 'ਚੋਂ ਕਾਲਾ ਧਾਗਾ ਤੇ ਤਵੀਤ ਜਿਹਾ ਲਾਹ ਕੇ ਫੜਾ ਮੈਨੂੰ...

**ਜਗਿਆਸੂ** – ਤੁਸੀਂ ਕੀ ਕਰੋਗੇ?

**ਭਾਈ ਭਰਮਤੋੜ ਸਿੰਘ** – ਮੈਂ ਤੇਰੇ ਸਾਹਮਣੇ ਖੋਲ੍ਹ ਕੇ ਤੇਰੇ ਮਨ ਦਾ ਭਰਮ ਕੱਢਣਾ ਕਿ ਇਸ ਵਿਚ ਕੁਝ ਵੀ ਨਹੀਂ ਐ ਭਰਮ ਤੋਂ ਸਿਵਾ।

**ਜਗਿਆਸੂ** – (ਗਲੋਂ ਤਵੀਤ ਲਾਹ ਕੇ ਭਾਈ ਭਰਮਤੋੜ ਸਿੰਘ ਨੂੰ ਫੜਾਉਂਦਾ ਹੈ)

**ਭਾਈ ਭਰਮਤੋੜ ਸਿੰਘ** – (ਖੋਲ੍ਹਦਾ ਹੈ – ਵਿਚੋਂ ਕਾਗਜ਼ ਦਾ ਟੋਟਾ, ਕਾਲੀ ਸਿਆਹੀ ਦਾ ਨਿਸ਼ਾਨ) ਵੇਖ ਕੇ ਠਹਾਕਾ ਮਾਰ ਕੇ ਹੱਸਦਾ ਹੈ ਆਹ ਇਕ ਰੁਪਏ ਦਾ ਸਮਾਨ ਜਿਹੜਾ 'ਸਿਆਣੇ' ਨੇ 101 ਰੁਪਏ ਦਾ ਦਿੱਤਾ। ਉਹ ਤਾਂ ਆਪੇ ਈ ਸਿਆਣਾ ਹੋਇਆ ਤੇ ਕਮਲੇ ਕੌਣ ਹੋਏ?

**ਜਗਿਆਸੂ** – ਕਮਲੇ ਤਾਂ ਫਿਰ ਅਸੀਂ ਹੋਏ ਜਿਹੜੇ ਭਰਮਾਂ 'ਚ ਪਏ ਉਨ੍ਹਾਂ ਨੂੰ ਸਿਆਣੇ ਮੰਨੀ ਜਾਨੇ ਆਂ।

**ਭਾਈ ਭਰਮਤੋੜ ਸਿੰਘ** – ਭਾਈ ਐਹੋ ਜਿਹੇ ਸਿਆਣਿਆਂ ਨੂੰ ਦਸ-ਵੀਹ ਕਮਲੇ ਥੋਡੇ ਵਰਗੇ ਰੋਜ਼ ਟੱਕਰ ਜਾਣਾ ਤਾਂ ਉਨ੍ਹਾਂ ਨੂੰ ਕੀ ਲੋੜ ਆ ਹੋਰ ਕੰਮ ਕਰਨ ਦੀ? ਤਾਈਓਂ ਤਾਂ ਜਗ੍ਹਾ-ਜਗ੍ਹਾ ਝਾੜ-ਫੂਕ ਕਰਨ ਵਾਲੇ ਡੇਰੇ ਬਣਾ ਕੇ

ਬਹਿਗੇ। ਇਹਨੂੰ ਕਹਿੰਦੇ, 'ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆਵੇ!' ਲਾਗਤ ਕੋਈ ਨਹੀਂ ਤੇ ਮੁਨਾਫ਼ਾ ਵਾਧੂ.... ਹੁਣ ਦੱਸ ਪਿਆਰਿਆ, ਮੇਰਾ ਨਾਮ ਠੀਕ ਐ ਨਾ ਭਾਈ ਭਰਮਤੋੜ ਸਿੰਘ?

**ਜਗਿਆਸੂ** – ਅੱਜ ਮੇਰੇ ਮਨ ਦਾ ਵੱਡਾ ਭਰਮ ਕੱਢ ਦਿੱਤਾ। ਤੁਸੀਂ ਸੱਚੀਂ ਧੰਨ ਹੋ– ਭਾਈ ਭਰਮਤੋੜ ਸਿੰਘ ਜੀ!!

✦✦✦✦✦

# ਵਿਚਾਰ– ਵਿਟਾਦਰਾਂ – ਦੂਜਾ

**ਜੋ ਕਮਰਿਆਂ 'ਚ ਬੰਦ ਕਰਕੇ ਜਾਂ ਕੰਨਾਂ ਵਿੱਚ ਚੋਰੀ–ਚੋਰੀ ਨਾਮ ਦਿੱਤਾ ਜਾਂਦਾ, ਇਹ ਨਾਮ ਦਾਨ ਨਹੀਂ ਸਗੋਂ ਵਿਆਪਾਰ ਹੈ....**

**ਜਗਿਆਸੂ** – ਭਾਈ ਸਾਹਿਬ ਜੀ! ਸੁਣਿਐਂ ਆਪੇ ਗੁਰੂਬਣ ਬੈਠੇ ਬਾਬਿਆਂ ਦਾ ਪ੍ਰਚਾਰ?

**ਭਾਈ ਭਰਮਤੋੜ ਸਿੰਘ** – ਰੋਜ਼, ਰੋਜ਼ ਸੁਣੀਂਦਾ, ਕੂੜ ਪ੍ਰਧਾਨ ਹੋ ਕੇ ਘੁੰਮ ਰਿਹੈ। ਕੀਹਦੀ ਕੀਹਦੀ ਗੱਲ ਕਰੀਏ?

**ਜਗਿਆਸੂ** – ਮੈਂ ਅਖੌਤੀ ਗੁਰੂ–ਡੰਮ੍ਹੀਆਂ ਦੀ ਗੱਲ ਕਰਦਾਂ!

**ਭਾਈ ਭਰਮਤੋੜ ਸਿੰਘ** – ਇਕ ਗੱਲ ਦੱਸਾਂ! ਜਿਹੜੇ ਆਪੂੰ ਗੁਰੂਬਣ ਬਣ ਬਹਿੰਦੇ ਆਂ, ਉਹ ਹੁੰਦੇ ਕੁਝ ਨਹੀਂ। ਉਨ੍ਹਾਂ ਨੂੰ ਦੱਸਣਾ ਪੈਂਦਾ ਕਿ ਅਸੀਂ ਗੁਰੂਆਂ। ਉਹੋ ਗੱਲ ਕਿ ਕੋਈ ਹਾਥੀ ਦਾ ਚਿੱਤਰ ਬਣਾ ਕੇ ਫੇਰ ਥੱਲੇ ਲਿਖੇ ਕਿ ਇਹ ਹਾਥੀ ਐ ਤਾਂ ਇਹਦਾ ਮਤਲਬ ਹੁੰਦਾ ਕਿ ਚਿੱਤਰ ਬਣਾਉਣ ਵਾਲੇ ਨੂੰ ਆਤਮ–ਵਿਸ਼ਵਾਸ ਨਹੀਂ ਹੈ, ਕਿ ਇਹ ਹਾਥੀ ਐ।ਅੱਜਕਲ੍ਹ ਸਿੱਖਾਂ ਨੂੰ ਗੁਰਮਤਿ ਤੋਂ ਤੋੜਨ ਵਾਲੇ ਬਥੇਰੇ ਪੈਦਾ ਹੋ ਰਹੇ ਆ....

**ਜਗਿਆਸੂ** – ਜੀ ਮੈਂ ਵੀ ਤਾਂ ਤੋੜਨ ਵਾਲਿਆਂ ਦੀ ਹੀ ਗੱਲ ਕਰਦਾ....

**ਭਾਈ ਭਰਮਤੋੜ ਸਿੰਘ** – ਵੇਖੋ, ਜੋ ਗੁਰਸਿੱਖ ਗੁਰਮਤਿ ਵਿਚ ਪੱਕੇ ਆ ਉਹ ਨਾ ਤਾਂ ਸ਼ਬਦ–ਗੁਰੂਦੇ ਸਿਧਾਂਤ ਤੋਂ ਟੁੱਟਣਗੇ ਤੇ ਨਾ ਹੀ ਖੰਡੇ–ਬਾਟੇ ਦੇ ਅੰਮ੍ਰਿਤ ਤੋਂ। ਉਨ੍ਹਾਂ ਗੁਰੂਗ੍ਰੰਥ ਸਾਹਿਬ ਤੇ ਪੰਥ ਨੂੰ ਹੀ ਮੰਨਣਾ। ਉਹ ਕਿਸੇ ਦੇਹਧਾਰੀ ਪਾਖੰਡੀ ਨੂੰ ਨਹੀਂ ਮੰਨਣਗੇ।

**ਜਗਿਆਸੂ** – ਪਰ ਕਈ ਸਿੱਖ ਪਰਿਵਾਰ ਝੂਠੇ ਲਾਰਿਆਂ ਪਿੱਛੇ ਲੱਗ ਕੇ ਟੁੱਟੇ ਵੀ ਤਾਂ ਫਿਰਦੇ ਆ!

**ਭਾਈ ਭਰਮਤੋੜ ਸਿੰਘ** – ਜੋ ਟੁੱਟ ਗਏ, ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਕਿ ਪੰਥਕ ਮਰਯਾਦਾ ਤੇ ਗੁਰ-ਸਿਧਾਂਤ ਤਾਂ ਇਕ ਰੁੱਖ ਦੀ ਤਰ੍ਹਾਂ ਨੇ ! ਜੋ ਸਿੱਖ ਇਸ ਨਾਲ ਜੁੜਿਆ ਰਹੇਗਾ, ਉਹ ਟਹਿਣੀਆਂ ਵਾਂਗ ਮੌਜ ਤੇ ਆਨੰਦ ਵਿਚ ਝੂਲਦਾ ਰਹੇਗਾ ਤੇ ਜੋ ਟੁੱਟ ਗਿਆ ਉਹ ਸੁੱਕੇ ਪੱਤਿਆਂ ਵਾਂਗੂੰ ਅਗਿਆਨਤਾ ਦੀਆਂ ਹਨ੍ਹੇਰੀਆਂ 'ਚ ਭਟਕਦਾ ਰਹੇਗਾ।

**ਜਗਿਆਸੂ** – ਭਾਈ ਸਾਹਿਬ ਜੀ ! ਭਟਕਦਿਆਂ ਨੂੰ ਸਮਝਾਊ ਕੌਣ?

**ਭਾਈ ਭਰਮਤੋੜ ਸਿੰਘ** – ਇਕ ਕਹਾਵਤ ਐ ਕਿ ਮੱਛੀ ਚੱਟ ਕੇ ਮੁੜਦੀ ਆ ! ਜਦੋਂ ਗੁਰਮਤਿ ਤੋਂ ਭਟਕੇ ਸਿੱਖ ਸਮਝ ਜਾਣਗੇ ਕਿ ਗੁਰੂਪਾਤਸ਼ਾਹ ਨੇ ਦਸ ਜਾਮਿਆਂ ਵਿਚ ਕੁਰਬਾਨੀਆਂ ਕਰ ਕੇ, ਘਾਲਣਾਂ ਘਾਲ ਕੇ ਜੋ ਸਿੱਖੀ ਸਰੂਪ, ਮਰਿਆਦਾ ਤੇ ਗੁਰਮਤਿ ਸਿਧਾਂਤ ਕੌਮ ਨੂੰ ਬਖਸ਼ੇ ਆ, ਉਨ੍ਹਾਂ ਤੋਂ ਵੱਡਾ ਸਿੱਖਾਂ ਨੂੰ ਹੋਰ ਕੋਈ ਸੱਚਾ ਮਾਰਗ ਨਹੀਂ ਦੱਸ ਸਕਦਾ। ਨਾਲੇ ਮਾਰਕੀਟ ਵਿਚ ਜਾਅਲੀ ਨੋਟ ਬਹੁਤਾ ਚਿਰ ਨਹੀਂ ਚੱਲਦੇ ਹੁੰਦੇ, ਛੇਤੀ ਫੜੇ ਜਾਂਦੇ ਆ ! ਦੇਹਧਾਰੀ ਗੁਰੂ-ਡੰਮ੍ਹ ਵੀ ਜਾਅਲੀ ਨੋਟਾਂ ਵਰਗਾ ਈ ਧੰਦਾ ਆ।

**ਜਗਿਆਸੂ** – ਗੱਲ ਤਾਂ ਇਹ ਆ ਕਿ ਏਥੇ ਨਕਲੀ ਨੋਟਾਂ ਵਾਂਗੂੰ ਨਕਲੀ ਗੁਰੂਜ਼ਿਆਦਾ ਚੱਲੀ ਜਾਂਦੇ ਆ।

**ਭਾਈ ਭਰਮਤੋੜ ਸਿੰਘ** – ਭਾਈ ਗੁਰਦਾਸ ਜੀ ਦੀ ਇਕ 'ਵਾਰ' ਆਉਂਦੀ ਆ ਕਿ ਇਕ ਗਿੱਦੜ ਲਲਾਰੀ ਦੇ ਮੱਟ ਵਿਚ ਡਿੱਗ ਕੇ ਰੰਗਿਆ ਗਿਆ । ਉਹ ਜੰਗਲ ਦਾ ਬਾਦਸ਼ਾਹ ਬਣ ਕੇ ਬਾਕੀ ਜਾਨਵਰਾਂ ਨੂੰ ਹੁਕਮ ਕਰਨ ਲੱਗ ਪਿਆ ਕਿ ਮੈਂ ਬਾਦਸ਼ਾਹ ਹਾਂ ! ਕੁਝ ਦਿਨ ਤਾਂ ਇਹ ਪਖੰਡ ਚੱਲੀ ਗਿਆ ਤੇ ਬਾਕੀ ਜਾਨਵਰ ਵੀ ਪੈਂਗੀ ਹੱਥ ਲਾਉਂਦੇ ਰਹੇ । ਪਰ ਇਕ ਦਿਨ ਜਦੋਂ ਹੁਆਂਕਿਆ ਤਾਂ ਫੜਿਆ ਗਿਆ ਕਿ ਇਹ ਗਿੱਦੜ ਈ ਆ !

**ਜਗਿਆਸੂ** – (ਜ਼ੋਰ ਦੀ ਹੱਸਦਾ ਹੈ)

**ਭਾਈ ਭਰਮਤੋੜ ਸਿੰਘ** – ਗੁਰੂਪਿਆਰਿਆ ! ਧੁੰਦ ਦੇ ਬੱਦਲਾਂ 'ਚੋਂ ਕਦੀ ਮੀਂਹ ਨਹੀਂ ਵਰ੍ਹਿਆ ਤੇ ਨਾਲੇ ਧੁੰਦੇ ਦੇ ਬੱਦਲਾਂ ਨੂੰ ਝੂਠਾ ਹੰਕਾਰ ਹੋ ਸਕਦਾ ਕਿ ਅਸੀਂ ਸੂਰਜ ਲੁਕੋ ਲਿਆ । ਅਖੀਰ ਗੱਲ ਉਹੋ ਹੋਣੀ ਆਂ ਜੋ ਗੁਰੂਬਾਬੇ ਨੇ ਤੱਤ ਕੱਢਿਆ :

**ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥**

**ਜਗਿਆਸੂ** – ਇਕ ਬਾਬੇ ਦੇ ਚੇਲੇ ਮੈਨੂੰ ਕਹਿੰਦੇ ਕਿ ਗੁਰੂਗ੍ਰੰਥ ਸਾਹਿਬ ਗੁਰੂ ਨਹੀਂ ਹੈ।

**ਭਾਈ ਭਰਮਤੋੜ ਸਿੰਘ** – ਭਾਈ ਜਿਨ੍ਹਾਂ ਨੂੰ ਗੁਰੂ ਤੇ ਗੁਰਬਾਣੀ ਦਾ ਗਿਆਨ ਈ ਨਹੀਂ ਉਹ ਜੋ ਮਰਜ਼ੀ ਬੋਲੀ ਜਾਣ ! ਉਨ੍ਹਾਂ ਨੂੰ ਸਮਝਾਓ ਕਿ ਸਿੱਖ ਦਾ ਗੁਰੂ ਤਾਂ 'ਸ਼ਬਦ' ਐ ! ਗੁਰੂਨਾਨਕ ਪਾਤਸ਼ਾਹ ਨੂੰ ਸਿੱਧਾਂ ਨੇ ਪੁੱਛਿਆ ਸੀ :

**ਤੇਰਾ ਕਵਣੁ ਗੁਰੂ ਜਿਸ ਦਾ ਤੂ ਚੇਲਾ ॥**

**ਤਾਂ ਗੁਰੂ ਜੀ ਨੇ ਪਤਾ ਕੀ ਉੱਤਰ ਦਿੱਤਾ?**

**ਜਗਿਆਸੂ** – ਕੀ ਉੱਤਰ ਦਿੱਤਾ?

**ਭਾਈ ਭਰਮਤੋੜ ਸਿੰਘ** – 'ਸਬਦੁ ਗੁਰੂਸੁਰਤਿ ਧੁਨਿ ਚੇਲਾ॥' ਭਾਵ ਜੇ ਇਨਸਾਨ ਦੀ ਸੁਰਤੀ ਚੇਲਾ ਬਣੇ ਤਾਂ ਸ਼ਬਦ–ਗੁਰੂਦੀ ਸਮਝ ਆਉਂਦੇ ਜਿਹੜੇ ਆਪੇ ਗੁਰੂਬਣੇ ਬੈਠੇ ਆ, ਇਹ ਸੁਰਤ ਨੂੰ ਚੇਲਾ ਨਹੀਂ ਬਣਾ ਸਕਦੇ। ਫਿਰ ਇਨ੍ਹਾਂ ਨੇ ਤਾਂ ਗੁਰੂਗ੍ਰੰਥ ਸਾਹਿਬ ਦੀ ਨਿੰਦਿਆ ਕਰਨੀ ਹੀ ਆ! ਜੇ ਇਹ ਗੁਰੂਪੁਣੇ ਦਾ ਹੰਕਾਰ ਛੱਡਣ, ਤਾਂ ਹੀ ਗੁਰਮਤਿ ਦੀ ਸੋਝੀ ਆਵੇਗੀ।

**ਜਗਿਆਸੂ** – ਵੇਖੋ ਜੀ ਗੱਲ ਤਾਂ ਤੁਹਾਡੀ ਬਿਲਕੁਲ ਠੀਕ ਆ, ਇਸ ਜ਼ਮਾਨੇ 'ਚ ਦੇਹਧਾਰੀ ਗੁਰੂ–ਡੰਮ੍ਹ ਬਹੁਤ ਚੱਲਿਆ ਤੇ ਸਾਰੇ ਇਹੋ ਕਹਿੰਦੇ ਕਿ ਬੋਲਦਾ–ਗੁਰੂਚਾਹੀਦਾ, ਅਖੇ ਗੁਰੂਗ੍ਰੰਥ ਸਾਹਿਬ ਤਾਂ ਬੋਲਦੇ ਨਹੀਂ!

**ਭਾਈ ਭਰਮਤੋੜ ਸਿੰਘ** – ਗੁਰੂਪਿਆਰਿਆ! ਜੇ ਉਲੂਨੂੰ ਦਿਨ ਵੇਲੇ ਨਹੀਂ ਦੀਂਹਦਾ ਤਾਂ ਸੂਰਜ ਦਾ ਤਾਂ ਕਸੂਰ ਨਹੀਂ ਹੈ! ਗੁਰੂਗ੍ਰੰਥ ਸਾਹਿਬ ਤਾਂ ਸਦਾ ਈ ਬੋਲਦੇ ਆ! ਅਸੀਂ ਵਿਚਾਰ ਜਾਂ ਬੋਲ ਸੁਣ ਕੇ ਹੀ ਕਿਸੇ ਮਨੁੱਖ ਤੋਂ ਪ੍ਰਭਾਵਤ ਹੁੰਦੇ ਆਂ। ਗੁਰੂਗ੍ਰੰਥ ਸਾਹਿਬ ਦੀ ਬਾਣੀ ਧਿਆਨ ਨਾਲ ਸੁਣੋ, ਪੜ੍ਹੋ, ਵਿਚਾਰੋ, ਅਮਲ ਕਰੋ ਤਾਂ ਪਖੰਡੀਆਂ ਦੇ ਪਖੰਡ ਦਾ ਵੀ ਪਰਦਾ ਫਾਸ਼ ਹੁੰਦਾ। ਇਸੇ ਲਈ ਦੇਹਧਾਰੀ ਸ਼ੈਤਾਨੀ ਨਾਲ ਕੂੜ–ਕਪਟ ਬੋਲਦੇ ਆ ਤੇ ਆਪਣੀ ਅੜੀ ਨਹੀਂ ਛੱਡਦੇ। ਦੋ ਪਾਗਲਾਂ ਦੀ ਕਹਾਣੀ ਸੁਣੀ ਆਂ?

**ਜਗਿਆਸੂ** – ਨਹੀਂ, ਉਹ ਕਿਵੇਂ?

**ਭਾਈ ਭਰਮਤੋੜ ਸਿੰਘ** – ਦੋ ਪਾਗਲਾਂ ਨੇ ਰਾਤੀਂ ਚੰਦ ਚੜ੍ਹੇ ਤੋਂ ਸ਼ਰਤ ਲਾ ਲਈ। ਉਨ੍ਹਾਂ 'ਚੋਂ ਇਕ ਕਹੇ ਕਿ ਇਹ 'ਲਾਟੂ' ਐ ਤੇ ਦੂਜਾ ਕਹਿੰਦਾ ਕਿ ਨਹੀਂ 'ਦੀਵਾ' ਐ। ਦੋਵੇਂ ਉੱਚੀ–ਉੱਚੀ ਬਹਿਸੀ ਜਾਣ ਤਾਂ ਕੋਈ ਸਿਆਣਾ ਜਾਂਦਾ ਸੀ। ਉਹ ਕਹਿੰਦਾ, "ਪਾਗਲੋ, ਨਾ ਇਹ ਲਾਟੂਐ ਤੇ ਨਾ ਦੀਵਾ, ਇਹ ਤਾਂ ਚੰਦਰਮਾ ਐ!" ਪਾਗਲ ਕਹਿੰਦੇ, "ਭਾਈ ਤੂੰ ਆਪਣੇ ਰਾਹ ਪੈ, ਅਸੀਂ ਐਨੀ ਛੇਤੀ ਹਾਰ ਮੰਨਣ ਵਾਲੇ ਨਹੀਂ ਆਂ!" ਸੋਈ ਦੇਹਧਾਰੀ ਗੁਰੂਆਂ ਦੀ ਤੇ ਉਨ੍ਹਾਂ ਦੇ ਚੇਲਿਆਂ ਦੀ ਵੀ ਇਹੋ ਰਟ ਐ ਕਿ ਅਸੀਂ ਨਹੀਂ ਮੰਨਣਾ!

**ਜਗਿਆਸੂ** – ਕਈ ਇਕ ਗੱਲ ਹੋਰ ਵੀ ਬੜੀ ਦਲੀਲ ਨਾਲ ਕਹਿੰਦੇ ਆ ਕਿ ਸਾਨੂੰ ਰੋਜ਼ ਗੁਰੂਨਾਨਕ ਦੇ ਦਰਸ਼ਨ ਹੁੰਦੇ ਆ, ਪਰ ਆਮ ਸਿੱਖਾਂ ਨੂੰ ਕਦੀ ਨਹੀਂ ਹੋਏ।

**ਭਾਈ ਭਰਮਤੋੜ ਸਿੰਘ** – (ਹੱਸਦਾ ਹੈ) ਇਹ ਤਾਂ ਦੋਵੇਂ ਆਪਾ–ਵਿਰੋਧੀ ਗੱਲਾਂ ਹਨ ਕਿ ਗੁਰੂਨਾਨਕ ਸਾਹਿਬ ਦੇ ਦਰਸ਼ਨ ਵੀ ਹੁੰਦੇ ਆ ਤੇ ਗੁਰੂ–ਬਾਣੀ ਦੇ ਖਿਲਾਫ ਕੂੜ–ਪ੍ਰਚਾਰ ਵੀ ਕਰਦੇ ਆ। ਜੀਹਨੇ ਗੁਰੂਨਾਨਕ ਸਾਹਿਬ ਦੀ ਫ਼ਿਲਾਸਫ਼ੀ ਸਮਝ ਲਈ, ਉਹ ਫਿਰ ਝੱਲ ਨਹੀਂ ਖਿਲਾਰਦਾ, ਸਗੋਂ ਗੁਰੂਦਾ ਸਿੱਖ ਬਣ ਕੇ ਰਹੇਗਾ।

**ਜਗਿਆਸੂ** – ਉਹ ਕਹਿੰਦੇ ਕਿ ਅਸੀਂ ਦਰਸ਼ਨ ਕਰਾ ਵੀ ਸਕਦੇ ਆਂ, ਜੇ ਕੋਈ ਕਰਨਾ ਚਾਹੇ ਤਾਂ....

**ਭਾਈ ਭਰਮਤੋੜ ਸਿੰਘ** – ਉਨ੍ਹਾਂ ਨੂੰ ਕਹੋ ਕਿ ਗੁਰੂਨਾਨਕ ਪਾਤਸ਼ਾਹ ਦੇ ਸਿਰਫ ਦਰਸ਼ਨ ਕਰਕੇ ਉਨ੍ਹਾਂ ਦੇ ਦੁਨਿਆਵੀ ਜੀਵਨ ਵਿਚ ਵੀ ਕੋਈ ਨਹੀਂ ਤਰਿਆ। ਜੇ ਕੋਈ ਤਰਿਆ ਤਾਂ ਉਨ੍ਹਾਂ ਦੇ ਦਰਸ਼ਨਾਂ ਦੇ ਨਾਲ ਵਿਚਾਰ, ਬਾਣੀ, ਉਪਦੇਸ਼ ਸੁਣ ਕੇ ਈ ਤਰਿਆ! ਸਾਰਾ ਇਤਿਹਾਸ ਪੜ੍ਹ ਲਓ, ਸੱਜਣ ਠੱਗ, ਕੌਡਾ ਭੀਲ, ਮੱਕੇ ਦੇ ਕਾਜ਼ੀ, ਪੰਡਤ, ਸਿੱਧ ਜੋਗੀ, ਮੁੱਲਾਂ-ਮੁਲਾਣੇ ਸਭ ਨੇ ਸੂਰਤ ਕਰਕੇ ਦੇਖ ਤਾਂ ਲਿਆ ਸੀ ਗੁਰੂਜੀ ਨੂੰ, ਕੀ ਉਹ ਗੁਰੂਜੀ ਅੱਗੇ ਝੁਕ ਗਏ ਸਨ? ਨਹੀਂ, ਸਗੋਂ ਜਦ ਉਨ੍ਹਾਂ ਗੁਰੂਜੀ ਦੀ ਬਾਣੀ, ਵਿਚਾਰਾਂ ਸੁਣੀਆਂ ਤੇ ਗੋਸ਼ਟਾਂ ਕੀਤੀਆਂ, ਫਿਰ ਸਮਝੇ ਤੇ ਸਿੱਧੇ ਰਾਹ ਪਏ। ਨਾਲੇ ਗੁਰੂਨਾਨਕ ਪਾਤਸ਼ਾਹ ਤਾਂ ਰੋਜ਼ ਉਪਦੇਸ਼ ਦਿੰਦੇ ਹਨ! ਕੋਈ ਸੁਣੇ ਤਾਂ ਸਹੀ!

**ਜਗਿਆਸੂ** – ਮੈਂ ਸਮਝਿਆ ਨਹੀਂ ਭਾਈ ਸਾਹਿਬ ਜੀ!

**ਭਾਈ ਭਰਮਤੋੜ ਸਿੰਘ** – ਜਦੋਂ ਅੰਮ੍ਰਿਤ ਵੇਲੇ ਇਲਾਹੀ ਬਾਣੀ ਗੁਰਦੁਆਰਾ ਸਾਹਿਬ ਪੜ੍ਹੀਦੀ ਐ ਜਾਂ ਕੋਈ ਗੁਰਸਿੱਖ ਨਿਤਨੇਮ ਕਰਦਾ ਤਾਂ ਜਪੁ ਜੀ ਸਾਹਿਬ ਦੀ ਬਾਣੀ ਵਿਚ ਜਾਂ ਬਾਕੀ ਬਾਣੀਆਂ ਵਿਚ ਗੁਰੂਪਾਤਸ਼ਾਹ ਈ ਤਾਂ ਉਪਦੇਸ਼ ਦਿੰਦੇ ਆ! ਪੜ੍ਹ ਕੇ ਸੁਣਾਉਣ ਵਾਲਾ ਤਾਂ ਕੋਈ ਵੀ ਹੋ ਸਕਦਾ। ਨਾਲੇ ਤੈਨੂੰ ਇਕ ਪਤੇ (ਰਾਜ਼ ਦੀ ਗੱਲ ਦੱਸਾਂ?

**ਜਗਿਆਸੂ** – ਹਾਂ, ਦੱਸੋ ਜੀ।

**ਭਾਈ ਭਰਮਤੋੜ ਸਿੰਘ** – ਸਾਰੇ ਸਾਧੂ-ਸੰਤਾਂ ਨੂੰ ਗੁਰੂਨਾਨਕ ਪਾਤਸ਼ਾਹ ਤੇ ਮਾਲਾ ਫੇਰਦਿਆਂ ਦੇ ਈ ਦਰਸ਼ਨ ਹੁੰਦੇ ਆ ਜਦੋਂ ਕਿ ਗੁਰੂਜੀ ਨੇ ਤਾਂ ਜ਼ਿੰਦਗੀ ਦੇ ਅੰਤਲੇ ਕਈ ਸਾਲ ਕਰਤਾਰਪੁਰ ਵਿਖੇ ਹੱਥੀਂ ਖੇਤੀ ਵੀ ਕੀਤੀ ਤੇ ਹਲ ਵੀ ਵਾਹਿਆ। ਗੁਰੂਜੀ ਦੇ ਕਿਰਤ ਕਰਦਿਆਂ ਦੇ ਦਰਸ਼ਨ ਕਿਸੇ ਸਾਧੂਮਹਾਤਮਾ ਨੂੰ ਨਹੀਂ ਹੁੰਦੇ! ਪਤਾ ਕਿਉਂ?

**ਜਗਿਆਸੂ** – ਹਾਂ, ਦੱਸੋ ਜੀ।

**ਭਾਈ ਭਰਮਤੋੜ ਸਿੰਘ** – ਸਾਰੇ ਸਾਧੂ-ਸੰਤਾਂ ਨੂੰ ਗੁਰੂਨਾਨਕ ਪਾਤਸ਼ਾਹ ਦੇ ਮਾਲਾ ਫੇਰਦਿਆਂ ਦੇ ਈ ਦਰਸ਼ਨ ਹੁੰਦੇ ਆ ਜਦੋਂ ਕਿ ਗੁਰੂਜੀ ਨੇ ਤਾਂ ਜ਼ਿੰਦਗੀ ਦੇ ਅੰਤਲੇ ਕਈ ਸਾਲ ਕਰਤਾਰਪੁਰ ਵਿਖੇ ਹੱਥੀਂ ਖੇਤੀ ਵੀ ਕੀਤੀ ਤੇ ਹਲ ਵੀ ਵਾਹਿਆ। ਗੁਰੂਜੀ ਦੇ ਕਿਰਤ ਕਰਦਿਆਂ ਦੇ ਦਰਸ਼ਨ ਕਿਸੇ ਸਾਧੂਮਹਾਤਮਾ ਨੂੰ ਨਹੀਂ ਹੁੰਦੇ! ਪਤਾ ਕਿਉਂ?

**ਜਗਿਆਸੂ** – ਕਿਉਂ ਭਲਾ?

**ਭਾਈ ਭਰਮਤੋੜ ਸਿੰਘ** – ਕਿਉਂਕਿ ਇਹ ਬਹੁਤੇ ਆਪ ਵਿਹਲੜ ਲੋਕ ਆ, ਦੂਜਿਆਂ ਦੀ ਕਿਰਤ ਤੇ ਐਸ਼ ਕਰਨ ਵਾਲੇ। ਕੌਣ ਐ ਇਨ੍ਹਾਂ 'ਚੋਂ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦੇ ਸਿਧਾਂਤਾਂ 'ਤੇ ਪਹਿਰਾ ਦੇਣ ਵਾਲਾ? ਕੀ ਗੁਰੂਨਾਨਕ ਪਾਤਸ਼ਾਹ ਏਅਰ ਕੰਡੀਸ਼ਨ ਕਾਰਾਂ 'ਤੇ ਪ੍ਰਚਾਰ ਕਰਦੇ ਸੀ? ਕੀ ਉਨ੍ਹਾਂ ਆਪਣੇ ਨਾਲ ਕੋਈ ਬੰਦੂਕਾਂ ਵਾਲੇ ਰੱਖੇ ਸਨ? ਫਰਕ ਪਤਾ ਕੀ ਐ?

**ਜਗਿਆਸੂ** – ਹਾਂ ਕੀ ਭਲਾ?

**ਭਾਈ ਭਰਮਤੋੜ ਸਿੰਘ** – ਗੁਰੂਨਾਨਕ ਪਾਤਸ਼ਾਹ ਤਾਂ ਕੁਰਾਹੇ ਪਿਆਂ ਨੂੰ ਸਿੱਧੇ ਸਰਲ ਰਾਹ ਪਾਉਂਦੇ ਸਨ ਪਰ ਹੁਣ ਇਨ੍ਹਾਂ ਦੰਭੀ ਗੁਰੂਆਂ ਵੱਲੋਂ ਗੁਰਮਤਿ ਤੋਂ ਤੋੜ ਕੇ ਰਾਹੇ ਪਿਆਂ ਨੂੰ ਕੁਰਾਹੇ ਪਾਇਆ ਜਾ ਰਿਹੈ। ਮੈਂ ਇਹ ਕਹਿ ਸਕਦਾਂ ਕਿ ਐਸੇ ਲੋਕਾਂ ਦੇ ਪਿੱਛੇ ਲੱਗਣ ਵਾਲਾ ਗੁਰੂਦਾ ਸਿੱਖ ਨਹੀਂ ਹੋ ਸਕਦਾ। ਹੋਰ ਲੇਬਲ ਜੋ ਮਰਜ਼ੀ ਲਾ ਲਵੇ।

**ਜਗਿਆਸੂ** – ਭਾਈ ਸਾਹਿਬ ਜੀ, ਉਹ ਕਹਿੰਦੇ ਆ ਕਿ ਸਿੱਖਾਂ ਨੂੰ ਤਾਂ ਨਾਮ ਦਾ ਈ ਨਹੀਂ ਪਤਾ! ਜੋ ਸਾਡੇ ਬਾਬੇ ਦਿੰਦੇ ਆ ਉਹ ਹੀ ਨਾਮ ਐਂ 'ਤੇ ਬਾਕੀ ਸਭ ਪਖੰਡ ਐ!

**ਭਾਈ ਭਰਮਤੋੜ ਸਿੰਘ** – ਉਨ੍ਹਾਂ ਨੂੰ ਪਿਆਰ ਨਾਲ ਕਹੋ ਕਿ ਸਗੋਂ ਬਾਕੀ ਸਭ ਠੀਕ ਹੈ ਤੇ ਜੋ ਤੁਹਾਡੇ ਬਾਬੇ ਦਿੰਦੇ ਆ, ਸਿਰਫ ਉਹੀ ਪਖੰਡ ਐ, ਕਿਉਂਕਿ ਬਾਣੀ 'ਚ ਤਾਂ ਫ਼ਰਮਾਇਆ :

**ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥**

**ਨਾਲੇ ਦੱਸ ਭਲਾ ਕਿ ਦਾਨ ਦਾ ਕੀ ਅਰਥ ਹੁੰਦਾ?**

**ਜਗਿਆਸੂ** – ਤੁਸੀਂ ਹੀ ਦੱਸੋ ਜੀ।

**ਭਾਈ ਭਰਮਤੋੜ ਸਿੰਘ** – ਦਾਨ ਦਾ ਮਤਲਬ ਕਿ ਜੋ ਤੁਹਾਡੇ ਪਾਸ ਹੈ ਉਹ ਦਾਨ ਕਰ ਦਿਓ, ਵੰਡ ਦਿਓ ਤਾਂ ਜੋ ਕਿਸੇ ਦਾ ਭਲਾ ਹੋ ਜਾਏ! ਜੋ ਕਮਰਿਆਂ 'ਚ ਬੰਦ ਕਰਕੇ ਜਾਂ ਕੰਨਾਂ ਵਿਚ ਚੋਰੀ-ਚੋਰੀ ਨਾਮ ਦਿੱਤਾ ਜਾਂਦਾ ਇਹ ਨਾਮ ਦਾਨ ਨਹੀਂ ਸਗੋਂ ਵਪਾਰ ਐ, ਦੁਕਾਨਦਾਰੀ ਐ! ਇਹ ਸਮਝ ਲਓ ਕਿ ਦੁਕਾਨਦਾਰੀ ਤੇ ਵਪਾਰ ਦੇ ਖੇਤਰ ਵਿਚ ਕਿਸੇ ਨੂੰ ਕੋਈ ਅਕਲ ਨਹੀਂ ਦਿੰਦਾ ਹੁੰਦਾ ਸਗੋਂ ਗਾਹਕ ਨੂੰ ਬੁੱਧੂਬਣਾ ਕੇ ਲੁੱਟਿਆ ਹੀ ਜਾਂਦਾ! ਤੇ ਇਹ ਸਭ ਕੁਝ ਸ਼ਰ੍ਹੇਆਮ ਹੋ ਰਿਹਾ।

**ਜਗਿਆਸੂ** – ਗੱਲਾਂ ਤਾਂ ਭਾਈ ਸਾਹਿਬ ਜੀ ਬਹੁਤ ਹੋ ਗਈਆਂ, ਹੁਣ ਤੁਸੀਂ ਮੇਰੇ ਮਨ ਦਾ ਭਰਮ ਤੋੜੋ ਨਾ!

**ਭਾਈ ਭਰਮਤੋੜ ਸਿੰਘ** – ਦੱਸ ਕੀ ਰਹਿ ਗਿਆ ਤੇਰੇ ਮਨ ਦਾ ਭਰਮ?

**ਜਗਿਆਸੂ** – ਏਹੋ ਹੀ ਪਈ ਮੈਨੂੰ ਦੱਸ ਤਾਂ ਦਿਓ ਕਿ ਸਾਰੇ ਕੀ-ਕੀ ਨਾਮ-ਦਾਨ ਦਿੰਦੇ ਆ?

**ਭਾਈ ਭਰਮਤੋੜ ਸਿੰਘ** – ਨਾ ਤੂੰ ਵੀ ਹੁਣ ਕੋਈ ਨਵੀਂ ਦੁਕਾਨ ਚਲਾਉਣੀ ਆਂ?

**ਜਗਿਆਸੂ** – ਨਹੀਂ ਭਾਈਂ ਸਾਹਿਬ! ਜਦੋਂ ਅਸਲੀਅਤ ਦਾ ਪਤਾ ਲੱਗ ਗਿਆ ਤਾਂ ਮੈਂ ਵੀ ਕਿਸੇ ਨੂੰ ਅੱਗੋਂ ਸਿੱਧੇ ਰਾਹ ਪਾ ਦੇਊਂ ਕਿ ਗੁਰੂਗ੍ਰੰਥ ਸਾਹਿਬ ਤੋਂ ਵੱਡਾ ਕੋਈ ਗੁਰੂਨਹੀਂ ਐਂ, ਪਈ ਗੁਰੂਸਾਹਿਬਾਂ ਤੋਂ ਵੱਡੀ ਕੋਈ ਸਿੱਖਿਆ ਨਹੀਂ ਦੇ ਸਕਦਾ ਤੇ ਗੁਰਬਾਣੀ ਤੋਂ ਵਧ ਕੇ ਕੋਈ ਨਾਮ ਨਹੀਂ ਹੈ।

**ਭਾਈ ਭਰਮਤੋੜ ਸਿੰਘ** – ਪਹਿਲਾਂ ਦੱਸੋ ਕਿ 'ਬਿਆਸਾ ਵਾਲੇ' ਰਾਧਾ ਸੁਆਮੀ ਕਿਹੜਾ 'ਨਾਮ-ਦਾਨ' ਦਿੰਦੇ ਆ?

**ਜਗਿਆਸੂ** – ਜੇ ਐਸਾ ਕੰਮ ਕਰੇਂਗਾ ਤਾਂ ਆਪਾਂ ਤੈਨੂੰ ਸਾਰੇ ਈ ਦੱਸ ਦਿੰਦੇ ਆਂ!

**ਭਾਈ ਭਰਮਤੋੜ ਸਿੰਘ** – ਉਹ ਦਿੰਦੇ ਆ ਪੰਜ ਅੱਖਰ : "ਓਅੰਕਾਰ, ਰਰੰਕਾਰ, ਜੋਤਿ ਨਿਰੰਜਨ, ਸੋਹੰ ਤੇ ਸਤਿਨਾਮੁ।"

**ਜਗਿਆਸੂ** – ਇਹਦੇ ਵਿਚ ਕਿਹੜੀ ਗੱਲ ਆ ਲੁਕੋਣ ਵਾਲੀ ਕਿ ਅੱਗੇ ਨਹੀਂ ਦੱਸਣਾ?

**ਭਾਈ ਭਰਮਤੋੜ ਸਿੰਘ** – ਬਈ ਲੁਕੋ ਕੇ ਰੱਖਿਆਂ ਭਰਮ ਬਣਿਆ ਰਹਿੰਦਾ ਤੇ ਦੁਨੀਆਂ ਪਿੱਛੇ ਜ਼ਿਆਦਾ ਲੱਗਦੀ ਆ!

**ਜਗਿਆਸੂ** – ਤੇ ਉਹ 'ਸਰਸਾ ਵਾਲੇ' ਕਿਹੜਾ ਨਾਮ ਦਿੰਦੇ ਆ?

**ਭਾਈ ਭਰਮਤੋੜ ਸਿੰਘ** – ਉਹ ਵੀ ਪਹਿਲਾਂ ਪੰਜ ਅੱਖਰ ਦਿੰਦੇ ਸੀ, "ਸਤ ਪੁਰਖ, ਨਿਰੰਕਾਰ, ਅਕਾਲ ਮੂਰਤ, ਅਬਿਨਾਸ਼ੀ, ਸ਼ਬਦ ਸਰੂਪੀ ਰਾਮ।" ਹੁਣ 'ਨਿਰੰਕਾਰ' ਅਤੇ 'ਅਬਿਨਾਸ਼ੀ' ਦੇ ਦੋ ਸ਼ਬਦ ਕੱਟ ਦਿੱਤੇ ਨੇ ਬਾਕੀ ਤਿੰਨਾਂ ਦਾ ਜਾਪ ਹੀ ਕਰਾਉਂਦੇ ਆ!

**ਜਗਿਆਸੂ** – ਫਿਰ ਇਹ ਤਾਂ ਕੋਈ ਵੱਡੀ ਗੱਲ ਨਹੀਂ ਏ!

**ਭਾਈ ਭਰਮਤੋੜ ਸਿੰਘ** – ਭਾਈ ਵੱਡੀ ਤਾਂ ਕੋਈ ਨਹੀਂ ਪਰ ਲੋਕਾਂ ਨੂੰ ਪਿੱਛੇ ਲਾਉਣ ਦਾ ਢੰਗ ਜ਼ਰੂਰ ਐ। ਸ਼ਬਦ ਸਾਰੇ ਗੁਰਬਾਣੀ ਵਿਚੋਂ ਈ ਵਰਤਦੇ ਆ, ਪਰ ਮਸ਼ਹੂਰੀ ਆਪਣੀ ਕਰਾਉਂਦੇ ਆ!

**ਜਗਿਆਸੂ** – ਇਕ ਜੀ ਆਹ 'ਨੂਰਮਹਿਲ' ਵਾਲੇ ਵੀ ਹੈਗੇ ਆ, ਭਲਾ ਇਹ ਕੀ ਨਾਮ ਦਿੰਦੇ ਆ?

**ਭਾਈ ਭਰਮਤੋੜ ਸਿੰਘ** – ਉਹ ਪਿਆਰਿਆ 'ਸੋਹੰ' ਦਾ ਨਾਮ ਜਪਾਉਂਦੇ ਆ।

**ਜਗਿਆਸੂ** – ਹੁਣ ਇਕ ਇਹ ਵੀ 'ਸੋਹੰ' ਦਾ ਨਾਮ ਜਪਾਉਂਦੇ ਆ।

**ਭਾਈ ਭਰਮਤੋੜ ਸਿੰਘ** – ਹੁਣ ਇਕ ਇਹ ਵੀ ਸ਼ੰਕਾ ਕੱਢ ਦਿਓ ਕਿ ਕਈ ਕਹਿੰਦੇ, ਜੇ ਨਾਮ-ਦਾਨ ਅੱਗੇ ਦੱਸ ਦਈਏ ਤਾਂ ਪਾਪ ਵੀ ਬਹੁਤ ਲੱਗਦੈ....

**ਜਗਿਆਸੂ** – (ਹੱਸਦਾ ਹੈ) ਭਲਿਆ ਲੋਕਾ! ਪਾਪ ਹੁੰਦਾ ਜੇ ਕਿਸੇ ਦਾ ਬੁਰਾ ਕਰੋ ਤਾਂ, ਜੇ ਇਹ ਨਾਮ-ਦਾਨ ਐਂ ਤਾਂ ਅੱਗੇ ਦੱਸਣ ਨਾਲ ਪਾਪ ਕਿਵੇਂ ਲੱਗ ਜਾਊ? ਜੇ ਦਾਨ ਕਰਕੇ ਜਾਂ ਭਲਾ ਕਰਕੇ ਵੀ ਪਾਪ ਲੱਗਦਾ ਤਾਂ ਪੁੰਨ ਕੀਹਨੂੰ ਆਖੋਗੇ? ਦਰਅਸਲ ਕੰਨਾਂ ਵਿਚ ਫੂਕਾਂ ਮਾਰਨੀਆਂ ਨਾਮ-ਦਾਨ ਨਹੀਂ, ਇਹ ਪਖੰਡ-ਦਾਨ ਏਂ ਤੇ ਪਖੰਡ ਹਮੇਸ਼ਾ ਲੁਕੋਈ ਰੱਖੋ ਤਾਂ ਈ ਚੱਲਦਾ! ਜੇ ਨਸ਼ਰ ਹੋ ਜਾਏ ਤਾਂ ਭਾਂਡਾ ਫੁੱਟ ਜਾਂਦਾ। ਮੈਂ ਤਾਂ ਭਟਕੇ ਹੋਏ ਸਿੱਖ ਪਰਿਵਾਰਾਂ ਨੂੰ ਏਹੋ ਕਹਾਂਗਾ ਕਿ ਗੁਰਬਾਣੀ ਪੜ੍ਹੋ, ਸੁਣੋ, ਵਿਚਾਰੋ ਤੇ ਅਮਲ ਕਰੋ! ਹੋਰ ਕਿਤੇ ਭਟਕਣ ਦੀ ਲੋੜ ਨਹੀਂ ਐਂ। ਬਾਕੀ ਸਭ ਭਰਮ ਈ ਐਂ। ਕਿਉਂ ਭਾਈ ਅਜੇ ਵੀ ਤੇਰਾ ਭਰਮ ਟੁੱਟਾ ਕਿ ਨਹੀਂ।

ਭਾਈ ਭਰਮਤੋੜ ਸਿੰਘ – ਮੈਂ ਕਿਹਾ ਭਾਈ ਸਾਹਿਬ ਜੀ ਹੁਣ ਤਾਂ ਕਮਾਲ ਈ ਹੋ ਗਈ ! ਅੱਜ ਤਾਂ ਬੜਾ ਵੱਡਾ ਭਰਮ ਸਦਾ ਲਈ ਟੁੱਟ ਗਿਆ ! ਤੁਸੀਂ ਧੰਨ ਹੋ–ਭਾਈ ਭਰਮਤੋੜ ਸਿੰਘ ਜੀ ... !!

✦✦✦✦✦

# ਵਿਚਾਰ– ਵਿਟਾਦਰਾਂ – ਤੀਜਾ

## ਗੁਰਮਤਿ ਅਨੁਸਾਰ ਤਾਂ ਕਬਰਾਂ–ਮੜ੍ਹੀਆਂ ਪੂਜਣ ਦੀ ਬਿਲਕੁਲ ਈ ਮਨਾਹੀ ਐ।

**ਜਗਿਆਸੂ** – ਭਾਈ ਸਾਹਿਬ ਜੀ ! ਅੱਜ ਤਾਂ ਆਪਣੇ ਗੁਆਂਢ ਬਾਬਾ ਤੁੱਕੇ ਸ਼ਾਹ ਦਾ ਮੇਲਾ ਲੱਗਿਐ, ਤੁਸੀਂ ਨਹੀਂ ਵੇਖਣਾ?

**ਭਾਈ ਭਰਮਤੋੜ ਸਿੰਘ** – ਆਹੋ ਬਈ, ਪੰਜਾਬ ਵਿਚ ਅੱਜਕਲ੍ਹ ਬਥੇਰੇ ਏਹੋ ਜਿਹੇ ਮੇਲੇ ਲੱਗ ਰਹੇ ਆ, ਤੁੱਕੇ ਸ਼ਾਹ, ਲੱਖੀ ਸ਼ਾਹ, ਕਟੋਰਾ ਸ਼ਾਹ, ਘੋੜਾ ਸ਼ਾਹ ਤੇ ਹੋਰ ਪਤਾ ਨਹੀਂ ਕਿੰਨੇ ਸ਼ਾਹ ....

**ਜਗਿਆਸੂ** – ਫੇਰ ਵੀ ਕੋਈ ਸ਼ਕਤੀ ਵਾਲੀ ਜਗ੍ਹਾ ਹੋਊਗੀ ਨਾ .... !

**ਭਾਈ ਭਰਮਤੋੜ ਸਿੰਘ** – ਬਿਲਕੁਲ ਠੀਕ, ਊਂ ਤਾਂ ਉਥੇ ਐਵੀਂ ਗਾਉਣ ਵਾਲੀ ਦਾ ਅਖਾੜਾ ਲੱਗ ਈ ਨਹੀਂ ਸਕਦਾ !

**ਜਗਿਆਸੂ** – ਤੁਸੀਂ ਜਾਪਦੈ ਮਖੌਲ ਕਰ ਰਹੇ ਓ?

**ਭਾਈ ਭਰਮਤੋੜ ਸਿੰਘ** – ਮੈਂ ਮਖੌਲ ਕਰ ਲਿਆ ਤਾਂ ਫੇਰ ਕੀ ਆ? ਤੁੱਕੇ ਸ਼ਾਹ ਵੀ ਤਾਂ ਲੋਕਾਂ ਦੀ ਅਕਲ ਦਾ ਮਖੌਲ ਈ ਉਡਾਉਂਦਾ ਰਿਹਾ !

**ਜਗਿਆਸੂ** – ਤੁਹਾਨੂੰ ਪਤਾ ਬਾਬਾ ਜੀ ਬਾਰੇ?

**ਭਾਈ ਭਰਮਤੋੜ ਸਿੰਘ** – ਦੇਖ ਪਿਆਰਿਆ ! ਬਹੁਤ ਸਾਰੀਆਂ ਐਸੀਆਂ ਥਾਵਾਂ ਬਾਰੇ ਕਿਸੇ ਨੂੰ ਕੋਈ ਨਹੀਂ ਪਤਾ। ਐਵੇਂ ਢੰਗੋਵੇੜਾ ਈ ਆ, ਮੇਲਾ ਲਾਉਣ ਵਾਲੇ ਦਾ ਤੇ ਨਾਲੇ ਬਾਬੇ ਦਾ ਅਰਥ ਹੁੰਦਾ ਸਿਆਣਾ, ਬਜ਼ੁਰਗ ਲੋਕਾਂ ਨੂੰ ਸਿੱਧੇ ਰਾਹ ਪਾਉਣ ਵਾਲਾ। ਭਾਈ ਜਿਹੜੇ ਸਾਰੀ ਉਮਰ ਲੋਕਾਂ ਨੂੰ ਪੁੱਠੇ ਰਾਹਾਂ 'ਤੇ ਭਜਾਈ ਫਿਰਦੇ ਰਹੇ ਤੇ ਮਰ ਕੇ ਵੀ ਪਾਈ ਫਿਰਦੇ ਆ, ਉਨ੍ਹਾਂ ਨੂੰ ਬਾਬਾ ਕਹਿਣਾ ਵੀ ਠੀਕ ਨਹੀਂ ਐਂ।

**ਜਗਿਆਸੂ** – ਇਹ ਮਹਾਂਪੁਰਸ਼ ਤਾਂ ਕਹਿੰਦੇ ਵੰਡ ਤੋਂ ਵੀ ਪਹਿਲਾਂ ਹੋਏ ਆ?

**ਭਾਈ ਭਰਮਤੋੜ ਸਿੰਘ** – ਆਹੋ, ਮੇਰੇ ਦਾਦਾ ਜੀ ਸੁਣਾਉਂਦੇ ਹੁੰਦੇ ਸੀ ਕਿ ਇਹ ਤਾਂ ਜਟ-ਬੂਟ ਜਿਹਾ ਬੰਦਾ ਸੀ ਪਰ ਹੈ ਸ਼ੈਤਾਨ ਸੀ। ਇਹਨੇ ਕਮਾਈ ਦਾ ਸੌਖਾ ਰਾਹ ਲੱਭ ਲਿਆ। ਨਾਂ ਵੀ ਇਹਦਾ ਨਰੈਣ ਸਿੰਘ ਸੀ।

**ਜਗਿਆਸੂ** – ਫੇਰ ਬਾਬਾ ਤੁੱਕੇ ਸ਼ਾਹ ਕਿਵੇਂ ਮਸ਼ਹੂਰ ਹੋ ਗਿਆ?

**ਭਾਈ ਭਰਮਤੋੜ ਸਿੰਘ** – ਕਿਉਂਕਿ ਇਹਨੇ ਭਰਮ ਪਾਇਆ ਸੀ ਕਿ ਮੇਰੇ ਕੋਲ ਦੈਵੀ ਸ਼ਕਤੀ ਹੈ। ਜਦੋਂ ਕਿਸੇ ਵਹਿਮੀ ਸ਼ਰਧਾਲੂ ਨੇ ਆਉਣਾ ਤਾਂ ਏਹਨੇ ਕੋਈ ਅਟਕਲ-ਪੰਚੂ, ਜਾਣੀ ਕਿ ਤੁੱਕਾ ਜਿਹਾ ਲਾ ਦੇਣਾ। ਪੰਜਾਬੀ ਦੀ ਕਹਾਵਤ ਹੈ 'ਚੱਲ ਗਿਆ ਤਾਂ ਤੀਰ ਨਹੀਂ ਤੇ ਤੁੱਕਾ ਈ ਸਹੀ।' ਇਹਦਾ ਤੁੱਕਾ ਕਦੀ ਕਦਾਈਂ ਤੀਰ ਵਾਂਗੂੰ ਚੱਲ ਜਾਂਦਾ ਸੀ। ਇਸ ਲਈ ਲੋਕਾਂ ਨੇ ਇਹਦਾ ਨਾਂ ਬਾਬਾ ਤੁੱਕੇ ਸ਼ਾਹ ਰੱਖ 'ਤਾ।

**ਜਗਿਆਸੂ** – ਇਹਦਾ ਮਤਲਬ ਜੇ ਤੁੱਕੇ ਸ਼ਾਹ ਦਾ ਤੁੱਕਾ ਕਦੀ-ਕਦਾਈਂ ਚੱਲਦਾ ਸੀ ਤਾਂ ਫਿਰ ਕੋਈ ਨਾ ਕੋਈ ਸ਼ਕਤੀ ਸੀਗੀ ਫਿਰ?

**ਭਾਈ ਭਰਮਤੋੜ ਸਿੰਘ** – ਸ਼ਕਤੀ ਸ਼ੁਕਤੀ ਕੋਈ ਨਹੀਂ ਸੀ, ਐਧਰ ਆ, ਤੈਨੂੰ ਜਾਦੂ-ਟੂਣੇ ਵਾਲਿਆਂ ਦੀ ਸ਼ਕਤੀ ਦਾ ਫਾਰਮੂਲਾ ਸਮਝਾਵਾਂ.....

**ਜਗਿਆਸੂ** – ਇਹਦਾ ਮਤਲਬ ਤੁਹਾਨੂੰ ਕਰਾਮਾਤ ਦਾ ਫਾਰਮੂਲਾ ਆਉਂਦੈ?

**ਭਾਈ ਭਰਮਤੋੜ ਸਿੰਘ** – ਕਰਾਮਾਤ ਕੋਈ ਨਹੀਂ, ਕਹਿੰਦੇ ਨੇ ਸਿਆਣਿਆਂ ਦਾ ਅਭਿਆਸ, ਮੂਰਖਾਂ ਦੀ ਕਰਾਮਾਤ ਹੁੰਦੀ ਆ ਤੇ ਨਾਲੇ ਹਿੰਦੁਸਤਾਨ ਦੇ ਬਹੁਗਿਣਤੀ ਲੋਕ ਏਹੋ ਜਿਹੀਆਂ ਗੱਲਾਂ 'ਚ ਊਂ ਈ ਸ਼ੁਦਾਈ ਹੋ ਜਾਂਦੇ ਆ। ਲੈ ਸੁਣ ਤੁੱਕਿਆਂ ਦਾ ਫਾਰਮੂਲਾ......

**ਜਗਿਆਸੂ** – ਹਾਂ ਜੀ, ਸੁਣਾਓ!

**ਭਾਈ ਭਰਮਤੋੜ ਸਿੰਘ** – ਮੰਨ ਲਓ ਕਿ ਤੁੱਕੇ ਸ਼ਾਹ ਪਾਸ ਦਸ ਪਰਵਾਰ ਆਏ ਕਿ ਸਾਡੇ ਕੁੜੀਆਂ ਈਂ ਹੁੰਦੀਆਂ, ਮੁੰਡਾ ਨਹੀਂ ਹੁੰਦਾ। ਹੁਣ ਸਾਈਂ ਤੁੱਕੇ ਸ਼ਾਹ ਨੇ ਸੁਆਹ ਤੇ ਕਾਲਾ ਧਾਗਾ ਰੱਖ ਵਜੋਂ ਦੇ ਦੇਣਾ ਕਿ ਸੁਆਹ ਦੀ ਚੂੰਢੀ ਤਾਂ ਰੋਜ ਗਾਂ ਦੇ ਦੁੱਧ 'ਚ ਘੋਲ ਕੇ ਪੀ ਲੈਣੀ ਆਂ ਤੇ ਕਾਲਾ ਧਾਗਾ ਬਾਂਹ 'ਤੇ ਬੰਨ੍ਹਣਾ। ਜੂਠੇ-ਮਿੱਠੇ ਹੱਥ ਨਹੀਂ ਲੱਗਣ ਦੇਣੇ ਤੇ ਜਦੋਂ ਮੁੰਡਾ ਹੋ ਗਿਆ ਤਾਂ ਭੰਡਾਰਾ ਜ਼ਰੂਰ ਕਰਨਾ....

**ਜਗਿਆਸੂ** – ਫੇਰ.....?

**ਭਾਈ ਭਰਮਤੋੜ ਸਿੰਘ** – ਫੇਰ ਭਾਈ ਕੁਦਰਤੀ ਨਿਯਮ ਮੁਤਾਬਕ ਪੰਜ ਨਹੀਂ ਤਾਂ ਘੱਟੋ-ਘੱਟ ਚਾਰਾਂ ਦੇ ਮੁੰਡਾ ਹੋ ਈ ਜਾਊ ਤਾਂ ਉਨ੍ਹਾਂ ਪਰਵਾਰਾਂ ਨੇ ਭੰਡਾਰਾ ਵੀ ਕਰਨਾ ਤੇ ਬਾਬੇ ਦਾ ਪ੍ਰਚਾਰ ਵੀ।

**ਜਗਿਆਸੂ** – ਤੇ ਬਾਕੀ ਛੇ ਕੀ ਕਰਨਗੇ?

**ਭਾਈ ਭਰਮਤੋੜ ਸਿੰਘ** – ਉਨ੍ਹਾਂ ਆਪਣਾ ਕਸੂਰ ਕੱਢ ਲੈਣਾ ਕਿ ਜਾਂ ਤਾਂ ਮੰਨਤ ਵਿਚ ਕੋਈ ਕਮੀ ਰਹਿ ਗਈ ਤੇ ਜਾਂ ਬਾਬੇ ਦੀ ਰੱਖ ਨੂੰ ਜੂਠੇ ਮਿੱਠੇ ਹੱਥ ਲੱਗ ਗਏ ਹੋਣਗੇ! ਪਰ ਮੁੰਡੇ ਵਾਲਿਆਂ ਦੀ ਖੁਸ਼ੀ ਦਾ ਭੰਡਾਰਾ ਤੇ ਪ੍ਰਚਾਰ ਸੁਣ ਕੇ ਅੱਗੋਂ ਤੁੱਕੇ ਸ਼ਾਹ ਦੇ ਪੰਜਾਹ ਗਾਹਕ ਹੋਰ ਬਣ ਜਾਣੇ ਆਂ। ਇਸ ਤਰ੍ਹਾਂ ਸੌ ਪਿੱਛੇ ਤੀਹ-ਚਾਲ੍ਹੀ ਕੇਸਾਂ 'ਚ ਵੀ ਤੁੱਕੇ ਸ਼ਾਹ ਦਾ ਤੁੱਕਾ ਲੱਗ ਗਿਆ ਤਾਂ ਉਹ ਭੁੱਖਾ ਨਹੀਂ ਮਰਦਾ। ਮੈਨੂੰ ਤਾਂ ਏਹੋ ਈ ਗੱਲ ਬਹੁਤੀਆਂ ਥਾਵਾਂ 'ਤੇ ਕਿੱਲੇ, ਰੱਸੇ ਤੇ ਖੀਰ ਚੜ੍ਹਾਉਣ ਦੀ ਲਗਦੀ ਐ।

**ਜਗਿਆਸੂ** – ਉਹ ਕਿਵੇਂ?

**ਭਾਈ ਭਰਮਤੋੜ ਸਿੰਘ** – ਮੰਨ ਲਓ ਕਿ ਸੌ ਪਰਵਾਰਾਂ ਨੇ ਸੁੱਖਿਆ ਕਿ ਮੱਝਾਂ ਕੱਟੀਆਂ ਈ ਦੇਣ ਤਾਂ ਕੁਦਰਤੀ ਨਿਯਮ ਅਨੁਸਾਰ ਅੱਧੀਆਂ ਨਹੀਂ ਤਾਂ ਤੀਹਾਂ-ਚਾਲੀਆਂ ਦੀਆਂ ਮੱਝਾਂ ਨੇ ਈ ਦਿਤਿਆਂ ਦੇ 'ਤੀਆਂ ਤਾਂ ਕਿੱਲਿਆਂ, ਰੱਸਿਆਂ ਤੇ ਖੀਰ ਦਾ ਚੜ੍ਹਾਵਾ ਦੇਖ ਕੇ ਅੱਗੋਂ ਦੋ ਸੌ ਪਰਵਾਰਾਂ ਦਾ ਹੋਰ ਵਿਸ਼ਵਾਸ ਬਦ ਜਾਂਦਾ। ਇਸ ਤਰ੍ਹਾਂ ਅੰਧ-ਵਿਸ਼ਵਾਸ ਤੇ ਵਹਿਮ-ਭਰਮ ਹੋਰ ਵਧ ਜਾਂਦੇ ਆ। ਫਿਰ ਉਹੋ ਗੱਲ ਹੁੰਦੀ ਆ, "ਜਗਤ ਕੀ ਭੇਡਾ ਚਾਲ, ਚਲਤੇ ਕੇ ਪੀਛੇ ਚਲੇ!" ਨਾਲੇ ਤੂੰ ਭਾਈ ਗੁਰਦਾਸ ਜੀ ਦੀ ਵਾਰ ਨਹੀਂ ਸੁਣੀ?

**ਜਗਿਆਸੂ** – ਉਹ ਕਿਹੜੀ ਭਾਈ ਸਾਹਿਬ ਜੀ?

**ਭਾਈ ਭਰਮਤੋੜ ਸਿੰਘ** – ਕਹਿੰਦੇ ਪੁਰਾਣੇ ਸਮਿਆਂ 'ਚ ਕੋਈ ਪੱਗ ਲਾਹ ਕੇ ਨੰਗੇ ਸਿਰ ਘਰ ਆ ਜਾਵੇ ਤਾਂ ਸਮਝਿਆ ਜਾਂਦਾ ਸੀ ਕਿ ਕੋਈ ਮੌਤ ਹੋ ਗਈ ਹੈ। ਇਕ ਬਜ਼ੁਰਗ ਖੂਹ ਤੋਂ ਨਹਾ ਕੇ ਪੱਗ ਭੁੱਲ ਆਇਆ ਤੇ ਨੰਗੇ ਸਿਰ ਘਰ ਆ ਗਿਆ। ਬਾਪੂ ਨੂੰ ਨੰਗੇ ਸਿਰ ਵੇਖ ਕੇ ਘਰ ਦੀਆਂ ਬੀਬੀਆਂ ਰੋਣ-ਪਿੱਟਣ ਲੱਗ ਪਈਆਂ। ਆਢਣਾਂ-ਗੁਆਂਢਣਾਂ ਵੀ ਪਿੱਟਣ ਆ ਗਈਆਂ। ਪਿੰਡ ਦੀ ਨੈਣ ਆ ਕੇ ਬਾਬੇ ਦੀ ਨੂੰਹ ਨੂੰ ਕਹਿੰਦੀ ਕਿ ਕੌਣ ਮਰਿਆ? ਮੈਂ ਵੈਣ ਕੀਹਦਾ ਪਾਵਾਂ? ਜਦੋਂ ਬਾਬੇ ਨੂੰ ਪੁੱਛਿਆ ਕਿ ਮਰਿਆ ਕੌਣ ਐ ਤੇ ਪਤਾ ਕੀ ਕਹਿੰਦਾ?

**ਜਗਿਆਸੂ** – ਕੀ ਕਹਿੰਦਾ?

**ਭਾਈ ਭਰਮਤੋੜ ਸਿੰਘ** – ਕਹਿੰਦਾ, ਮੈਨੂੰ ਤਾਂ ਨਹੀਂ ਪਤਾ, ਮੈਂ ਬੱਸ ਘਰ ਆਇਆ ਤਾਂ ਘਰ 'ਚ ਰੋਣਾ-ਪਿੱਟਣਾ ਸ਼ੁਰੂ ਹੋ ਗਿਆ। ਤੁਹਾਨੂੰ ਵੇਖ ਕੇ ਮੈਂ ਵੀ ਰੋਣ ਲੱਗ ਪਿਆਂ। ਭਾਈ ਸਾਹਿਬ ਸਮਝਾਉਂਦੇ ਆ ਕਿ ਮੂਰਖਾਂ ਦੇ ਇਕੱਠ 'ਚ ਕਾਵਾਂ-ਰੌਲੀ ਤੋਂ ਸਿਵਾ ਹੋਰ ਕੁਝ ਨਹੀਂ ਹੁੰਦਾ। ਬਿਨਾਂ ਪੁੱਛਿਓ, ਚੜ੍ਹਾਵਿਆਂ ਦਾ ਏਹੋ ਹਾਲ ਲਗਦੈ! ਲੈ ਭਾਈ ਗੁਰਦਾਸ ਜੀ ਦੀ ਵਾਰ ਦੀ ਇਹ ਪਉੜੀ ਵੀ ਸੁਣ ਲਾ.....

**ਜਗਿਆਸੂ** – ਸੁਣਾ ਈ ਦਿਓ ਜੀ ......

**ਭਾਈ ਭਰਮਤੋੜ ਸਿੰਘ** – ਠੰਢੇ ਖੂਹਹੁੰ ਨ੍ਹਾਇ ਕੈ ਪਗ ਵਿਸਾਰਿ ਆਇਆ ਸਿਰਿ ਨੰਗੈ।

**ਘਰ ਵਿਚਿ ਰੰਨਾਂ ਕਮਲੀਆਂ ਧੁਸੀ ਲੀਤੀ ਦੇਖਿ ਕੁਢੰਗੈ।**

**ਰੰਨਾਂ, ਦੇਖਿ ਪਿਟੰਦੀਆਂ ਢਾਹਾਂ ਮਾਰੈਂ ਹੋਇ ਨਿਸੰਗੈ ।**

**ਲੋਕ ਸਿਆਪੇ ਆਇਆ ਰੰਨਾਂ ਪੁਰਸੁ ਜੁੜੇ ਲੈ ਪੰਗੈ।**

**ਨਾਇਣ ਪੁਛਦੀ ਪਿਟਦੀਆਂ ਕਿਸ ਦੈ ਨਾਇ ਅਲ੍ਹਾਣੀ ਅੰਗੈ।**

**ਸਹੁਰੇ ਪੁਛਹੁ ਜਾਇ ਕੈ ਕਉਣ ਮੁਆ ਨੂਹ ਉਤਰੁ ਮੰਗੈ ।**

**ਕਾਵਾਂ ਰੌਲਾ ਮੂਰਖੁ ਸੰਗੈ।।** (ਵਾਰ 32:19)

**ਜਗਿਆਸੂ** – ਵਾਹ ਭਾਈ ਜੀ! ਆਹ ਤਾਂ ਕਮਾਲ ਵੀ ਪਉੜੀ ਸੁਣਾਈ ! ਇਕ ਗੱਲ ਹੋਰ, ਆਹ ਜਿਹੜੀ ਗੁੱਗੇ ਦੀ ਪੂਜਾ ਲੋਕੀਂ ਕਰਦੇ ਆ। ਇਹਦੇ 'ਚ ਵੀ ਕੋਈ ਰਾਜ਼ ਐ?

**ਭਾਈ ਭਰਮਤੋੜ ਸਿੰਘ** – ਓ ਰਾਜ਼ ਰੁਜ਼ ਕਾਹਦਾ, ਮਾਨਸਕ ਤੌਰ 'ਤੇ ਅਗਿਆਨੀ ਤੇ ਪੱਛੜੇ ਲੋਕਾਂ ਲਈ ਸਾਰੇ ਦੇਵਤੇ ਈ ਹੁੰਦੇ ਆ! ਤੈਨੂੰ ਇਕ ਗੱਲ ਦੱਸਾਂ? ਬੰਦਾ ਪੂਜਾ ਦੋ ਕਾਰਨਾਂ ਕਰਕੇ ਕਰਦਾ।

**ਜਗਿਆਸੂ** – ਉਹ ਕਿਵੇਂ?

**ਭਾਈ ਭਰਮਤੋੜ ਸਿੰਘ** – ਉਹ ਇਉਂ, ਜਾਂ ਤਾਂ ਡਰ ਕਰਕੇ ਜਾਂ ਲੋੜ ਕਰਕੇ। ਹੁਣ ਸੱਪ ਦੀ ਪੂਜਾ ਡਰ ਕਰਕੇ ਸ਼ੁਰੂਹੋਈ ਆ ਤੇ ਗਾਂ ਦੀ ਪੂਜਾ ਲੋੜ ਕਰਕੇ। ਏਸੇ ਤਰ੍ਹਾਂ ਬਾਕੀ ਪੂਜਾ ਸ਼ੁਰੂਹੋਈਆਂ। ਜਦੋਂ ਮਨੁੱਖ ਜੰਗਲਾਂ ਦਾ ਵਾਸੀ ਸੀ ਤੇ ਇੰਨੀ ਸੂਝ-ਸਮਝ ਨਹੀਂ ਸੀ ਤਾਂ ਉਸ ਨੇ ਬਹੁਤ ਸਾਰੇ ਦੇਵੀ-ਦੇਵਤਿਆਂ ਦੀ ਕਲਪਨਾ ਕੀਤੀ ਅਤੇ ਮੰਨਤਾਂ ਮੰਨੀਆਂ। ਸੂਰਜ, ਚੰਦ, ਅੱਗ ਪਾਣੀ ਸਭ ਦੇਵਤੇ ਮਿੱਥੇ ਗਏ। ਏਸੇ ਤਰ੍ਹਾਂ ਰੁੱਖਾਂ, ਪਸ਼ੂਆਂ-ਪੰਛੀਆਂ ਦੀ ਪੂਜਾ ਹੋਈ ਅਤੇ ਭੂਤ-ਪ੍ਰੇਤ, ਬੁਰੀਆਂ ਰੂਹਾਂ ਵੀ ਬੰਦੇ ਦੇ ਮਨ ਦੀ ਕਲਪਨਾ ਹੀ ਹੈ! ਨਾਲੇ ਸਾਨੂੰ ਸਿੱਖਾਂ ਨੂੰ ਤਾਂ ਗੁਰੂਸਾਹਿਬਾਂ ਦੇ ਦੱਸੇ ਮਾਰਗ 'ਤੇ ਹੀ ਚੱਲਣਾ ਚਾਹੀਦਾ!

**ਜਗਿਆਸੂ** – ਅਸੀਂ ਫਿਰ ਕਿਸ ਨੂੰ ਮੰਨੀਏ?

**ਭਾਈ ਭਰਮਤੋੜ ਸਿੰਘ** – ਗੁਰਮਤਿ ਅਨੁਸਾਰ ਸ੍ਰਿਸ਼ਟੀ ਦਾ ਕਰਤਾ ਕੇਵਲ ਇਕ ਪਰਮਾਤਮਾ ਹੈ। ਉਸ ਦੀ ਰਜ਼ਾ ਵਿਚ ਰਹਿਣਾ ਤੇ ਨਾਮ ਸਿਮਰਨਾ ਹੈ। ਜੀਵਨ ਦੀ ਸੇਧ ਗੁਰਬਾਣੀ ਤੋਂ ਲੈਣੀ ਹੈ ਤੇ ਕਿਸੇ ਤਰ੍ਹਾਂ ਦੇ ਕਰਮ-ਕਾਂਡ ਜਾਂ ਭਰਮ ਵਿਚ ਨਹੀਂ ਪੈਣਾ। ਬੱਸ ਟਿਕੋ ਦਾਤ ਮੰਗਣੀ :

**"ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ।।"**

**ਜਗਿਆਸੂ** – ਜੀ ਮੇਰੀ ਗੱਲ ਤਾਂ ਵਿਚੇ ਹੀ ਰਹਿ ਗਈ ਕਿ ਕੋਈ ਸੱਪਾਂ ਦਾ ਵੀ ਦੇਵਤਾ ਹੈ, ਜਿਸ ਦੀ ਗੁੱਗੇ ਪੀਰ ਦੇ ਨਾਂ 'ਤੇ ਲੋਕੀਂ ਪੂਜਾ ਕਰਦੇ ਆ...?

**ਭਾਈ ਭਰਮਤੋੜ ਸਿੰਘ** – ਮੈਂ ਇਹੋ ਈ ਤਾਂ ਦੱਸਿਆ ਕਿ ਮਨੁੱਖ ਨੇ ਡਰ ਕਰਕੇ ਬਹੁਤ ਦੇਵਤਿਆਂ ਨੂੰ ਮੰਨਿਆ ਪਰ ਹੈ, ਨਹੀਂ ਐਂ। ਮੈਂ ਚੀਨ ਵਿਚ ਵੇਖਿਆ ਉਥੇ ਲੋਕ ਸੱਪ ਖਾਂਦੇ ਆ, ਪਰ ਹਿੰਦੁਸਤਾਨ ਵਿਚ ਸੱਪ ਪੂਜਦੇ ਆ । ਹੈ ਤਾਂ ਮਨ ਦਾ ਭਰਮ, ਪਰ ਇਕ ਗੱਲ ਕਹਾਂ ਕਿ ਘੱਟੋ-ਘੱਟ ਸਿੱਖ ਪਰਵਾਰਾਂ ਨੂੰ ਐਸੀ ਕਰਮ-ਕਾਂਡੀ ਪੂਜਾ ਵਿਚ ਬਿਲਕੁਲ ਵਿਸ਼ਵਾਸ ਨਹੀਂ ਕਰਨਾ ਚਾਹੀਦਾ।

**ਜਗਿਆਸੂ** – ਇਕ ਗੱਲ ਸੀ ਭਾਈ ਸਾਹਿਬ ਕਿ ਆਹ ਆਪਣੇ ਪਿੰਡ ਲਾਗੇ ਇਕ ਕਬਰ ਜਿਹੀ 'ਤੇ ਪਹਿਲੀਆਂ 'ਚ ਲੋਕ ਦੁੱਧ ਚੜ੍ਹਾਉਂਦੇ ਹੁੰਦੇ ਸੀ, ਉਹ ਨਾਲ ਸ਼ਰਾਬ ਦੀਆਂ ਬੋਤਲਾਂ ਵੀ ਚੜ੍ਹਨ ਲੱਗ ਪਈਆਂ-ਇਹ ਕਿਉਂ?

**ਭਾਈ ਭਰਮਤੋੜ ਸਿੰਘ** – (ਹੱਸਦਾ ਹੋਇਆ) ਇਹਦਾ ਮਤਲਬ ਦੁੱਧ ਪੀ-ਪੀ ਕੇ ਕਬਰ ਵਾਲੇ ਪੀਰ ਨੂੰ ਵਾਈ ਹੋ ਗਈ ਤੇ ਵਾਈ ਦਾ ਰੋਗ ਬੜਾ ਭੈੜਾ ਹੁੰਦਾ। ਹੁਣ ਸ਼ਰਾਬ ਨਾਲ ਉਹਦੀ ਰੂਹ ਦੋ ਪੈੱਗ ਪੀ ਕੇ ਸ਼ਾਂਤ ਹੋ ਜਾਂਦੀ ਹੋਣੀ ਆਂ ਜਿਵੇਂ ਸਾਡੇ ਪੰਜਾਬ ਦੇ ਬਹੁਤੇ ਲੋਕ ਦਾਰੂ ਪੀ ਕੇ, ਪੈਸੇ ਤੇ ਸਰੀਰ ਬਰਬਾਦ ਕਰਕੇ ਉਲਟਾ ਕਹਿੰਦੇ ਕਿ ਨੀਂਦ ਸੌਖੀ ਆ ਜਾਂਦੀ ਆ!

**ਜਗਿਆਸੂ** – ਤੁਸੀ ਅਸਲ ਗੱਲ ਸਮਝਾਓ ਨਾ।

**ਭਾਈ ਭਰਮਤੋੜ ਸਿੰਘ** – ਭਲਿਆ ਲੋਕਾ! ਕਿਸੇ ਸਮੇਂ ਪੰਜਾਬ ਵਿੱਚ ਦੁੱਧ ਦੀ ਸੇਵਾ ਸਭ ਤੋਂ ਵੱਡੀ ਗਿਣੀ ਜਾਂਦੀ ਸੀ। ਇਕ ਕਹਾਵਤ ਜਾਂ ਉਲਾਂਭਾ ਗਿਣਿਆ ਜਾਂਦਾ ਸੀ ਕਿ ਦੁੱਧ-ਪੁੱਤ ਵੀ ਕਿਸੇ ਨੇ ਵੇਚਿਆ? ਉਦੋਂ ਡੇਅਰੀਆਂ ਨਹੀਂ ਸੀ ਹੋਂਦ ਵਿਚ ਆਈਆਂ। ਕਿਸੇ ਸਿਆਣੇ ਨੇ ਵਾਧੂ ਦੁੱਧ ਸਕਾਰਥ ਕਰਨ ਲਈ ਗਰੀਬ ਲੋੜਵੰਦਾਂ ਨੂੰ ਪਿਆਉਣ ਵਾਸਤੇ ਇਕ ਜਗ੍ਹਾ ਮਿੱਥ ਲਈ ਹੋਣੀ ਆਂ! ਇਸ ਤਰ੍ਹਾਂ ਲੋੜਵੰਦ ਲੋਕ ਵੀ ਦੁੱਧ ਰੱਜ ਕੇ ਪੀ ਲੈਂਦੇ ਸਨ ਜਾਂ ਇਕੱਠਾ ਕਰਕੇ ਖੀਰ, ਖੋਆ ਬਣਾ ਲੈਂਦੇ ਹੋਣਗੇ! ਇਕ ਤਰ੍ਹਾਂ ਵਡੇਰਿਆਂ ਦੇ ਨਾਮ 'ਤੇ ਦਾਨ-ਪੁੰਨ ਈ ਸੀ ਪਰ ਹੁਣ ਜੁਗ ਬਦਲ ਗਿਆ....

**ਜਗਿਆਸੂ** – ਬਦਲ ਕਿਵੇਂ ਗਿਆ?

**ਭਾਈ ਭਰਮਤੋੜ ਸਿੰਘ** – ਹੁਣ ਦੁੱਧ ਤਾਂ ਬਣ ਗਿਆ ਵਪਾਰ, ਜੋ ਮੇਰੀ ਜਾਚੇ ਕੋਈ ਮਾੜੀ ਗੱਲ ਵੀ ਨਹੀਂ। ਸਧਾਰਨ ਕਿਸਾਨਾਂ ਦੀ ਵੀ ਆਮਦਨੀ ਦਾ ਇਕ ਵਸੀਲਾ ਬਣ ਗਿਆ, ਪਰ ਸਮੇਂ ਦੇ ਗੇੜ ਨਾਲ ਹੁਣ ਵੱਡੀ ਸੇਵਾ, ਸ਼ਰਾਬ ਬਣ ਗਈ ਜੋ ਬਹੁਤ ਮਾੜੀ ਗੱਲ ਐ। ਹੁਣ ਪਿਆਕੜ ਬੰਦਿਆਂ ਨੇ ਆਪੇ ਹੀ ਸ਼ਰਾਬ ਦੇ ਚੜ੍ਹਾਵੇ ਤੇ ਸੁੱਖਣਾਂ ਸ਼ੁਰੂ ਕਰ 'ਤੀਆਂ। ਆਪੇ ਸੁੱਖਣੀ, ਆਪੇ ਚੜ੍ਹਾਉਣੀ, ਆਪੇ ਪੀਣੀ। ਇਹਦਾ ਫਾਇਦਾ ਪਤਾ ਕੀਹਨੂੰ -ਕੀਹਨੂੰ ਆਂ?

**ਜਗਿਆਸੂ** – ਕੀਹਨੂੰ – ਕੀਹਨੂੰ

**ਭਾਈ ਭਰਮਤੋੜ ਸਿੰਘ** – ਪਹਿਲਾ ਫਾਇਦਾ ਪੀਣ ਵਾਲਿਆਂ ਨੂੰ ਤੇ ਦੂਜਾ ਨਾਜਾਇਜ਼ ਵੇਚਣ ਵਾਲਿਆਂ ਨੂੰ, ਕਿਉਂਕਿ ਇਹਦੇ ਉਤੇ ਪੁੰਨ-ਦਾਨ ਅਤੇ ਚੜ੍ਹਾਵੇ ਦਾ ਲੇਬਲ ਲੱਗ ਗਿਆ ! ਹੁਣ ਸਰਕਾਰੀ ਰੋਕ ਵੱਲੋਂ ਵੀ ਖਹਿੜਾ ਛੁੱਟਿਆ, ਅਖੇ ਜੀ ਬਾਬੇ ਦੇ ਚੜ੍ਹਾਉਣੀ ਆਂ ! ਸਿੱਖ ਪਰਵਾਰਾਂ ਨੂੰ ਐਸੇ ਪਖੰਡੀ, ਮਨਘੜਨ ਤੇ ਅਗਿਆਨਤਾ ਭਰੇ ਕਰਮ-ਕਾਂਡਾਂ 'ਤੇ ਬਿਲਕੁਲ ਨਿਸ਼ਚਾ ਨਹੀਂ ਕਰਨਾ ਚਾਹੀਦਾ।

**ਜਗਿਆਸੂ** – ਐਸੀਆਂ ਥਾਵਾਂ 'ਤੇ ਜਿਥੇ ਸ਼ਰਾਬਾਂ, ਨਸ਼ੇ, ਚੱਲਦੇ ਆ, ਨਾਲ ਗੰਦੇ ਗੀਤਾਂ ਦੇ ਅਖਾੜੇ ਵੀ ਲੱਗਦੇ ਆ ਤੇ ਨਾਲੇ ਕਹਿਣਗੇ ਕਿ 'ਪੰਜਾਬੀ ਸਭਿਆਚਾਰ' ਦੀ 'ਸੇਵਾ' ਕਰ ਰਹੇ ਆਂ।

**ਭਾਈ ਭਰਮਤੋੜ ਸਿੰਘ** – ਵੇਖੋ ਗੁਰਮਤਿ ਅਨੁਸਾਰ ਤਾਂ ਕਬਰਾਂ, ਮੜ੍ਹੀਆਂ ਪੂਜਣ ਦੀ ਬਿਲਕੁਲ ਈ ਮਨਾਹੀ ਐ ਪਰ ਜਿਹੜੇ ਗੈਰ ਸਿੱਖ ਲੋਕ ਪੂਜਦੇ ਵੀ ਹਨ ਉਨ੍ਹਾਂ ਨੂੰ ਐਸੀਆਂ ਥਾਵਾਂ 'ਤੇ ਕੋਈ ਚੰਗੇ ਉਪਦੇਸ਼ਾਂ ਦਾ ਪਾਸਾਰ ਕਰਨਾ ਚਾਹੀਦਾ। ਸਾਫ਼-ਸੁਥਰਾ ਸਭਿਆਚਾਰ ਜਾਂ ਟਕਸਾਲੀ ਸੰਗੀਤ ਹੋਵੇ। ਗੰਦੇ-ਮੰਦੇ ਗਾਣਿਆਂ ਤੇ ਨਸ਼ਿਆਂ ਦੇ ਮੇਲਿਆਂ 'ਚ ਨੌਜਵਾਨ ਪੀੜ੍ਹੀ ਨੂੰ ਗੁਮਰਾਹ ਕਰਨ ਤੋਂ ਸਿਵਾ ਹੋਰ ਹੈ ਵੀ ਕੀ? ਸਿਆਣੇ ਕਹਿੰਦੇ ਨੇ ਕਿ ਜੇ ਕਿਸੇ ਨੂੰ ਸਿੱਧੇ ਰਾਹ ਪਾ ਕੇ ਪੁੰਨ ਨਹੀਂ ਕਰ ਸਕਦੇ ਤਾਂ ਗ਼ਲਤ ਰਾਹ ਪਾ ਕੇ ਪਾਪ ਵੀ ਨਾ ਕਰੋ !

**ਜਗਿਆਸੂ** – ਭਾਈ ਸਾਹਿਬ ਜੀ ! ਇਹ ਵੀ ਇਕ ਬੁਰੀ ਲਹਿਰ ਈ ਚੱਲ ਪਈ ਐ....

**ਭਾਈ ਭਰਮਤੋੜ ਸਿੰਘ** – ਇਹ ਜਿਥੇ ਸਾਡੀ ਨੌਜਵਾਨ ਪੀੜ੍ਹੀ ਲਈ ਖ਼ਤਰਨਾਕ ਐ ਉਥੇ ਖਾਸ ਕਰਕੇ ਪੰਜਾਬੀ ਬੋਲੀ ਦੇ ਅਮੀਰ ਸਾਹਿਤ ਤੇ ਸਾਭਿਆਚਾਰ ਨੂੰ ਐਨਾ ਹਲਕਾ ਤੇ ਮਾੜੀ ਪੱਧਰ ਦਾ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਕਿ ਬੱਸਾਂ, ਗੱਡੀਆਂ ਵਿਚ ਵੱਜਦੀਆਂ ਕੈਸਟਾਂ ਸੁਣ ਕੇ ਸੂਝਵਾਨ ਬੰਦਾ ਸ਼ਰਮ ਨਾਲ ਸਿਰ ਨੀਵਾਂ ਕਰ ਲੈਂਦਾ। ਕਿਵੇਂ ਸਮਾਜ ਦੇ ਪਵਿੱਤਰ ਰਿਸ਼ਤਿਆਂ ਨੂੰ ਗੰਦੇ ਸ਼ਬਦਾਂ ਨਾਲ ਪਲੀਤ ਕੀਤਾ ਜਾ ਰਿਹਾ ! ਇਹ ਬਹੁਤ ਮਾੜਾ ਰੁਝਾਨ ਐ, ਜੇ ਸਮਾਜ ਹੀ ਰੋਕੇ ਤਾਂ ਹੀ ਰੁਕ ਸਕਦਾ।

ਜਗਿਆਸੂ – ਤੁਹਾਡੀ ਗੱਲ ਬਿਲਕੁਲ ਠੀਕ ਹੈ, ਜਿਥੇ ਲੋਕਾਂ ਨੂੰ ਵਹਿਮਾਂ-ਭਰਮਾਂ, ਪਾਖੰਡਾਂ, ਕਰਮ-ਕਾਂਡਾਂ ਦੇ ਖਿਲਾਫ਼ ਆਵਾਜ਼ ਉਠਾਉਣ ਦੀ ਲੋੜ ਐ ਉਥੇ ਪੰਜਾਬੀ ਬੋਲੀ ਤੇ ਸਭਿਆਚਾਰ ਨੂੰ ਉੱਚਾ-ਸੁੱਚਾ ਰੱਖਣ ਲਈ ਵੀ ਲੋਕਾਂ ਨੂੰ ਹੀ ਹੰਭਲਾ ਮਾਰਨਾ ਪਵੇਗਾ ! ਅੱਜ ਬਹੁਤ ਵਿਚਾਰਾਂ ਕੀਤੀਆਂ ਤੇ ਮਨ ਦੇ ਕਈ ਭਰਮ ਵੀ ਟੁੱਟੇ ! ਭਾਈ ਸਾਹਿਬ ਜੀ, ਤੁਹਾਡੀ ਬਹੁਤ ਮਿਹਰਬਾਨੀ !

✦✦✦✦✦

# ਵਿਚਾਰ- ਵਿਟਾਦਰਾਂ - ਚੌਥਾਂ

**ਜਦੋਂ ਦੋ ਭਰਾ ਲੜਨ, ਸ਼ਰੀਕਾਂ ਦਾ ਦਾਅ ਤਾਂ ਲੱਗਣਾ ਈ ਹੁੰਦੈ!**

**ਜਗਿਆਸੂ** – ਕਿਉਂ ਭਾਈ ਸਾਹਿਬ ਜੀ, ਆਹ ਆਰ.ਐੱਸ. ਦੀਆਂ ਕਾਰਵਾਈਆਂ ਦੇਖ ਰਹੇ ਓ?

**ਭਾਈ ਭਰਮਤੋੜ ਸਿੰਘ** – ਤੇਰਾ ਮਤਲਬ ਰਾਸ਼ਟਰੀ ਸਵੈਮ ਸੇਵਕ ਸੰਘ ਤੋਂ ਹੈ, ਜਿਨ੍ਹਾਂ ਨੂੰ ਵਾਜਪਾਈ ਸਾਹਿਬ ਸਭਿਆਚਾਰਕ ਜਥੇਬੰਦੀ ਕਹਿ ਰਹੇ ਆ ਤੇ ਉਹ ਸਾਰੇ ਦੇਸ਼ ਨੂੰ ਭਗਵਾਂਕਰਨ ਕਰਨ ਦੀ ਚਾਲ ਚੱਲ ਰਹੇ ਆ।

**ਜਗਿਆਸੂ** – ਓ ਨਹੀਂ ਬਾਬਿਓ, ਮੈਂ ਤਾਂ ਰਾਸ਼ਟਰੀ ਸਿੱਖ ਸੰਗਤ ਵਾਲਿਆਂ ਦੀ ਗੱਲ ਕਰਦੈਂ!

**ਭਾਈ ਭਰਮਤੋੜ ਸਿੰਘ** – ਓ ਇਹ ਵੀ ਤਾਂ ਉਨ੍ਹਾਂ ਦੀ ਚਾਲ ਦਾ ਇਕ ਹਿੱਸਾ ਈ ਆ! ਅਖੇ 'ਹੇਮ ਸਿੰਘ, ਖੇਮ ਸਿੰਘ, ਬੋਥ ਆਰ ਦਾ ਸੇਮ ਥਿੰਗ!' ਇਹਨਾਂ 'ਚ ਫ਼ਰਕ ਕੋਈ ਨਹੀਂ, ਦੋਵੇਂ ਇਕੋ ਈ ਆ।

**ਜਗਿਆਸੂ** – ਪਰ ਇਹ ਤਾਂ ਸਾਰੇ ਕੇਸਾਧਾਰੀ ਆ!

**ਭਾਈ ਭਰਮਤੋੜ ਸਿੰਘ** – ਬਈ ਹਰ ਕੇਸਧਾਰੀ ਨੂੰ ਸੱਚਾ ਸਿੱਖ ਵੀ ਨਹੀਂ ਕਹਿ ਸਕਦੇ, ਇਹ ਡਰਾਮੇ ਦੇ ਪਾਤਰਾਂ ਵਾਂਗ ਭੇਖ ਵੀ ਹੋ ਸਕਦਾ।

**ਜਗਿਆਸੂ** – ਤੁਸੀਂ ਗੋਲ-ਮੋਲ ਜਿਹੀ ਗੱਲ ਕਰ ਰਹੇ ਓ?

**ਭਾਈ ਭਰਮਤੋੜ ਸਿੰਘ** – ਇੰਜ ਨਹੀਂ ਐਂ ਪਿਆਰਿਆ, ਕੇਸਾਾਰੀ ਤਾਂ ਕਈ ਦੇਹਧਾਰੀ ਗੁਰੂ-ਡੰਮ੍ਹੀਆਂ ਦੇ ਪਿੱਛੇ ਵੀ ਲੱਗੇ ਫਿਰਦੇ ਆ! ਜੋ ਗੁਰੂਗ੍ਰੰਥ ਤੇ ਪੰਥ ਦੇ ਦੋਖੀਆਂ ਦੇ ਚੇਲੇ ਬਣ ਜਾਣ, ਉਨ੍ਹਾਂ ਕੇਸਧਾਰੀਆਂ ਨੂੰ ਸਿੱਖ ਨਹੀਂ ਕਿਹਾ ਜਾ ਸਕਦਾ। ਗੁਰੂਸਾਹਿਬਾਂ ਦੀਆਂ ਨਜ਼ਰਾਂ ਵਿਚ ਸਿੱਖੀ ਕੀ ਹੈ? "ਸਿਖੀ ਸਿਖਿਆ ਗੁਰ ਵੀਚਾਰਿ।" ਸਿੱਖੀ ਗੁਰੂਦੇ ਵਿਚਾਰਾਂ ਦੀ ਸਿੱਖਿਆ ਹੈ ਤੇ ਉਸ 'ਤੇ ਅਮਲ ਕਰਨ ਵਾਲਾ ਸਿੱਖ ਹੈ। ਹੁਣ ਜੇ ਕੋਈ ਗੁਰੂਜੀ ਦੀ ਵਿਚਾਰਧਾਰਾ ਦੇ ਖਿਲਾਫ਼ ਹੋਣ 'ਤੇ ਕੇਸ ਰੱਖ ਕੇ ਕਹਿਣ ਕਿ ਅਸੀਂ ਸਿੱਖੀ ਦੇ ਪ੍ਰਚਾਰਕ ਹਾਂ ਤਾਂ ਗੱਲ ਸ਼ੱਕੇ ਵਾਲੀ ਹੋ ਜਾਂਦੀ ਆ। 'ਰਾਸ਼ਟਰੀ ਸਿੱਖ ਸੰਗਤ' ਪ੍ਰਤੀ ਵਿਦਵਾਨ ਪਤਾ ਕੀ ਕਹਿੰਦੇ ਆ?

**ਜਗਿਆਸੂ** – ਹਾਂ, ਕੀ ਕਹਿੰਦੇ ਆ?

**ਭਾਈ ਭਰਮਤੋੜ ਸਿੰਘ** – ਵਿਦਵਾਨ ਕਹਿੰਦੇ ਆ ਕਿ ਸਿੱਖਾਂ ਨੂੰ ਗੁਰਮਤਿ ਤੋਂ ਤੋੜਨ ਲਈ ਇਹ ਜਥੇਬੰਦੀ ਬਣਾਈ ਗਈ ਐ। ਇਹ ਤਾਂ ਆਰ.ਐੱਸ.ਐੱਸ. ਨੇ ਹੀ ਆਪਣਾ ਇਕ ਵਿੰਗ 'ਰਾਸ਼ਟਰੀ ਸਿੱਖ ਸੰਗਤ' ਨਾਂ ਦਾ ਤਿਆਰ ਕੀਤਾ ਕਿ ਸਿੱਖੀ ਭੇਸ ਵਿਚ ਆ ਕੇ ਸਿੱਖ ਕੌਮ ਨੂੰ ਇਨ੍ਹਾਂ ਦੀ ਵਿਚਾਰਧਾਰਾ, ਫ਼ਿਲਾਸਫ਼ੀ, ਮਰਯਾਦਾ ਨੂੰ ਹਿੰਦੂਵਾਦ ਦੇ ਸਮੁੰਦਰ 'ਚ ਗਰਕ ਕਰ ਦੇਈਏ। ਇਨ੍ਹਾਂ ਨੇ ਹੁਣ ਤਕ ਜੋ ਵੀ ਲਿਟਰੇਚਰ ਛਾਪ ਕੇ ਵੰਡਿਆ, ਉਹਦੇ

ਵਿਚ ਗੁਰਮਤਿ ਵਿਰੋਧੀ ਗੱਲਾਂ ਹਨ। ਇਨ੍ਹਾਂ ਗੱਲਾਂ ਤੋਂ ਈ ਇਨ੍ਹਾਂ ਦੀ ਨੀਤ ’ਤੇ ਸ਼ੱਕ ਪੈਂਦਾ। ਸ਼ਾਮੇ ਬਾਣੀਏ ਵਾਂਗ ਇਨ੍ਹਾਂ ਦੀ ਹੇਰਾਫੇਰੀ ਸ਼ਰ੍ਹੇਆਮ ਨਸ਼ਰ ਹੋ ਰਹੀ ਐ....

**ਜਗਿਆਸੂ** – ਸ਼ਾਮੇ ਬਾਣੀਏ ਦੀ ਕਿਹੜੀ ਗੱਲ ਸੀ ਭਾਈ ਸਾਹਿਬ ਜੀ?

**ਭਾਈ ਭਰਮਤੋੜ ਸਿੰਘ** – ਉਹਨੇ ਡੱਬੇ ਰੱਖੇ ਸੀ ਖਾਲਸਾ ਦੇਸੀ ਘਿਉ ਦੇ ਲੇਬਲ ਆਲੇ ਤੇ ਵਿਚ ਤਿੰਨ ਹਿੱਸੇ ਡਾਲਡਾ ਘਿਉ ਪਾ ਕੇ ਉਤੇ ਇਕ ਹਿੱਸਾ ਦੇਸੀ ਘਿਉ ਪਾ ਦੇਣਾ ਤੇ ਮਹਿੰਗੇ ਭਾਅ ਪਿੰਡਾਂ, ਸ਼ਹਿਰਾਂ ਦੀਆਂ ਦੁਕਾਨਾਂ ’ਤੇ ਵੇਚ ਆਉਣਾ। ਮਹੀਨੇ ਦੋ ਮਹੀਨੇ ਤਾਂ ਹੇਰਾਫੇਰੀ ਚੱਲ ਗਈ, ਪਰ ਫਿਰ ਇਕ ਦਿਨ ਫੜਿਆ ਗਿਆ। ਫੇਰ ਲੋਕਾਂ ਤੋਂ ਮਾਫੀਆਂ ਮੰਗੇ। ਇਸ ਤਰ੍ਹਾਂ ਪਿਆਰਿਆਂ, ਜਿਹੜੇ ਅੰਦਰੋਂ ਤਾਂ ਕੱਟੜ ਹਿੰਦੂਵਾਦ ਨਾਲ ਭਰੇ ਆ, ਉਪਰੋਂ ਸਿੱਖੀ ਦਾ ਲੇਬੇ ਲਾ ਕੇ ਕਿੰਨਾ ਕੁ ਚਿਰ ਭੁਲੇਖਾ ਪਾ ਲੈਣਗੇ? ਸ਼ਾਮੇ ਬਾਣੀਏ ਵਾਂਗੂੰ ਫੜੇ ਜਾਣਗੇ।

**ਜਗਿਆਸੂ** – (ਹੱਸਦਾ ਹੈ) ਭਾਈ ਸਾਹਿਬ ਜੀ! ਇਹ ਫਿਰ ਇਸ ਤਰ੍ਹਾਂ ਸਿੱਖੀ ਵਿਰੋਧੀ ਪ੍ਰਚਾਰ ਕਿਉਂ ਕਰਦੇ ਆ?

**ਭਾਈ ਭਰਮਤੋੜ ਸਿੰਘ** – ਭਲਿਆ ਪੁਰਸ਼ਾ, ਇਨ੍ਹਾਂ ਲਈ ਕੋਈ ਨਵੀਂ ਗੱਲ ਨਹੀਂ ਐ। ਕਦੇ ਭਾਸ਼ਾ ਦੇ ਨਾਂ ’ਤੇ ਕਦੇ ਧਰਮ ਦੇ ਨਾ ’ਤੇ, ਕਦੀ ਸਿੱਖ ਇਤਿਹਾਸਕ ਪੁਸਤਕਾਂ ਨੂੰ ਵਿਗਾੜਨ ਲਈ ਕੋਈ ਚਾਲਾਂ ਚੱਲ ਰਹੇ ਹਨ। ਗੱਲ ਕੀ, ਗੁਰੂ ਦੇ ਨਿਰਮਲ ਪੰਥ ਨੂੰ ਘੋਨ-ਮੋਨ ਕਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ, ਚਾਹੇ ਸਰੂਪ ਵੱਲੋਂ ਹੋ ਜਾਣ, ਚਾਹੇ ਵਿਚਾਰਧਾਰਾ ਵੱਲੋਂ ਹੋ ਜਾਣ।

**ਜਗਿਆਸੂ** – ਪਰ ਕੀ ਇਹ ਹੋ ਸਕਦਾ ਐ?

**ਭਾਈ ਭਰਮਤੋੜ ਸਿੰਘ** – ਮੈਂ ਕਹਿੰਦਾਂ ਨਾ ਇਹ ਹੋ ਸਕਦਾ ਤੇ ਨਾ ਹੋਣਾ, ਜਦੋਂ ਸਿੱਖਾਂ ਨੂੰ ਗਿਆਨ ਹੋ ਜਾਊਕਿ ਜਿਹੜੇ ਸਾਡੇ ਗੁਰੂ ਦੇ ਖਿਲਾਫ਼ ਹਨ, ਉਹ ਸਾਡਾ ਭਲਾ ਨਹੀਂ ਕਰਨਗੇ। ਪਰ ਇਨ੍ਹਾਂ ਨੂੰ ਸਹਿਯੋਗ ਦੇਣਾ, ਉਨ੍ਹਾਂ ਡੇਰੇਦਾਰ ਬਾਬਿਆਂ ਨੇ, ਜਿਨ੍ਹਾਂ ਦੀ ਮਰਯਾਦਾ ਪੰਥ ਤੋਂ ਵੱਖਰੀ ਐ ਤੇ ਬ੍ਰਾਹਮਣਵਾਦੀ ਰੀਤਾਂ ’ਚ ਜਕੜੇ ਆ। ਪੰਥ ਵਿਰੋਧੀ ਲੋਕ ਇਨ੍ਹਾਂ ਬਾਬਿਆਂ ਨੂੰ ਤੇ ਡੇਰਿਆਂ ਨੂੰ ਹੱਥ-ਠੋਕਾ ਬਣਾ ਕੇ ਵਰਤ ਵੀ ਰਹੇ ਆ ਤੇ ਵਰਤਣਗੇ ਵੀ ਕਿਉਂਕਿ ਇਨ੍ਹਾਂ ਬਾਬਿਆਂ ’ਤੇ ਅੰਨ੍ਹੀ ਸ਼ਰਧਾ ਵਾਲੇ ਸਿੱਖਾਂ ਨੂੰ ਇਹ ਵੀ ਨਹੀਂ ਪਤਾ ਕਿ ਜੋ ਗੁਰੂ ਸਾਹਿਬਾਨ ਨੇ ਸਾਨੂੰ ਗਿਆਨ ਦਾ ਰਸਤਾ ਦੱਸਿਆ, ਅੱਜ ਸਿੱਖੀ ਭੇਖ ਵਿਚ ਇਹ ਲੋਕ, ਉਸੇ ਗਿਆਨ ਦੇ ਮਾਰਗ ’ਚ ਅਗਿਆਨਤਾ ਦੀਆਂ ਡੂੰਘੀਆਂ ਖੱਡਾਂ ਪੁੱਟ ਰਹੇ ਹਨ। ਬਾਕੀ ਭਾਈ ਸਾਡਾ ਕੱਚ-ਘਰੜ ਪ੍ਰਚਾਰ ਵੀ ਪੰਥ ਦੋਖੀਆਂ ਨੂੰ ਹੌਂਸਲਾ ਦੇ ਰਿਹਾ....

**ਜਗਿਆਸੂ** – ਭਾਈ ਸਾਹਿਬ ਜੀ, ਉਹ ਕਿਵੇਂ ਹੌਂਸਲਾ ਦੇ ਰਿਹਾ?

**ਭਾਈ ਭਰਮਤੋੜ ਸਿੰਘ** – ਉਹ ਇਉਂ ਬਈ ਸਾਡੇ ਜ਼ਿੰਮੇਵਾਰ ਅਹੁਦਿਆਂ ’ਤੇ ਬੈਠੇ ਸ਼ਖ਼ਸ ਜਦੋਂ ਇਹ ਕਹਿੰਦੇ ਆ ਕਿ ਅਸੀਂ ਸਿੱਖ ਲਵ-ਕੁਸ਼ ਦੀ ਔਲਾਦ ਹਾਂ ਤਾਂ ਆਰ.ਐੱਸ.ਐੱਸ. ਵਾਲਿਆਂ ਨੂੰ ਤਾਂ ਪ੍ਰਚਾਰ ਦੀ ਲੋੜ ਈ ਨਹੀਂ! ਉਨ੍ਹਾਂ ਦਾ ਪ੍ਰਚਾਰ ਤਾਂ ਸਿੱਖੀ ਦੇ ਅਲੰਬਰਦਾਰ ਆਪੇ ਕਰੀ ਜਾਂਦੇ ਆ।

**ਜਗਿਆਸੂ** – ਇਕ ਤੁਸੀਂ ਵਾਰ ਸੁਣਾਉਂਦੇ ਹੁੰਦੇ ਓ, ਉਹ ਕਿਵੇਂ ਆ?

**ਭਾਈ ਭਰਮਤੋੜ ਸਿੰਘ** – ਇਹ ਭਾਈ ਗੁਰਦਾਸ ਜੀ ਦੀ ਇਕ ਵਾਰ 'ਚੋਂ ਮੈਨੂੰ ਚਾਰ ਕੁ ਪੰਕਤੀਆਂ ਯਾਦ ਐ :

**ਜਗਿਆਸੂ** – ਚਲੋ, ਉਹੋ ਈ ਸੁਣਾ ਦਿਓ।

**ਭਾਈ ਭਰਮਤੋੜ ਸਿੰਘ** – ਉਹ ਇਸ ਪ੍ਰਕਾਰ ਹਨ

**"ਜੋ ਮਾਉ ਪੁਤੈ ਵਿਸੁ ਦੇ ਤਿਸ ਤੇ ਕਿਸੁ ਪਿਆਰਾ।**

**ਜੇ ਘਰੁ ਭੰਨੈ ਪਾਹਰੂਕਉਣੁ ਰਖਣਹਾਰਾ?**

**ਬੇੜਾ ਡੋਬੈ ਪਾਤਣੀ ਕਿਉ ਪਾਰਿ ਉਤਾਰਾ?**

**ਆਗੂਲੈ ਉਝੜਿ ਪਵੈ ਕਿਸੁ ਕਰੈ ਪੁਕਾਰਾ?"**

ਗੁਰੂਪਿਆਰਿਆ, ਜੇ ਮਾਂ ਈ ਪੁੱਤ ਨੂੰ ਜ਼ਹਿਰ ਦੇਵੇ ਤਾਂ ਮਾਂ ਤੋਂ ਪਿਆਰਾ ਰਿਸ਼ਤਾ ਕੋਈ ਹੋਰ ਤਾਂ ਨਹੀਂ! ਜੇ ਘਰ ਦੇ ਪਾਤਣੀ ਹੀ ਬੇੜਾ ਡੋਬਣ ਤਾਂ ਪਾਰ ਕੀਹਨੇ ਲਾਉਣਾ ਤੇ ਜੇ ਕਿਸੇ ਦਲ ਦਾ ਆਗੂਹੀ ਗਲਤ ਰੱਹ ਚੱਲ ਪਵੇ ਤਾਂ ਪੁਕਾਰ ਕਿਸ ਅੱਗੇ ਕਰੂਕੋਈ? ਹੁਣ ਜੇ ਸਾਡੇ ਆਗੂਈ ਜਨਸੰਘੀਆਂ ਦੀ ਬੋਲੀ ਬੋਲਣ ਲੱਗ ਜਾਣ ਤਾਂ ਪੁਕਾਰ ਕਿਥੇ ਕਰੀਏ?

**ਜਗਿਆਸੂ** – ਫਿਰ ਇਹ ਜਨਸੰਘੀਏ ਅੰਮ੍ਰਿਤ ਛਕ ਕੇ ਸਿੰਘ ਕਿਉਂ ਸਜ ਗਏ?

**ਭਾਈ ਭਰਮਤੋੜ ਸਿੰਘ** – ਇਸ ਲਈ ਕਿ ਸਿੱਖਾਂ ਵਿਚ ਵੜ ਕੇ ਵੇਖੀਏ ਕਿ ਸੁੱਤੇ ਆ ਕਿ ਜਾਗਦੇ ਆ? ਉਨ੍ਹਾਂ ਨੇ ਸਾਡੇ ਵਿਚ ਘੁਸਪੈਠ ਕੀਤੀ ਹੈ ਕਿ ਸਿੱਖ ਪੰਥ ਦੀ ਹਸਤੀ ਨੂੰ ਹਿੰਦੂਵਾਦ ਦਾ ਮੁਲੰਮਾ ਕਿਵੇਂ ਚੜ੍ਹ ਸਕਦਾ ਹੈ? ਉਹ ਖ਼ਾਲਸੇ ਦੀ ਵੱਖਰੀ ਪਛਾਣ ਨੂੰ ਹੌਲੀ-ਹੌਲੀ ਖ਼ਤਮ ਕਰਨਾ ਚਾਹੁੰਦੇ ਆ। ਉਨ੍ਹਾਂ ਨੂੰ ਪੁੱਛੇ ਕੋਈ ਕਿ ਕੀ ਤੁਸੀਂ ਅੰਮ੍ਰਿਤ ਛਕ ਕੇ ਹਿੰਦੂਧਰਮ ਤਿਆਗ ਦਿੱਤਾ ਹੈ? ਖ਼ਾਲਸਾ ਤਾਂ ਇਕ ਅਕਾਲ ਪੁਰਖ ਦਾ ਪੁਜਾਰੀ ਹੈ ਪਰ ਉਹ ਤਾਂ ਗੁਰਦੁਆਰਿਆਂ ਵਿਚ ਵੀ ਮੂਰਤੀਆਂ ਸਥਾਪਤ ਕਰਨੀਆਂ ਚਾਹੁੰਦੇ ਆ!

**ਜਗਿਆਸੂ** – ਭਾਈ ਸਾਹਿਬ ਜੀ, ਉਹ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਜਾਣਗੇ?

**ਭਾਈ ਭਰਮਤੋੜ ਸਿੰਘ** – ਸਾਡਾ ਧਰਮ ਆਸ਼ਾਵਾਦੀ ਐ। ਇਹਦੇ 'ਤੇ ਕਦੇ ਖੱਬੇਪੱਖੀਆਂ ਨੇ, ਕਦੇ ਕਿਸੇ ਨੇ ਬਥੇਰੀ ਪਿਉਂਦ ਕਰਨੀ ਚਾਹੀ ਪਰ ਕਿਸੇ ਨੂੰ ਕਾਮਯਾਬੀ ਨਹੀਂ ਮਿਲੀ। ਕੌਮ ਜਾਗਰਤ ਹੋਵੇ, ਤਾਂ ਦਾਲ ਤੇ ਇਨ੍ਹਾਂ ਦੀ ਵੀ ਨਹੀਂ ਗਲਣੀ! ਆਵਾਰਾ ਪਸ਼ੂਉਸੇ ਜੱਟ ਦੀ ਖੇਤੀ ਉਜਾੜਦੇ ਹੁੰਦੇ ਆ ਜੋ ਬੇਫ਼ਿਕਰ ਹੋ ਕੇ ਸੌਂ ਜਾਵੇ। ਜਾਗਦੇ ਕਿਸਾਨ ਨੇ ਆਪਣੀ ਫਸਲ ਦਾ ਉਜਾੜਾ ਨਹੀਂ ਹੋਣ ਦਿੰਦਾ। ਏਸੇ ਤਰ੍ਹਾਂ ਸਿੱਖ-ਪੰਥ ਆਪਣੇ ਧਰਮ ਪ੍ਰਤੀ ਜਾਗਰਤ ਹੋ ਕੇ ਪਹਿਰਾ ਦੇਵੇ ਤਾਂ ਕੋਈ ਖ਼ਤਰਾ ਨਹੀਂ ਪਰ ਕੁਝ ਸਿੱਖ ਪਰਵਾਰਾਂ, 'ਤੇ ਕੁਝ ਆਗੂਆਂ 'ਤੇ ਸ਼ਿਕਵਾ ਜ਼ਰੂਰ ਐ...

**ਜਗਿਆਸੂ** – ਉਹ ਕਿਵੇਂ ਜੀ?

**ਭਾਈ ਭਰਮਤੋੜ ਸਿੰਘ** – ਬਈ ਜਦੋਂ ਕਈ ਸਿੱਖ ਪਰਵਾਰ ਗੁਰੂਸਾਹਿਬਾਂ ਦੀਆਂ ਕੁਰਬਾਨੀਆਂ ਤੇ ਸਿੱਖਿਆਂਵਾਂ ਨੂੰ ਭੁੱਲ ਕੇ ਅਨੇਕ ਤਰ੍ਹਾਂ ਦੇ ਕਰਮ-ਕਾਡਾਂ ਵਿਚ ਪੈ ਗਏ ਤਾ ਵਿਰੋਧੀਆਂ ਨੇ ਵੀ ਦਾਅ ਲਾਉਣਾ ਸ਼ੁਰੂਕਰ ਦਿੱਤਾ। ਪੰਥ ਦੇ ਆਗੂਆਂ ਦੀਆਂ ਲੜਾਈਆਂ ਈ ਨਹੀਂ ਖ਼ਤਮ ਹੁੰਦੀਆਂ। ਆਹ ਤਿੰਨ ਸੌ ਸਾਲਾ 'ਤੇ ਅਪ੍ਰੈਲ 1999 'ਚੇ ਘਰੇਲੂਜੰਗ ਸ਼ੁਰੂਹੋਈ ਅਤੇ ਅਜੇ ਤੋੜੀ ਉਹ ਹੀ ਧੂਣਾ ਧੁਖੀ ਜਾਂਦਾ। ਦੁਨੀਆਂ ਦਾ ਦਸਤੂਰ ਐ, ਜਦੋਂ ਦੋ ਦੇਸ਼ ਲੜਨ, ਲੁਟੇਰਿਆਂ ਦਾ ਦਾਅ ਲੱਗਦਾ ਤੇ ਜਦੋਂ ਦੋ ਭਰਾ ਲੜਨ, ਸ਼ਰੀਕਾਂ ਦਾ ਦਾਅ ਤਾਂ ਲੱਗਣਾ ਈ ਹੁੰਦੈ! ਏਸੇ ਤਰ੍ਹਾਂ ਸਾਡੀ ਪੰਥਕ ਲੜਾਈ ਦਾ ਫਾਇਦਾ ਪੰਥ-ਦੋਖੀ ਤਾਕਤਾਂ ਲੈ ਰਹੀਆਂ। ਹੁਣ ਤਾਂ ਗੱਲ ਇਸ ਤੋਂ ਵੀ ਵਧ ਗਈ ਆ।

**ਜਗਿਆਸੂ** – ਕਿਵੇਂ ਵਧ ਗਈ ਆ?

**ਭਾਈ ਭਰਮਤੋੜ ਸਿੰਘ** – ਕਈ ਸੱਜਣ ਤਾਂ ਇਉਂ ਕਹਿ ਰਹੇ ਆ ਕਿ ਸਾਡੇ ਪੰਥ ਦੇ ਕਈ ਅਲੰਬਰਦਾਰ ਪੰਥ -ਦੋਖੀ ਤਾਕਤਾਂ ਦੀਆਂ ਕਠਪੁਤਲੀਆਂ ਬਣ ਗਏ ਆ। ਹਰ ਸਿੱਖ ਦਾ ਹਿਰਦਾ ਦੁਖੀ ਜ਼ਰੂਰ ਐ, ਬਹੁਤਿਆਂ ਲਈ ਸਬਰ ਦੇ ਘੁੱਟ ਭਰਨ ਵਾਲੀ ਗੱਲ ਐ...

**ਜਗਿਆਸੂ** – ਫਿਰ ਤਾਂ ਦਿਨ ਦੀਵੀਂ ਸਿੱਖ-ਪੰਥ ਨਾਲ ਠੱਗੀ ਹੋ ਰਹੀ ਐ...

**ਭਾਈ ਭਰਮਤੋੜ ਸਿੰਘ** – ਭਾਈ ਠੱਗੀ ਵਰਗੀ ਠੱਗੀ? ਹੁਣ ਤਾਂ ਸਾਡੇ ਸਿੱਖ ਇਤਿਹਾਸ ਤੇ ਸਿੱਖੀ ਸਿਧਾਂਤਾਂ ਨੂੰ ਰਲਗੱਡ ਕਰਨ 'ਤੇ ਤੁਲੇ ਹੋਏ ਆ। ਆਰ. ਐੱਸ. ਐੱਸ. ਦਾ ਅਖ਼ਬਾਰ ਛਪਦਾ ਹੈ 'ਰਵਾਨੀ'। ਉਹਦੇ ਵਿਚ ਇਕ ਪ੍ਰਸੰਗ ਦਿੱਤਾ ਕਿ ਅਬਦਾਲੀ ਦੇ ਹਮਲੇ ਮਗਰੋਂ ਜਦੋਂ ਸਿੰਘਾਂ ਨੇ ਦਰਬਾਰ ਸਾਹਿਬ 'ਤੇ ਦੁਬਾਰਾ ਕਬਜ਼ਾ ਕਰ ਲਿਆ ਤਾਂ ਉਥੋਂ ਲਈ ਕੋਈ ਢੁੱਕਵਾਂ ਗ੍ਰੰਥੀ ਨਾ ਮਿਲੇ। ਆਖਰ ਚੰਚਲ ਸਿੰਘ ਨਾਮ ਦੇ ਸਿੱਖ ਦੀ ਚੋਣ ਕੀਤੀ ਜੋ ਕਿੱਤੇ ਵਜੋਂ ਨਾਈ ਸੀ ਤੇ ਦਰਬਾਰ ਸਾਹਿਬ ਦਾ ਗ੍ਰੰਥੀ ਬਣਨ ਪਿੱਛੋਂ ਵੀ ਚੰਚਲ ਸਿੰਘ ਨੇ ਕੇਸ ਕੱਟਣ ਦਾ ਕੰਮ ਨਹੀਂ ਤਿਆਗਿਆ। ਹੁਣ ਤੁਸੀਂ ਆਪ ਈ ਸੋਚ ਲਓ ਕਿ ਇਹ ਸਿੱਖ ਇਤਿਹਾਸ ਨੂੰ ਵਿਗਾੜਨ ਦੀ ਕਿੱਡੀ ਕੋਝੀ ਸ਼ਰਾਰਤ ਹੈ!

**ਜਗਿਆਸੂ** – ਇਹ ਤਾਂ ਜੀ ਬਹੁਤ ਘਟੀਆ ਕਾਰਵਾਈ ਐ...

**ਭਾਈ ਭਰਮਤੋੜ ਸਿੰਘ** – ਹੋਰ ਸੁਣ, ਉਨ੍ਹਾਂ ਦਾ ਪ੍ਰਚਾਰ ਹੈ ਕਿ ਗੁਰਬਾਣੀ ਐਸੀ ਗਿਆਨ ਗੰਗਾ ਹੈ ਜਿਹੜੀ ਵੇਦਾਂ ਦੀ ਗੰਗੋਤਰੀ 'ਚੋਂ ਫੁੱਟਦੀ ਹੈ। ਖ਼ਾਲਸਾ ਪੰਥ, ਵਿਸ਼ਾਲ ਹਿੰਦੂਸਮਾਜ ਦਾ ਅੰਗ ਹੈ ਤੇ ਇਸ ਦੀ ਰਾਖੀ ਲਈ ਖ਼ਾਲਸੇ ਨੂੰ 'ਦੁਸ਼ਟ-ਦਮਨ' ਨੇ ਪੈਦਾ ਕੀਤਾ ਪਰ ਮੇਰੀ ਗੱਲ ਦਾ ਜਵਾਬ ਇਨ੍ਹਾਂ ਕੋਲ ਹੈ ਹੀ ਨਹੀਂ...

**ਜਗਿਆਸੂ** – ਕਿਹੜੀ ਗੱਲ ਦਾ ਜੀ?

**ਭਾਈ ਭਰਮਤੋੜ ਸਿੰਘ** – ਪੰਥ ਦੇ ਵਾਲੀ ਗੁਰੂਗੋਬਿੰਦ ਸਿੰਘ ਜੀ ਦਾ ਫ਼ੁਰਮਾਨ ਐ:

**ਜਬ ਲਗ ਖਾਲਸਾ ਰਹੇ ਨਿਆਰਾ।**

**ਤਬ ਲਗ ਤੇਜ ਦੀਓ ਮੈਂ ਸਾਰਾ।**

**ਜਬ ਇਹ ਕਹੈ ਬਿਪਰਨ ਕੀ ਰੀਤ।**

**ਮੈਂ ਨ ਕਰੋਂ ਇਨ ਕੀ ਪਰਤੀਤ।**

ਗੁਰੂ-ਪਿਤਾ ਤਾਂ ਕਹਿੰਦੇ ਹਨ ਕਿ ਖ਼ਾਲਸਾ ਜਦੋਂ ਤਕ ਨਿਆਰਾ ਰਹੇਗਾ ਉਦੋਂ ਤਕ ਮੇਰੀ ਖੁਸ਼ੀ ਇਸ ਉਤੇ ਹੈ ਪਰ ਜਦੋਂ ਇਹ ਬਿਪਰਵਾਦੀ ਰੀਤਾਂ ਪਕੜੇਗਾ ਫਿਰ ਮੈਂ ਇਸ ਦਾ ਵਿਸ਼ਵਾਸ ਨਹੀਂ ਕਰਾਂਗਾ। ਫਿਰ ਇਹ ਕਿਹੜੇ ਰਾਸ਼ਟਰ ਦੀ ਸਿੱਖ ਸੰਗਤ ਹੈ ਜਿਹੜੀ ਖ਼ਾਲਸੇ ਨੂੰ ਗੁਰੂਤੋਂ ਬੇਮੁਖ ਕਰ ਕੇ ਬਿਪਰਵਾਦ ਦੇ ਡੂੰਘੇ ਸਮੁੰਦਰ 'ਚ ਡੋਬਣ ਲਈ ਤਰਲੋਮੱਛੀ ਹੋ ਰਹੀ ਐ?

**ਜਗਿਆਸੂ** - ਭਾਈ ਸਾਹਿਬ ਜੀ, ਜਦੋਂ ਸਾਡੀ ਰਹਿਤ-ਬਹਿਤ, ਸਾਡਾ ਬਾਣੀ ਬਾਣਾ ਹੈ ਈ ਇਨ੍ਹਾਂ ਤੋਂ ਨਿਆਰਾ ਤਾਂ ਕਿਉਂ ਸਿੱਖ-ਪੰਥ ਨੂੰ ਗੁਮਰਾਹ ਕਰ ਰਹੇ ਆ?

**ਭਾਈ ਭਰਮਤੋੜ ਸਿੰਘ** - ਉਹੀ ਗੱਲ, ਇਕ ਸੁੱਕੇ ਨੂੰ ਖਿੱਚੇ ਤੇ ਦੂਜਾ ਗਿੱਲੇ ਨੂੰ। ਫਿਰ ਵੀ ਕੋਈ ਆਖੇ ਸੂਰ ਤੇ ਗਾਂ ਭੈਣ-ਭਰਾ, ਤਾਂ ਗੱਲ ਨਹੀਂ ਬਣਦੀ। ਮੇਰੀ ਜਾਚੇ ਮਨੁੱਖ ਸਾਰੇ ਬਰਾਬਰ ਆ ਪਰ ਧਾਰਮਕ ਮਤਾਂ ਦੀਆਂ ਰਵਾਇਤਾਂ ਬਰਾਬਰ ਜਾਂ ਇਕ ਨਹੀਂ ਹੋ ਸਕਦੀਆਂ। ਅਸੀਂ ਤਾਂ ਰੋਜ਼ਾਨਾ ਅਰਦਾਸ ਵਿਚ ਸਰਬੱਤ ਦਾ ਭਲਾ ਮੰਗਦੇ ਹਾਂ। ਪਰ ਸੰਘ ਪਰਵਾਰ ਤਾਂ ਈਸਾਈ, ਇਸਲਾਮ ਤੇ ਗੁਰਮਤਿ ਨਾਲ ਨਫ਼ਰਤ ਕਰਨ ਵਿਚ ਅੱਤ ਤਕ ਪਹੁੰਚ ਚੁੱਕਾ ਐ! ਸਿੱਖ ਕਿਸੇ ਵੀ ਧਰਮ ਨੂੰ ਨਫ਼ਰਤ ਨਹੀਂ ਕਰਦਾ ਪਰ ਆਪਣੇ ਧਰਮ 'ਤੇ ਪੱਕੇ ਰਹਿਣਾ, ਸਾਡੇ ਗੁਰੂਸਾਹਿਬਾਂ ਦਾ ਆਦੇਸ਼ ਐ। ਉਧਰ ਰਾਸ਼ਟਰੀ ਸਿੱਖ ਸੰਗਤ ਵੱਲੋਂ ਗਾਈਆਂ ਜਾਂਦੀਆਂ ਕਵਿਤਾਵਾਂ ਵੀ ਸਾਡੇ ਸਿਧਾਂਤ ਦੇ ਅਨੁਕੂਲ ਨਹੀਂ। ਉਹ ਤਾਂ ਸਿੱਖਾਂ ਨੂੰ ਵੀ ਵੱਖਰੀ ਕੌਮ ਨਹੀਂ ਮੰਨਦੇ ਸਗੋਂ ਹਿੰਦੂਸੰਗਠਨ ਹੀ ਮੰਨਦੇ ਆ।

**ਜਗਿਆਸੂ** - ਉਹ ਕਿਉਂ ਜੀ?

**ਭਾਈ ਭਰਮਤੋੜ ਸਿੰਘ** - ਉਹ ਕਹਿੰਦੇ ਆ:

**ਜਿਸ ਕੰਮ ਲਈ ਗੁਰੂਗੋਬਿੰਦ ਸਿੰਘ ਨੇ, ਕੀਤੀ ਪੰਥ ਦੀ ਸਾਜਨ।**

**ਸੋਈ ਕੰਮ ਦੀ ਖਾਤਰ ਕੇਸ਼ਵ, ਕੀਤੀ ਸੰਘ ਸਥਾਪਨਾ।**

**ਜਗਿਆਸੂ** - ਇਹ ਕੇਸ਼ਵ ਕੌਣ ਐਂ ਜੀਦ੍ਹੀ ਤੁਲਨਾ ਗੁਰੂਗੋਬਿੰਦ ਸਿੰਘ ਨਾਲ ਕੀਤੀ ਜਾ ਰਹੀ ਐ?

**ਭਾਈ ਭਰਮਤੋੜ ਸਿੰਘ** - ਕੇਸ਼ਵ ਰਾਮ ਬਲੀਰਾਮ ਹੇਡਗੇਵਾਰ ਨੇ 1925 ਈ: ਵਿਚ ਰਾਸ਼ਟਰੀ ਸਵੈਮ ਸੇਵਕ ਸੰਘ ਦੀ ਸਥਾਪਨਾ ਕੀਤੀ ਸੀ। ਫਿਰ 1986 ਈ: ਵਿਚ ਆਰ. ਐੱਸ. ਐੱਸ. ਨੇ ਇਕ ਵਿੰਗ 'ਰਾਸ਼ਟਰੀ ਸਿੱਖ ਸੰਗਤ' ਨਾਮ ਦਾ ਤਿਆਰ ਕੀਤਾ ਜੋ ਜਨਮ ਤੋਂ ਈ ਆਪਣੇ ਵਾਦ-ਵਿਵਾਦ ਦੇ ਘੇਰੇ ਵਿਚ ਐ। ਹੁਣ ਤਾਂ ਸੰਘ

ਪਰਵਾਰ ਦੇ ਮੁਖੀ ਰਾਜੂਭਈਆ ਦੀ ਜਗ੍ਹਾ ਨਵੇਂ ਥਾਪੇ ਗਏ ਸ੍ਰੀ ਕੇ. ਐੱਸ. ਸੁਦਰਸ਼ਨ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠਲੀ ਸਰਕਾਰ 'ਤੇ ਵੀ ਤਾਬੜਤੋੜ ਹਮਲੇ ਕਰ ਰਹੇ ਨੇ ਤੇ 'ਮੋਹਨ ਭਾਗਵਤ' ਆਰ. ਐੱਸ. ਐੱਸ. ਦੇ ਨਵੇਂ ਜਨਰਲ ਸਕੱਤਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲੋਕਾਂ ਦੇ ਮਨਾਂ ਵਿਚ ਕੌਮਪ੍ਰਸਤੀ ਤੇ ਦੇਸ਼-ਭਗਤੀ ਦੇ ਬੀਜ ਬੀਜਣ ਲਈ ਅਸੀਂ ਸਭ ਧਰਮਾਂ ਦੇ ਲੋਕਾਂ ਨੂੰ ਹਿੰਦੂਤਵ ਦੇ ਛਤਰ ਹੇਠਾਂ ਲਿਆਵਾਂਗੇ। ਜਾਣੀ ਲੁਕੀ-ਛਿਪੀ ਬਿੱਲੀ ਬੈਲਿਓਂ ਬਾਹਰ ਆ ਗਈ ਆ।

**ਜਗਿਆਸੂ** – ਭਾਈ ਸਾਹਿਬ ਜੀ, ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਦੇਣ ਵਾਲੀ ਸਿੱਖ ਕੌਮ ਨੂੰ ਦੇਸ਼ ਭਗਤੀ ਦੀ ਸਿੱਖਿਆ ਹੁਣ ਸੰਘ ਪਰਵਾਰ ਦੇਵੇਗਾ?

**ਭਾਈ ਭਰਮਤੋੜ ਸਿੰਘ** – ਮੈਂ ਕਹਿਨਾਂ ਕਿ ਗੁਰੂਸਾਹਿਬਾਂ ਦੀਆਂ ਸਿੱਖਿਆਵਾਂ ਅਤੇ ਗੁਰੂਗ੍ਰੰਥ ਤੇ ਪੰਥ ਤੋਂ ਵਧ ਕੇ ਸਾਨੂੰ ਨਕਲੀ ਪੰਥ ਜਾਂ ਬਹੁਰੂਪੀਆਂ ਦੀ ਕੋਈ ਲੋੜ ਨਹੀਂ ਹੈ। ਹਿੰਦੂਮਤ ਦਾ ਪ੍ਰਚਾਰ ਉਹ ਜੰਮ-ਜੰਮ ਕਰਨ ਪਰ ਕਿਸੇ ਧਰਮ ਨੂੰ ਨਫਰਤ ਕਰਨੀ ਜਾਂ ਕਿਸੇ ਧਰਮ ਦੇ ਲੋਕਾਂ ਨੂੰ ਗੁਮਰਾਹ ਕਰਨਾ, ਇਹ ਸਿਆਣਪ ਨਹੀਂ ਐ। ਜੇ ਗੁਮਰਾਹ ਕਰਕੇ ਕੰਮ ਚੱਲਦਾ ਹੁੰਦਾ ਤਾਂ ਦੁਨੀਆਂ ਠੱਗਾਂ ਦੀ ਹੀ ਗੁਲਾਮ ਹੁੰਦੀ!

**ਜਗਿਆਸੂ** – ਇਹਦਾ ਮਤਲਬ ਤਾਂ 'ਰਾਸ਼ਟਰੀ ਸਿੱਖ ਸੰਗਤ' ਸਿੱਖਾਂ ਨੂੰ ਗੁਰਮਤਿ ਤੋਂ ਤੋੜਨ ਆਲੀ ਜਥੇਬੰਦੀ ਹੈ?

**ਭਾਈ ਭਰਮਤੋੜ ਸਿੰਘ** – ਬਿਲਕੁਲ! ਇਨ੍ਹਾਂ ਦੀਆਂ ਗਤੀਵਿਧੀਆਂ ਅਤੇ ਛਪੇ ਹੋਏ ਲਿਟਰੇਚਰ ਅਤੇ ਪ੍ਰਚਾਰ ਤੋਂ ਇੰਜ ਲੱਗਦੈ ਕਿ ਇਹ ਵੈਦ ਲੋਕਾਂ ਦੀ ਤੰਦਰੁਸਤੀ ਲਈ ਨਹੀਂ ਸਗੋਂ ਰੋਗੀ ਬਣਾਉਣ ਦੀਆਂ ਦਵਾਈਆਂ ਦੇ ਰਹੇ ਆ। ਇਸ ਤਰ੍ਹਾਂ ਹੌਲੀ-ਹੌਲੀ ਮਰਨ ਵਾਲੇ ਲੋਕਾਂ ਦੀ ਕੌਮੀ ਮੌਤ ਤੋਂ ਬਰੀ ਵੀ ਰਹਿਣਗੇ ਤੇ ਆਪਣੇ ਮਿਸ਼ਨ ਵਿਚ ਸਫਲ ਵੀ ਹੋ ਜਾਣਗੇ। ਸੋ ਗੁਰੂ-ਪੰਥ ਨੂੰ ਸੁਚੇਤ ਹੋਣਾ ਚਾਹੀਦਾ ਹੈ। ਦੋ ਬੁੱਢੇ ਸ਼ੈਤਾਨ ਬਘਿਆੜ, ਬੱਕਰੀਆਂ ਦੀਆਂ ਖੱਲਾਂ ਪਾ ਕੇ ਇੱਜੜਾਂ ਵਿਚ ਰਲ੍ਹ ਗਏ ਸੀ ਤੇ ਧੋਖੇ ਨਾਲ ਰੋਜ਼ ਇਕ ਬੱਕਰੀ ਖਾਂਦੇ-ਖਾਂਦੇ ਸਾਰਾ ਇੱਜੜ ਈ ਖਾ ਗਏ ਸੀ। ਕਿਤੇ ਪੰਥ ਨੂੰ ਵੀ ਬੇਖਬਰ ਆਜੜੀ ਵਾਂਗੂੰ ਬਾਅਦ ਵਿਚ ਪਛਤਾਉਣਾ ਹੀ ਨਾ ਪਵੇ ਇਸ ਕਰਕੇ ਹੁਣੇ ਹੀ ਸੰਭਲ ਜਾਣਾ ਚਾਹੀਦਾ।

**ਜਗਿਆਸੂ** – ਵਾਹ ਭਾਈ ਸਾਹਿਬ ਜੀ, ਤੁਸੀਂ ਤਾਂ ਅੱਜ ਮੇਰੇ ਮਨ ਦਾ ਇਹ ਭਰਮ ਵੀ ਕੱਢ ਦਿੱਤਾ। ਹੁਣ ਮੈਂ ਵੀ ਲੋਕਾਂ ਨੂੰ 'ਰਾਸ਼ਟਰੀ ਸਿੱਖ ਸੰਗਤ' ਪ੍ਰਤੀ ਸੁਚੇਤ ਕਰੂੰਗਾ।

✦✦✦✦✦

# ਵਿਚਾਰ- ਵਿਟਾਦਰਾਂ  - ਪੰਜਵਾਂ

**ਅਸੀਂ ਭੁੱਲ ਗਏ ਕਿ ਅਕਲ ਬਿਨਾਂ ਕੀਤਾ ਦਾਨ**

**ਤਾਂ ਵਿਹਲੜਾਂ ਦੇ ਵੱਗ ਈ ਪੈਦਾ ਕਰਦੈ !**

**ਜਗਿਆਸੂ** - ਕਿਉਂ ਭਾਈ ਸਾਹਿਬ ਜੀ ! ਆਹ ਜਿਹੜੀ ਤਸਵੀਰ ਤੁਸੀਂ ਗੁਰੂਨਾਨਕ ਸਾਹਿਬ ਦੀ ਹਲ ਵਾਹੁੰਦਿਆਂ ਦੀ ਲਾਈ ਆ ਤੇ ਕਈ ਹੋਰਨਾਂ ਥਾਵਾਂ 'ਤੇ ਲੱਗੀ ਵੀ ਹੁੰਦੀ ਆ, ਇਹ ਤਸਵੀਰ ਅਸਲੀ ਐ?

**ਭਾਈ ਭਰਮਤੋੜ ਸਿੰਘ** - ਵੇਖ ਪਿਆਰਿਆ, ਇਹ ਗੁਰੂਜੀ ਦੀ ਭਾਵੇਂ ਅਸਲੀ ਤਸਵੀਰ ਤਾਂ ਨਹੀਂ ਐ, ਪਰ ਗੁਰੂਜੀ ਦੇ ਉਪਦੇਸ਼ਾਂ ਵਾਲੇ ਅਮਲੀ ਜੀਵਨ ਦੀ ਗਵਾਹੀ ਜ਼ਰੂਰ ਭਰਦੀ ਐ....

**ਜਗਿਆਸੂ** - ਉਹ ਕਿਵੇਂ?

**ਭਾਈ ਭਰਮਤੋੜ ਸਿੰਘ** - ਅਖੇ ਉਹ ਕਿਵੇਂ ! ਗੁਰੂਪਿਆਰਿਆ, ਗੁਰੂਜੀ ਨੇ ਮੱਝਾਂ ਚਾਰੀਆਂ, ਹੱਟੀ ਕੀਤੀ (**ਮੋਦੀਖਾਨਾ ਚਲਾਇਆ**), ਵਪਾਰ ਕੀਤਾ ਤੇ ਪਰਚਾਰ ਦੌਰੀਆ ਪਿੱਛੋਂ ਅੰਤਲੇ ਅਠਾਹਰਾ ਸਾਲ ਦੇ ਕਰੀਬ ਗੁਰੂਜੀ ਨੇ ਕਰਤਾਰਪੁਰ ਵਿਖੇ ਹੱਥੀਂ ਕਿਰਤ ਕੀਤੀ ਅਤੇ ਆਪਣੇ ਉਪਦੇਸ਼ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦੇ ਸਿਧਾਂਤ 'ਤੇ ਅਮਲੀ ਰੂਪ ਵਿਚ ਪਹਿਰਾ ਦਿੱਤਾ। ਸਿੱਖੀ ਦੇ ਵਾਰਸਾਂ ਨੂੰ ਸਿੱਖਿਆ ਦੇਣ ਲਈ ਖੁਦ ਕਿਰਤ ਕਰ ਕੇ ਸਮਝਾਇਆ ਹੈ। ਇਹ ਤੇ ਨਹੀਂ ਕੀਤਾ ਕਿ ਸਾਡੇ ਅੱਜਕਲ੍ਹ ਦੇ 'ਬਾਬਿਆਂ' ਵਾਂਗੂੰ ਸਰਦੀਆਂ ਦੇ ਮਹੀਨੇ ਵੀ ਸ਼ਨੀਲ ਦੀਆਂ ਪੱਖੀਆਂ ਝੱਲਣ ਵਾਲੇ ਲਾ ਛੱਡੋ ਤੇ ਕਿਰਤ-ਵਿਰਤ ਦੀ ਗੱਲ ਈ ਦੂਰ।

**ਜਗਿਆਸੂ** - ਭਾਈ ਜੀ ! ਲੋਕ ਹਟਦੇ ਵੀ ਤੇ ਨਹੀਂ ....

**ਭਾਈ ਭਰਮਤੋੜ ਸਿੰਘ** - ਨਹੀਂ ਪਿਆਰਿਆ ! ਇਹ ਏਅਰ ਕੰਡੀਸ਼ਨ ਕਾਰਾਂ, ਆਲੀਸ਼ਾਨ ਡੇਰੇ, ਦਸ-ਵੀਹ ਗੰਨਮੈਨ, ਰੇਸ਼ਮੀ 'ਤੇ ਕੀਮਤੀ ਚੋਲੇ, ਸੁੰਦਰ ਸਿੰਘਾਸਣ, ਖੁੱਲ੍ਹੀਆਂ ਜ਼ਮੀਨਾਂ ਉਤੇ ਜਬਰੀ ਕਬਜ਼ੇ ਕਰਨ ਦੀ ਬਿਰਤੀ ਜਦੋਂ ਨਾਨਕ ਮਿਸ਼ਨ ਦਾ ਪ੍ਰਚਾਰ ਕਰਨ ਵਾਲਿਆਂ ਬਾਬਿਆਂ ਦੇ ਫੈਸ਼ਨ ਬਣ ਜਾਣ ਤਾਂ ਬਲਦਾਂ ਦੀ ਜੋਗ ਵਾਹੁੰਦੇ, ਕਿਰਤ ਕਰਦੇ, ਗੁਰੂਨਾਨਕ ਸਾਹਿਬ ਦੀ ਫੋਟੂ ਕਿਉਂ ਕੋਈ ਲਾਊਗਾ? ਇਹ ਤਾਂ ਮੇਰੇ ਵਰਗਾ ਸਧਾਰਨ ਕਿਰਤੀ ਬੰਦਾ ਈ ਲਾ ਸਕਦਾ....

**ਜਗਿਆਸੂ** - ਗੱਲ ਤਾਂ ਜੀ ਤੁਹਾਡੀ ਠੀਕ ਆ, ਪਰ ਇਹ ਸਾਰਿਆਂ 'ਤੇ ਤਾਂ ਨਹੀਂ ਨਾ ਢੁੱਕਦੀ !

**ਭਾਈ ਭਰਮਤੋੜ ਸਿੰਘ** - ਸਾਰੀ ਦੁਨੀਆਂ 'ਤੇ ਕੋਈ ਵੀ ਗੱਲ ਨਹੀਂ ਢੁੱਕਦੀ ਹੁੰਦੀ, ਇਹ ਅਨੁਪਾਤ ਵੱਧ-ਘੱਟ ਜ਼ਰੂਰ ਹੁੰਦਾ। ਏਥੇ ਸਿੱਖੀ ਜੀਵਨ-ਜਾਚ ਵਾਲੇ ਗੁਰਸਿੱਖ ਤਾਂ ਧੰਨਤਾ ਯੋਗ ਆ ਪਰ ਦੂਜਿਆਂ ਦੀ ਕਿਰਤ 'ਤੇ ਪਲਣ ਵਾਲੇ ਵਿਹਲੜਾਂ ਨੂੰ ਸਿੱਖਿਆ ਦਿੰਦਿਆਂ ਗੁਰੂਜੀ ਨੇ ਫ਼ੁਰਮਾਇਆ :

**"ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੀ ਕੇ ਘਰਿ ਮੰਗਣਿ ਜਾਈ।"**

ਇਹ ਸੱਚਾਈ ਸਿਰਫ ਜੋਗੀਆਂ ਸੰਨਿਆਸੀਆਂ ਉਤੇ ਹੀ ਨਹੀਂ ਢੁੱਕਦੀ ਸਗੋਂ ਇਸ ਤਰ੍ਹਾਂ ਦੇ ਵਿਹਲੜ 'ਤੇ ਅਖੌਤੀ ਸੰਤਾਂ- ਮਹੰਤਾਂ ਸਿੱਖਾਂ 'ਤੇ ਵੀ ਲਾਗੂ ਹੁੰਦੀ ਆ।

**ਜਗਿਆਸੂ** – ਊਂ ਭਾਈ ਸਾਹਿਬ ਜੀ, ਬਹੁਤੀ ਦੁਨੀਆਂ ਤਾਂ ਵਿਹਲੀ ਰਹਿ ਕੇ, ਖੁਸ਼ ਆ, ਸਰਕਾਰੇ-ਦਰਬਾਰੇ ਚਲੇ ਜਾਓ, ਦਫ਼ਤਰਾਂ ਦੇ ਕਰਮਚਾਰੀ ਵਿਹਲੇ, ਸਕੂਲਾਂ ਥਾਵਾਂ 'ਤੇ ਪੜ੍ਹਾਉਣ ਵਾਲੇ ਵਿਹਲੇ। ਪਿੰਡਾਂ ਥਾਵਾਂ 'ਤੇ ਤਾਸ਼ ਖੇਡਣ ਵਾਲੇ ਤਾਂ ਮਿਲ ਜਾਣਗੇ ਪਰ ਕੰਮ ਕਰਨ ਵਾਲੇ ਘੱਟ ਈ ਮਿਲਣਗੇ ।ਬਹੁਤੇ ਤਾਂ ਵਿਹਲੇ ਈ ਵਿਹਲੇ ਆ...

**ਭਾਈ ਭਰਮਤੋੜ ਸਿੰਘ** – ਪਹਿਲਾਂ ਇਹ ਦੱਸ ਬਈ, ਕਦੀ ਵਿਹਲਿਆਂ ਨੇ ਵੀ ਕੁਝ ਖੱਟਿਆ, ਗਵਾਉਣ ਤੋਂ ਸਿਵਾ? ਸਾਡੇ ਦੇਸ਼ ਦਾ ਦੀਵਾਲਾ ਵੀ ਤਾਂ ਤਦੇ ਈ ਨਿਕਲਿਆ ਕਿ ਅਸੀਂ ਸੁਖ ਤਾਂ ਸਾਰੇ ਚਾਹੁੰਨੇ ਆਂ ਪਰ ਉਹਦੇ ਬਦਲੇ 'ਚ ਕੰਮ ਕਰਨ ਨੂੰ ਤਿਆਰ ਨਹੀਂ ਆਂ। ਆਖਰ ਇਹ ਢਾਂਚਾ ਕਦ ਤਾਈਂ ਚੱਲੂ? ਕਹਿੰਦੇ, ਵਿਹਲੇ ਬੈਠ ਕੇ ਖਾਂਦਿਆਂ ਤਾਂ ਖੂਹ ਵੀ ਖਾਲੀ ਹੋ ਜਾਂਦੇ ਆ!

**ਜਗਿਆਸੂ** – ਪਰ ਇਹਦਾ ਹੱਲ ਵੀ ਤੁਸੀਂ ਕੀ ਕਰਲੋਂਗੇ?

**ਭਾਈ ਭਰਮਤੋੜ ਸਿੰਘ** – ਹੱਲ ਤਾਂ ਪਿਆਰਿਆ ਹਰ ਚੀਜ਼ ਦਾ ਐ। ਪਹਿਲੀ ਗੱਲ, ਇਕ ਤਾਂ ਸਾਡੀ ਦਾਨ ਕਰਨ ਦੀ ਬਿਰਤੀ ਨੇ ਬਹੁਤੇ ਵਿਹਲੜਾਂ ਦੇ ਵੱਗ ਊਂ ਈ ਬਣਾ ਦਿਤੇ ਹਨ ਚੰਗੇ-ਭਲੇ, ਹੱਟੇ-ਕੱਟੇ ਸਰੀਰਾਂ ਵਾਲੇ ਐਵੇਂ ਵੀ ਮੰਗਤੇ ਬਣੇ ਫਿਰਦੇ ਆ। ਕੁਝ ਲੋਕ ਬਿਲਕੁਲ ਉਲਟ ਸਾਰੀ ਦੁਨੀਆਂ ਭਰ ਦੀ ਮਾਇਆ ਇਕੱਠੀ ਕਰਨ ਲਈ ਹੱਥ-ਕੰਡੇ ਈ ਵਰਤੀ ਜਾਂਦੇ ਆ। ਕਈ ਔਖੇ ਵੀ ਭਾਵੇਂ ਪੂਰੇ ਆ ਪਰ ਜੀਵਨ ਢੰਗ ਕੋਈ ਨਹੀਂ ਐਂ।

**ਜਗਿਆਸੂ** – ਹੁਣ ਇਹ ਜੀਵਨ ਢੰਗ ਕੌਣ ਦੱਸੇ?

**ਭਾਈ ਭਰਮਤੋੜ ਸਿੰਘ** – ਘੱਟੋ-ਘੱਟ ਸਿੱਖ ਤਾਂ ਇਹ ਜੀਵਨ-ਜਾਚ ਗੁਰਬਾਣੀ ਤੋਂ ਗ੍ਰਹਿਣ ਕਰਨ!

**ਜਗਿਆਸੂ** – ਉਹ ਕਿਵੇਂ?

**ਭਾਈ ਭਰਮਤੋੜ ਸਿੰਘ** – ਪਹਿਲਾਂ ਤਾਂ "ਅਕਲੀ ਕੀਚੈ ਦਾਨ" ਵਾਲੇ ਸਿਧਾਂਤ 'ਤੇ ਪਹਿਰਾ ਦੇਈਏ ਤੇ ਜਾਚੀਏ ਕਿ ਸਾਡੇ ਦਾਨ ਦਾ ਧਨ ਵਿਹਲੜਾਂ-

**ਭਾਈ ਭਰਮਤੋੜ ਸਿੰਘ** – ਮਖੱਟੂਆਂ 'ਚ ਵਾਧਾ ਤਾਂ ਨਹੀਂ ਕਰ ਰਿਹਾ? ਅਸੀਂ ਭੁੱਲ ਗਏ ਕਿ ਅਕਲ ਬਿਨਾਂ ਕੀਤਾ ਦਾਨ ਤਾਂ ਵਿਹਲੜਾਂ ਦੇ ਵੱਗ ਈ ਪੈਦਾ ਕਰਦੈ। ਅੱਜ ਅਸੀਂ 'ਗਰੀਬ ਦਾ ਮੂੰਹ ਗੁਰੂ ਕੀ ਗੋਲਕ' ਦਾ ਅਸੂਲ ਤਿਆਗ ਕੇ ਵਿਹਲੜਾਂ ਅਤੇ ਭੇਖੀਆਂ ਉਤੋਂ ਈ ਨੋਟ ਵਾਰਦੇ ਪਏ ਆਂ। ਅੱਜਕਲ੍ਹ ਮੰਦਰਾਂ-ਗੁਰਦੁਆਰਿਆਂ ਦੇ ਅੰਦਰ-ਬਾਹਰ ਅਤੇ ਘਰ-ਘਰ ਮੰਗਣ ਵਾਲੇ ਬਥੇਰੇ ਵਧ ਗਏ ਆ। ਇਕ ਹੋਰ ਦੂਜੀ ਗੱਲ ਇਹ ਸੀ ਬਈ...

**ਜਗਿਆਸੂ** – ਕੁਝ ਲੋਕ ਦੂਜਿਆਂ ਦੀ ਕਿਰਤ -ਕਮਾਈ ਲੁੱਟਣ ਲਈ ਹਰ ਤਰ੍ਹਾਂ ਦੇ ਜਾਇਜ਼-ਨਾਜ਼ਾਇਜ਼ ਹੱਥ-ਕੰਡੇ ਵਰਤਦੇ ਆ...

**ਭਾਈ ਭਰਮਤੋੜ ਸਿੰਘ** – ਹਾਂ, ਇਹ ਬਹੁਤ ਭੈੜੀ ਬਿਰਤੀ ਆ। ਇਹਦੇ ਕਰਕੇ ਸਾਡੇ ਦੇਸ਼ ਵਿਚ ਭ੍ਰਿਸ਼ਟਾਚਾਰ, ਮਿਲਾਵਟਖੋਰੀ, ਧੋਖਾ ਤੇ ਹੇਰਾਫੇਰੀ ਬੜੀ ਵਧ ਗਈ ਆ। ਐਸੀ ਬਿਰਤੀ ਵਾਲੇ ਦੂਜਿਆਂ ਦਾ ਖ਼ੂਨ ਨਿਚੋੜ ਕੇ ਵੀ ਆਪਣੇ ਖਜ਼ਾਨੇ ਭਰਨ ਲਈ ਉਤਾਵਲੇ ਆ। ਐਸੇ ਲੋਕਾਂ ਨੂੰ ਗੁਰੂਨਾਨਕ ਪਾਤਸ਼ਾਹ ਸਮਝਾਉਂਦੇ ਵੀ ਆ :

**ਜੇ ਰਤੁ ਲਗੈ ਕਪੜੈ ਜਾਮਾਂ ਹੋਇ ਪਲੀਤੁ ॥**

**ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥**

**ਜਗਿਆਸੂ** – ਇਹਦਾ ਕੀ ਮਤਲਬ ਐ?

**ਭਾਈ ਭਰਮਤੋੜ ਸਿੰਘ** – ਬਈ, ਜੇ ਕੱਪੜਿਆਂ ਨੂੰ ਖ਼ੂਨ ਲੱਗ ਜਾਏ ਤਾਂ ਆਪਾਂ ਕਹਿੰਨੇ ਆਂ ਕਿ ਜਾਮਾ (ਪਹਿਰਾਵਾ) ਪਲੀਤ ਭਾਵ ਗੰਦਾ ਹੋ ਗਿਆ ਪਰ ਜੋ ਮਨੁੱਖਾਂ ਦੀ ਰੱਤ ਪੀਂਦੇ ਆ, ਉਨ੍ਹਾਂ ਦਾ ਮਨ ਪਵਿੱਤਰ ਕਿਵੇਂ ਰਹੂ? ਉਹ ਵੀ ਪਲੀਤ ਹਨ।

**ਜਗਿਆਸੂ** – ਕਿਉਂ ਭਾਈ ਸਾਹਿਬ ਜੀ, ਇਸ ਤਰ੍ਹਾਂ ਦੇ ਲੋਕ ਤਾਂ ਸਧਾਰਨ ਕਲਰਕੀ ਤੋਂ ਲੈ ਕੇ ਮਨਿਸਟਰੀ ਤਕ ਆਮ ਈ ਮਿਲਦੇ ਆ ਜੋ ਲੋਕਾਂ ਦੀ ਕਿਰਤ-ਕਮਾਈ ਲੁੱਟ ਕੇ ਆਪ ਐਸ਼ ਕਰ ਰਹੇ ਆ।

**ਭਾਈ ਭਰਮਤੋੜ ਸਿੰਘ** – ਵੇਖ ਪਿਆਰਿਆ! ਜੋ ਗੁਰੂਬਾਬੇ ਨੇ ਤੱਤ ਕੱਢਿਆ ਉਹ ਇਉਂ ਐ :

**"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**

**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥"**

ਬਈ, ਧਰਮੀ ਕਿਰਤ ਤੋਂ ਬਿਨ੍ਹਾਂ ਪਰਾਇਆ ਹੱਕ ਖਾਣਾ ਇਸ ਤਰ੍ਹਾਂ ਐ ਜਿਵੇਂ ਆਪਣੇ ਧਰਮ ਅਨੁਸਾਰ ਹਿੰਦੂਵਰਜਿਤ ਗਾਂ ਖਾ ਰਿਹਾ ਹੋਵੇ ਤੇ ਮੁਸਲਮਾਨ ਸੂਰ। ਐਸੇ ਲੋਕਾਂ ਦਾ ਧਰਮ ਕੋਈ ਨਹੀਂ ਹੁੰਦਾ ਤੇ ਗੁਰੂਪੀਰ ਵੀ ਉਨ੍ਹਾਂ ਦੀ ਹਾਮੀ ਨਹੀਂ ਭਰਦਾ।

**ਜਗਿਆਸੂ** – ਪਰ ਅੱਕਜਲ੍ਹ ਤਾਂ ਦੋ ਨੰਬਰ ਦੀ ਕਮਾਈ ਵਾਲਿਆਂ ਦੀ ਚਾਂਦੀ ਆ!

**ਭਾਈ ਭਰਮਤੋੜ ਸਿੰਘ** – ਇਹ ਵੀ ਮਨ ਦਾ ਭਰਮ ਐ। ਐਸੀ ਮਾਇਆ ਬਹੁਤਾ ਫਲਦੀ ਨਹੀਂ ਹੁੰਦੀ। ਮਾਇਆ ਭਾਵੇਂ ਬਹੁਤ ਕੁਝ ਹੈ ਪਰ ਸਭ ਕੁਝ ਨਹੀਂ ਐਂ। ਸਿਆਣੇ ਕਹਿੰਦੇ, ਮਾਇਆ ਨਾਲ ਚੰਗਾ ਬਿਸਤਰਾ ਮਿਲ ਸਕਦਾ। ਹੈ ਪਰ ਨੀਂਦ ਨਹੀਂ। ਮਾਇਆ ਨਾਲ ਦਵਾਈਆਂ ਮਿਲ ਸਕਦੀਆਂ ਪਰ ਅਰੋਗਤਾ ਨਹੀਂ । ਗੁਰੂਨਾਨਕ ਸਾਹਿਬ ਜੀ ਨੇ ਏਸੇ ਲਈ ਮਲਕ ਭਾਗੋ ਦੀਆਂ ਪੂੜੀਆਂ ਨੂੰ ਖ਼ੂਨੀ ਕਮਾਈ ਕਹਿ ਕੇ ਦੁਰਕਾਰਿਆ ਸੀ ਅਤੇ ਭਾਈ ਲਾਲੋ ਦੀ ਰੋਟੀ ਨੂੰ

ਦੁੱਧ ਸਮਾਨ ਕਹਿ ਕੇ ਸੱਚੀ ਕਿਰਤ ਨੂੰ ਸਤਕਾਰਿਆ ਸੀ। ਇਥੋਂ ਸਾਨੂੰ ਸੱਚੀ-ਸੁੱਚੀ ਕਿਰਤ ਕਰਨ ਦੀ ਪ੍ਰੇਰਨਾ ਲੈਣੀ ਚਾਹੀਦੀ ਆ।

**ਜਗਿਆਸੂ** – ਇਕ ਗੱਲ ਆ ਜੀ ! ਸਾਡੇ ਪੰਜਾਬ ਦੀ ਗੱਲ ਕਰ ਲੋ। ਏਥੇ ਜ਼ਿਮੀਂਦਾਰ ਕਹਿੰਦੇ, ਅਸੀਂ ਤੰਗ ਆਂ ਪਰ ਭਈਏ (**ਪਰਵਾਸੀ ਮਜ਼ਦੂਰ**) ਵੇਖ ਲੋ ਬਥੇਰੀ ਕਮਾਈ ਕਰੀ ਜਾਂਦੇ ਆ। ਸਰਕਾਰ ਕਹਿੰਦੀ, ਆਰਥਕ ਸੰਕਟ ਆ, ਪੜ੍ਹਿਆਂ-ਲਿਖਿਆਂ ਨੂੰ ਨੌਕਰੀ ਹੈ ਨਹੀਂ, ਆਮ ਲੋਕ ਕਿਰਤ ਕਿਹੜੀ ਕਰਨ?

**ਭਾਈ ਭਰਮਤੋੜ ਸਿੰਘ** – ਗੱਲ ਫਿਰ ਉਹੀ ਆ ਬਈ, ਭਈਏ (ਪਰਵਾਸੀ ਮਜ਼ਦੂਰ) ਏਥੋਂ ਕਮਾਈ ਕਰੀ ਜਾਂਦੇ ਆ ਪਰ ਏਥੋਂ ਦੇ ਵਸਨੀਕ ਕਿਉਂ ਨਈਂ ਕਰਦੇ? ਏਹੋ ਸਾਡੇ ਭਾਰਤੀ ਲੋਕ ਵਿਦੇਸ਼ਾਂ 'ਚ ਜਾ ਕੇ ਸੋਲ੍ਹਾਂ- ਸੋਲ੍ਹਾਂ ਘੰਟੇ ਵੀ ਮਜ਼ਦੂਰੀ ਕਰਦੇ ਆ ਪਰ ਏਥੇ ਕਰ ਕੇ ਕਿਉਂ ਖ਼ੁਸ਼ ਨਹੀਂ?

**ਜਗਿਆਸੂ** – ਉਥੇ ਡਾਲਰ/ਪੌਂਡ ਜੁ ਮਿਲਦੇ ਆ !

**ਭਾਈ ਭਰਮਤੋੜ ਸਿੰਘ** – ਗੱਲ ਡਾਲਰਾਂ/ਪੌਂਡਾਂ ਦੀ ਨਹੀਂ, ਉਨ੍ਹਾਂ ਦੀ ਕੀਮਤ ਸਿਰਫ ਹਿੰਦੁਸਤਾਨ ਲਈ ਵੱਧ ਐ, ਉਨ੍ਹਾਂ ਦੇਸ਼ਾਂ 'ਚ ਤਾਂ ਉਹੋ ਕੀਮਤ ਐ ਜਿਵੇਂ ਆਪਣੇ ਰੁਪਈਏ ਦੀ। ਗੱਲ ਇਹ ਆ ਕਿ ਪੰਜਾਬ ਵਿਚ ਜਿਹੜੀ ਕਿਰਤ ਕਰਨ ਤੋਂ ਸਾਡੇ ਲੋਕ ਸ਼ਰਮਾਉਂਦੇ ਆ, ਉਸ ਤੋਂ ਵੀ ਮਾੜੀ ਕਿਰਤ ਵਿਦੇਸ਼ਾਂ ਵਿਚ ਖੁਸ਼ ਹੋ ਕੇ ਕਰੀ ਜਾਂਦੇ ਆ। ਅਗਰ ਏਹੋ ਭਾਵਨਾ ਲੋਕ ਏਥੇ ਪੈਦਾ ਕਰ ਲੈਣ ਤਾਂ ਉਹ ਏਥੇ ਹੀ ਖੁਸ਼ਹਾਲ ਹੋ ਸਕਦੇ ਆ।

**ਜਗਿਆਸੂ** – ਏਥੇ ਕੋਈ ਸੋਲ੍ਹਾਂ ਕੀ, ਛੇ ਘੰਟੇ ਵੀ ਕੰਮ ਕਰ ਕੇ ਰਾਜ਼ੀ ਨਹੀਂ ਐ। ਤੁਸੀਂ ਕਿਸੇ ਦਫ਼ਤਰ ਚਲੇ ਜਾਓ, ਬਹਾਨਿਆਂ ਅਤੇ ਲਾਰਿਆਂ ਤੋਂ ਸਿਵਾਏ ਕੋਈ ਗੱਲ ਈ ਨਹੀਂ।

**ਭਾਈ ਭਰਮਤੋੜ ਸਿੰਘ** – ਸੱਚੀ ਕਿਰਤ ਦਾ ਮਤਲਬ ਵੀ ਇਹੋ ਆ ਕਿ ਜਿਸ ਵੀ ਖੇਤਰ ਵਿਚ ਕੰਮ ਕਰਦੇ ਓ, ਉਹਨੂੰ ਮਨ-ਚਿੱਤ ਲਾ ਕੇ ਈਮਾਨਦਾਰੀ ਨਾਲ ਕਰੋ ! ਜੇ ਨਹੀਂ ਕਰ ਰਹੇ ਤਾਂ ਸਮਝੋ ਤੁਹਾਡਾ ਕੋਈ ਧਰਮ ਨਹੀਂ ਜੇ। ਅਸਲੀ ਜੀਵਨ ਤੋਂ ਬਿਨਾਂ ਆਸਤਿਕਤਾ ਦਾ ਹੰਕਾਰ ਕਰੀ ਜਾਣਾ ਤਾਂ ਨਿਰੀ ਮੂਰਖਤਾ ਐ।

**ਜਗਿਆਸੂ** – ਅਸਲ ਵਿਚ ਜਦੋਂ ਵਿਹਲੜ ਲੋਕ ਬਿਨਾਂ ਮਿਹਨਤ ਕੀਤਿਆਂ ਵੀ ਐਸ਼ ਕਰੀ ਜਾਣ ਤਾਂ ਕੰਮ ਕਰਨ ਵਾਲੇ ਵੀ ਕਹਿੰਦੇ ਆ ਬਈ ਆਪਣਾ ਵੀ ਐਂ ਈ ਸਰੀ ਜਾਊ !

**ਭਾਈ ਭਰਮਤੋੜ ਸਿੰਘ** – ਨਕਲ ਤਾਂ ਫਿਰ ਹੁੰਦੀ ਹੀ ਆ ! ਆਹ ਵੱਡੇ-ਵੱਡੇ ਨੇਤਾ, ਮੰਤਰੀ, ਕੌਮਾਂ ਦੇ ਆਗੂ ਵੇਖ ਲੋ, ਇਨ੍ਹਾਂ ਦੀ ਜ਼ਿੰਮੇਵਾਰੀ ਐ ਦੇਸ਼ ਦਾ ਵਿਕਾਸ ਕਰਨਾ, ਸੂਬਿਆਂ ਦੀ ਭਲਾਈ ਲਈ ਸੋਚਣਾ। ਪਰ ਬਹੁਤੇ ਤਾਂ ਭੋਗਾਂ, ਸ਼ਗਨਾਂ ਤੇ ਜਾਂ ਮੇਲਿਆਂ ਦੇ ਉਦਘਾਟਨਾਂ 'ਤੇ ਹੀ ਰਹਿੰਦੇ ਆ। ਪਰ ਪਾਰਲੀਮੈਂਟ 'ਚ ਤਾਂ ਲੜੀ ਜਾਂਦੇ ਆ ਤੇ ਬਾਹਰ ਸਟੇਜਾਂ 'ਤੇ ਮੋਹਣੋ-ਮੇਹਣੀ ਹੋਈ ਜਾਂਦੇ ਆ। ਵੋਟਾਂ ਵੇਲੇ ਫਿਰ ਉਹੋ ਹੀ ਮਸਲੇ। ਬਈ ਜਦੋਂ ਪੰਜਾਂ ਸਾਲਾਂ 'ਚ ਕੁਝ ਕਰਨਾ ਈ ਨਈਂ ਤਾਂ ਮਸਲੇ ਤਾਂ ਖੜ੍ਹੇ ਈ ਰਹਿਣੇ ਆਂ !

**ਜਗਿਆਸੂ** – ਇਹ ਤਾਂ ਜੀ ਬਿਨਾਂ ਕਿਰਤ ਕੀਤਿਓਂ ਈ ਕਰੋੜਾਂਪਤੀ ਬਣ ਜਾਂਦੇ ਆ। ਬਹੁਤਿਆਂ ਦੀ ਤਾਂ ਘਪਲੇ -ਘੁਟਾਲੇ ਈ 'ਕਿਰਤ' ਐ।

**ਭਾਈ ਭਰਮਤੋੜ ਸਿੰਘ** – ਫਿਰ ਜਦੋਂ ਸਮਾਜਕ, ਧਾਰਮਕ, ਰਾਜਨੀਤਕ ਆਗੂਹੀ ਸੱਚੀ ਕਿਰਤ ਦੇ ਫ਼ਲਸਫ਼ੇ 'ਤੇ ਪਹਿਰਾ ਨਾ ਦੇਣ ਤੇ ਹੇਰਾਫੇਰੀਆਂ ਨਾਲ ਕਮਾਈ ਕਰਨ ਲੱਗ ਪੈਣ ਤਾਂ ਬਾਕੀ ਦੁਨੀਆਂ ਨੇ ਵੀ ਤਾਂ ਇਨ੍ਹਾਂ ਕੋਲੋਂ ਈ ਸਿੱਖਿਆ ਲੈਣੀ ਆਂ ! ਫਿਰ ਭਾਈ, ਜੈਸੀ ਕੋਕੋ ਤੈਸੇ ਬੱਚੇ।

**ਜਗਿਆਸੂ** – ਗੱਲ ਤਾਂ ਇਹ ਆ ਜੀ ਕਿ ਸੰਸਾਰ ਨੂੰ ਸੱਚੀ ਕਿਰਤ ਕਰਨ ਦੀ ਪ੍ਰੇਰਨਾ ਕੌਣ ਦੇਵੇ? ਇਹ ਨੇਤਾ ਲੋਕ, ਕੋਈ ਜਥੇਬੰਦੀ ਜਾਂ ਫਿਰ ਧਰਮੀ ਲੋਕ?

**ਭਾਈ ਭਰਮਤੋੜ ਸਿੰਘ** – ਬਾਹਰੋਂ ਪ੍ਰੇਰਨਾ ਦੇਣੀ ਉਸੇ ਦੀ ਹੀ ਮਨ ਲੱਗਦੀ ਹੈ ਜੇ ਪ੍ਰੇਰਨਾ ਦੇਣ ਵਾਲਾ ਖੁਦ ਵੀ ਅਮਲ ਕਰਦਾ ਹੋਵੇ। ਉਹ ਗੱਲ ਨਹੀਂ ਕਿ "ਔਰੋਂ ਕੇ ਨਸੀਹਤ ਖੁਦ ਮੀਆਂ ਫ਼ਸੀਹਤ"। ਆਪਾਂ ਗੁਰਮਤਿ ਦੇ ਨਜ਼ਰੀਏ ਤੋਂ ਗੱਲ ਕਰੀਏ ਤਾਂ ਸਿੱਖੀ ਜੀਵਨ-ਜਾਚ ਕੋਈ ਖਿਆਲਾਂ ਦਾ ਪੁਲੰਦਾ ਨਹੀਂ, ਇਹ ਤਾਂ ਅਮਲੀ ਜੀਵਨ ਦਾ ਨਾਉਂ ਐਂ ! ਇਥੇ ਤਾਂ ਉਪਦੇਸ਼ ਹੈ !

**ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥**

**ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥**

ਇਸ ਤੋਂ ਵੱਡੀ ਸਿੱਖਿਆ ਸੰਸਾਰ ਨੂੰ ਕੋਣ ਦੇਊ? ਤੇ ਹੁਣ ਜੋ ਗੱਲ ਮੈਂ ਕਰਨ ਲੱਗਾਂ, ਇਹ ਕਈਆਂ ਨੂੰ ਕੌੜੀ ਵੀ ਲੱਗਣੀ ਆਂ ....

**ਜਗਿਆਸੂ** – ਕੌੜੀ ਕਿਵੇਂ?

**ਭਾਈ ਭਰਮਤੋੜ ਸਿੰਘ** – ਬਈ ਨੇਤਾ ਲੋਕਾਂ ਨੇ ਕਿਸੇ ਨੂੰ ਕਿਰਤ ਦੀ ਪ੍ਰੇਰਨਾ ਕੀ ਦੇਣੀ ਆਂ ਜਿਹੜੇ ਆਪ ਸਾਰੀ ਉਮਰ ਫੋਕੇ ਲਾਰਿਆਂ ਨਾਲ ਜਨਤਾ ਦਾ ਢਿੱਡ ਭਰਦੇ ਰਹਿੰਦੇ ਆ? ਇਨ੍ਹਾਂ ਦੇ ਭਾਸ਼ਣ ਵੀ ਨੰਦੋ ਮਰਾਸਣ ਦੇ ਵੈਣਾਂ ਵਾਂਗੂੰ ਰਟੇ-ਰਟਾਏ ਹੁੰਦੇ ਆ; ਇਨ੍ਹਾਂ ਦੀਆਂ ਰਾਜਨੀਤੀ ਦੀਆਂ ਮੀਟਿੰਗਾਂ ਤੇ ਮੁਜ਼ਾਹਰੇ ਤਾਂ ਸਗੋਂ ਹੋਰ ਵਿਹਲੜਾਂ ਨੂੰ ਈ ਜਨਮ ਦਿੰਦੇ ਆ। ਜਿਵੇਂ ਬਾਬਾ ਨੱਥਾ ਸਿਉਂ ਕਹਿੰਦਾ ਹੁੰਦਾ, "ਬਈ ਪਿੰਡ 'ਚੋਂ ਜੀਹਤੋਂ ਬਦਲਾ ਲੈਣਾ ਹੋਵੇ, ਉਹਨੂੰ ਪਿੰਡ ਦਾ ਸਰਪੰਚ ਬਣਾ ਦਿਓ, ਪਹਿਲਾਂ ਤਾਂ ਉਸ ਨੂੰ ਪੰਜ ਸਾਲ ਲੋਕਾਂ ਨੇ ਕੰਮ ਨਹੀਂ ਕਰਨ ਦੇਣਾ ਤੇ ਫਿਰ ਉਸ ਨੇ ਆਪ ਕੰਮ ਕਰਨ ਜੋਗਾ ਰਹਿਣਾ ਈ ਨਈਂ।

**ਜਗਿਆਸੂ** – ਕੀ ਫਿਰ ਧਰਮੀ ਲੋਕ ਅਗਵਾਈ ਦੇਣ?

**ਭਾਈ ਭਰਮਤੋੜ ਸਿੰਘ** – ਧਰਮੀ ਲੋਕ ਕਿਵੇਂ ਅਗਵਾਈ ਦੇਣ, ਬਹੁਤਿਆਂ ਨੇ ਤਾਂ ਧਰਮ ਨੂੰ ਈ ਰੁਜ਼ਗਾਰ ਬਣਾ ਲਿਆ ਹੋਇਐ। ਰੁਜ਼ਗਾਰ ਵਾਲੇ ਧਰਮੀ ਲੋਕ ਨਾ ਤਾਂ ਗੁਰਮਤਿ ਦੇ ਸਿਧਾਂਤਾਂ 'ਤੇ ਪਹਿਰਾ ਦੇ ਸਕਦੇ ਆ ਤੇ ਨਾ ਹੀ

ਸੱਚੀ ਪ੍ਰੇਰਨਾ ਦੇ ਸਕਦੇ ਆ। ਅੱਜਕਲ੍ਹ ਥਾਂ-ਥਾਂ ਡੇਰੇ, 'ਬ੍ਰਹਮ ਪੁਰਸ਼' ਤੇ 'ਸਾਧੂ-ਸੰਤ' ਇਸ ਗੱਲ ਦੇ ਪ੍ਰਤੀਕ ਐ ਕਿ ਬਹੁਤੀ ਥਾਈਂ ਗੁਰੂਗ੍ਰੰਥ, ਪੰਥ ਤੇ ਗੁਰਮਤਿ ਮਰਯਾਦਾ ਨਾਲੋਂ ਵਪਾਰਕ ਪੱਖ ਅੱਗੇ ਆ। ਐਸੇ ਲੋਕ ਕਿਹਨੂੰ ਦਸਾਂ ਨਹੁੰਆਂ ਦੀ ਕਿਰਤ ਦੀ ਪ੍ਰੇਰਨਾ ਦੇਣਗੇ, ਜਿਹੜੇ ਗੁਰੂਤੋਂ ਵੀ ਬੇਮੁਖ ਹੋ ਕੇ ਨਵੇਂ ਮੱਤ ਚਲਾਈ ਬੈਠੇ ਆ? ਐਸੇ ਲੋਕਾਂ ਦਾ ਨਕਸ਼ਾ ਈ ਤਾਂ ਗੁਰੂਨਾਨਕ ਸਾਹਿਬ ਜੀ ਨੇ ਇਉਂ ਖਿੱਚਿਆ :

**ਗਿਆਨ ਵਿਹੂਣਾ ਗਾਵੈ ਗੀਤ ॥ ਭੁਖੇ ਮੁਲਾਂ ਘਰੇ ਮਸੀਤਿ ॥**

**ਮਖਟੂ ਹੋਇ ਕੈ ਕੰਨ ਪੜਾਏ ॥ ਫਕਰੁ ਕਰੇ ਹੋਰੁ ਜਾਤਿ ਗਵਾਏ ॥**

**ਜਗਿਆਸੂ** – ਵਾਹ ਜੀ! ਸਾਡਾ ਤਾਂ ਗੁਰਮਤਿ ਵਿਰਸਾ ਹੀ ਸਾਡੇ ਲਈ ਸੱਚੀ ਕਿਰਤ ਤੇ ਉਦਮ ਦੀ ਵੱਡੀ ਪ੍ਰੇਰਨਾ ਐਂ, ਜੇ ਕੋਈ ਵਿਚਾਰੇ ਤੇ ਅਮਲ ਕਰੇ....

**ਭਾਈ ਭਰਮਤੋੜ ਸਿੰਘ** – ਬਿਲਕੁਲ ਠੀਕ, ਉੱਜ ਕਿਸੇ ਨੂੰ ਕੋਈ ਕੀ ਸਮਝਾਊ? ਕਹਿੰਦੇ, ਕੋਈ ਵਪਾਰੀ ਤੁਰਿਆ ਜਾਵੇ ਤੇ ਛਾਵੇਂ ਬੈਠੇ ਫਕੀਰ ਨੇ ਪੈਸਾ ਮੰਗ ਲਿਆ। ਵਪਾਰੀ ਲੱਗ ਗਿਆ ਮੱਤਾਂ ਦੇਣ ਕਿ ਵਿਹਲਾ ਬੈਠਾ ਜੋ ਮੰਗਦਾ, ਕੋਈ ਕੰਮ-ਧੰਦਾ ਕਰਿਆ ਕਰ! ਫਕੀਰ ਕਹਿੰਦਾ, ਫਿਰ ਕੀ ਹੋਊ? ਵਪਾਰੀ ਕਹਿੰਦਾ, ਕੰਮ ਧੰਦਾ ਕਰ ਕੇ ਪੈਸੇ ਕਮਾਈਂ, ਪੈਸੇ ਜੋੜ ਕੇ ਵਪਾਰ ਕਰੀਂ, ਫਿਰ ਨੌਕਰ ਕੰਮ ਕਰਨਗੇ ਤੇ ਤੂੰ ਆਰਾਮ ਨਾਲ ਛਾਵੇਂ ਬੈਠੀਂ! ਅੱਗੋਂ ਫਕੀਰ ਪਤਾ ਕੀ ਕਹਿੰਦਾ?

**ਜਗਿਆਸੂ** – ਕੀ ਕਹਿੰਦਾ?

**ਭਾਈ ਭਰਮਤੋੜ ਸਿੰਘ** – ਕਹਿੰਦਾ ਕਿ ਮੈਂ ਪਹਿਲਾਂ ਵੀ ਤਾਂ ਆਰਾਮ ਨਾਲ ਛਾਵੇਂ ਈ ਬੈਠਾ ਆਂ, ਐਨੇ ਪੰਗੇ ਕਰਨ ਦੀ ਕੀ ਲੋੜ ਆ? ਇਸ ਤਰ੍ਹਾਂ ਦੀ ਸੋਚ ਵਾਲੇ ਬਹੁਤੇ ਲੋਕ ਤਾਂ ਸਾਡੇ ਦੇਸ਼ 'ਚ ਪਹਿਲੇ ਈ ਛਾਵੇਂ ਬੈਠੇ ਆ... (**ਦੋਵੇਂ ਹੱਸਦੇ ਹਨ**)

**ਜਗਿਆਸੂ** – ਕਈ, ਭਾਈ ਸਾਹਿਬ ਜੀ, ਕਿਰਤ-ਕਮਾਈ ਵੀ ਕਰਦੇ ਆ ਪਰ ਚਾਦਰ ਵੇਖ ਕੇ ਪੈਰ ਨਹੀਂ ਪਸਾਰਦੇ।

**ਭਾਈ ਭਰਮਤੋੜ ਸਿੰਘ** – ਵੇਖ ਪਿਆਰਿਆ! ਸਾਡੇ ਸਮਾਜ ਦੀਆਂ ਫਜ਼ੂਲ ਜਿਹੀਆਂ ਰੀਤਾਂ/ਰਸਮਾਂ 'ਤੇ ਦਿਨਾਂ ਤਿਹਾਰਾਂ 'ਤੇ ਬੇਲੋੜਾ ਖਰਚ ਵੀ ਸਧਾਰਨ ਬੰਦੇ ਦੀ ਕਿਰਤ ਨੂੰ ਘੁਣ ਵਾਂਗੂੰ ਚਿੰਬੜਿਆ ਐ। ਵੇਖਾ-ਵੇਖੀ ਫਜ਼ੂਲ ਖਰਚਾ ਵੀ ਕਈਆਂ ਬੰਦਿਆਂ ਨੂੰ ਨੰਗ ਕਰ ਦਿੰਦਾ। ਅਮੀਰ ਬੰਦਿਆਂ ਦੇ ਤਾਂ ਚੋਜ ਈ ਆ ਕਿ ਪੈਸਾ ਉਜਾੜਨ ਨੂੰ ਥਾਂ ਚਾਹੀਦਾ ਪਰ ਕਈ ਹਮਾਤੜ 'ਕਊਆ ਚਲਾ ਹੰਸ ਕੀ ਚਾਲ' ਵਾਂਗੂੰ ਆਪਣੀ ਚਾਲ ਵੀ ਗੁਆ ਬਹਿੰਦੇ ਆ। ਇਸ ਤਰ੍ਹਾਂ ਦੇ ਬੇਲੋੜੇ ਖਰਚਿਆਂ ਦੇ ਪੱਟੇ ਕਈ ਤਾਂ ਸਾਰੀ ਉਮਰ ਕਰਜ਼ਾ ਲਾਹੁੰਦੇ ਈ ਮਰ ਜਾਂਦੇ ਆ!

**ਜਗਿਆਸੂ** – ਉਂਜ ਭਾਈ ਸਾਹਿਬ, ਹਵਾ ਈ ਐਸੀ ਆ। ਕਈ ਵਾਰ ਮਰਦਿਆਂ ਦੇ ਅੱਕ ਚੱਬਣ ਵਾਲੀ ਗੱਲ ਵਾਂਗੂੰ ਲੋਕ-ਲੱਜ ਲਈ ਅੱਡੀਆਂ ਚੱਕ ਕੇ ਫਾਹਾ ਲੈਣਾ ਈ ਪੈਂਦਾ।

**ਭਾਈ ਭਰਮਤੋੜ ਸਿੰਘ** – ਭਾਈ, ਜਦੋਂ ਅੱਡੀਆਂ ਚੁੱਕ ਕੇ ਫਾਹਾ ਲਓਗੇ ਤਾਂ ਮੌਤ ਵੀ ਤਾਂ ਪੱਕੀ ਐ!

**ਜਗਿਆਸੂ** – ਹੋਰ ਛੱਡੋ, ਆਹ ਜਨਾਨੀਆਂ ਈ ਵੇਖ ਲੋ, ਵੀਹ-ਵੀਹ ਸੂਟ ਸੁਆ ਕੇ ਘਰ ਭਰ ਲੈਂਦੀਆਂ। ਫਜ਼ੂਲ ਖਰਚੇ ਤੋਂ ਵਰਜੋ ਤਾਂ ਲੜਾਈ ਪੈਂਦੀ ਆ...

**ਭਾਈ ਭਰਮਤੋੜ ਸਿੰਘ** – (ਹੱਸਦਾ ਹੈ) ਇਹ ਤਾਂ ਭਾਈ ਸਾਰਿਆਂ ਦਾ ਹੀ ਮਸਲਾ! ਸਿਆਣੇ ਕਹਿੰਦੇ ਕਿਰਤ ਕਰਨੀ ਤੇ ਕਿਰਤ ਸਾਂਭਣੀ ਦੋ ਵੱਖ-ਵੱਖ ਕੰਮ ਆਂ। ਕੋਈ ਕਮਾਵੇ ਘੱਟ ਤੇ ਖਰਚੇ ਜ਼ਿਆਦਾ ਤਾਂ ਗੁਜ਼ਾਰਾ ਕਿਵੇਂ ਹੋਊ? ਦੂਜਾ ਚਿੱਟ ਕੱਪੜੀਆ ਬਿਰਤੀ ਵੀ ਸਾਡੀ ਕਿਰਤ ਕਰਨ ਦੇ ਰਸਤੇ ਵਿਚ ਰੋੜਾ ਬਣੀ ਆਂ ਪਰ ਸਾਨੂੰ ਸਾਰਿਆਂ ਨੂੰ ਕਿਰਤ ਜਰੂਰ ਕਰਨੀ ਚਾਹੀਦੀ ਆ....

**ਜਗਿਆਸੂ** – ਨਾਲੇ ਕਿਰਤ ਕਰਨ ਵਾਲੇ ਦਾ ਤਾਂ ਸਰੀਰ ਵੀ ਤੰਦਰੁਸਤ ਤੇ ਤਕੜਾ ਰਹਿੰਦਾ ਐ! ਕਈਆਂ ਤੋਂ ਤਾਂ ਵਿਹਲੇ ਰਹਿ ਕੇ ਆਪਣਾ ਢਿੱਡ ਈ ਨਹੀਂ ਚੱਕਿਆ ਜਾਂਦਾ।

**ਭਾਈ ਭਰਮਤੋੜ ਸਿੰਘ** – ਬਿਲਕੁਲ ਠੀਕ, ਵਿਹਲੜਪੁਣਾ ਤਾਂ ਸਾਨੂੰ ਮੋਟੇ, ਆਲਸੀ ਤੇ ਦਲਿੱਦਰੀ ਬਣਾਉਂਦਾ ਆ। ਐਸੇ ਲੋਕਾਂ ਨੂੰ ਤਾਂ ਗੁਰੂ-ਪਾਤਸ਼ਾਹ ਸਮਝਾ ਰਹੇ ਐ :

**"ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥"**

ਸੱਚੀ-ਸੁੱਚੀ ਕਿਰਤ ਵਾਲਾ, ਸੰਜਮ ਵਿਚ ਖਾਣ ਤੇ ਸੌਣ ਵਾਲਾ ਹਮੇਸ਼ਾ ਤੰਦਰੁਸਤ ਰਹਿੰਦਾ ਹੈ।

**ਜਗਿਆਸੂ** – ਹੁਣ ਇਹ ਦੱਸੋ ਕਿ ਸੱਚੀ-ਸੁੱਚੀ ਦਸਾਂ ਨਹੁੰਆਂ ਦੀ ਕਿਰਤ ਲਈ ਲੋਕਾਂ 'ਚ ਉਤਸ਼ਾਹ ਕਿਵੇਂ ਪੈਦਾ ਕੀਤਾ ਜਾ ਸਕਦੈ?

**ਭਾਈ ਭਰਮਤੋੜ ਸਿੰਘ** – ਪਹਿਲੀ ਗੱਲ ਕਿ ਇਹ ਕੋਈ ਬੁਖਾਰ ਦਾ ਟੀਕਾ ਤਾਂ ਹੈ ਨਹੀਂ ਬਈ, ਸਾਰਿਆਂ ਦੇ ਚੂਲੇ 'ਤੇ ਲਾ ਦੇਈਏ। ਇਹਦੇ ਲਈ ਸਭ ਤੋਂ ਵੱਡੀ ਪ੍ਰੇਰਨਾ ਤਾਂ ਸਾਡਾ ਗੁਰਮਤਿ ਸਿਧਾਂਤ ਹੈ ਕਿ

**"ਘਾਲਿ ਖਾਇ ਕਿਛੁ ਹਥਹੁ ਦੇਇ ॥**

**ਨਾਨਕ ਰਾਹੁ ਪਛਾਣਹਿ ਸੇਇ ॥"**

ਦੂਜੀ ਪ੍ਰੇਰਨਾ ਇਹ ਆ ਕਿ ਕਿਰਤ ਤੋਂ ਬਿਨਾਂ ਵਿਹਲੜ ਤੇ ਆਲਸੀ ਬੰਦੇ ਸਿਰਫ ਘਰ-ਪਰਵਾਰ ਲਈ ਹੀ ਬੋਝ ਨਹੀਂ, ਸਗੋਂ ਸਮਾਜ ਤੇ ਸੰਸਾਰ ਲਈ ਵੀ ਬੋਝ ਹੁੰਦੇ ਆ। ਚੰਗੇ ਭਵਿੱਖ ਲਈ ਸਾਨੂੰ ਸਾਰਿਆਂ ਨੂੰ ਦਸਾਂ-ਨਹੁੰਆਂ ਦੀ ਕਿਰਤ ਕਰਨੀ ਜ਼ਰੂਰੀ ਹੈ। ਕਿਉਂ ਅਜੇ ਵੀ ਹਲ ਵਾਹੁੰਦੇ ਗੁਰੂਜੀ ਦੀ ਤਸਵੀਰ ਵਾਲਾ ਭਰਮ ਟੁੱਟਾ ਕਿ ਨਈਂ?

**ਜਗਿਆਸੂ** – ਮੈਂ ਕਿਹਾ, ਭਾਈ ਸਾਹਿਬ, ਮਨ ਦਾ ਭਰਮ ਵੀ ਟੁੱਟਾ ਤੇ ਦਸਾਂ ਨਹੁੰਆਂ ਦੀ ਕਿਰਤ ਕਰਨ ਦੀ ਪ੍ਰੇਰਨਾ ਵੀ ਮਿਲੀ।

**ਭਾਈ ਭਰਮਤੋੜ ਸਿੰਘ** – ਚੱਲ ਫਿਰ ਗੱਲਾਂ ਤੇ ਬਥੇਰੀਆਂ ਕਰ ਲਈਆਂ, ਹੁਣ ਆਪਾਂ ਵੀ ਆਪੋ-ਆਪਣੇ ਕੰਮਾਂ ਧੰਦਿਆਂ 'ਤੇ ਚੱਲੀਏ।

(ਦੋਵੇਂ ਉੱਠ ਕੇ ਚਲੇ ਜਾਂਦੇ ਹਨ)

✦✦✦✦✦

# ਵਿਚਾਰ- ਵਿਟਾਦਰਾਂ – ਛੇਵਾਂ

**ਹਰ ਧਰਮ ਜਾਂ ਸਿਆਸੀ ਪਾਰਟੀ ਨੂੰ ਨੁਕਸਾਨ**

**ਹਮੇਸ਼ਾ ਬੇਅਸੂਲੇ ਬੰਦਿਆਂ ਤੋਂ ਈ ਹੁੰਦੈ....**

**ਜਗਿਆਸੂ** – ਕਿਉਂ ਭਾਈ ਸਾਹਿਬ ਜੀ ! ਪਰਸੋਂ ਕਾਮਰੇਡਾਂ ਦਾ ਜਲਸਾ ਵੇਖਿਆ? ਉਹ ਵੀ ਪਤੰਦਰ ਧਰਮੀ ਲੋਕਾਂ 'ਤੇ ਤਵੇ ਬੜੇ ਲਾਉਂਦੇ ਆ...

**ਭਾਈ ਭਰਮਤੋੜ ਸਿੰਘ** – ਗੁਰੁਪਿਆਰਿਆ ! ਉਨ੍ਹਾਂ ਦੇ ਤਵੇ ਠੀਕ ਵੀ ਆ ਤੇ ਗ਼ਲਤ ਵੀ ਆ।

**ਜਗਿਆਸੂ** – ਇਹ ਕੀ ਗੱਲ ਹੋਈ ਭਲਾ, ਠੀਕ ਵੀ ਆ ਤੇ ਗ਼ਲਤ ਵੀ ਆ?

**ਭਾਈ ਭਰਮਤੋੜ ਸਿੰਘ** – ਭਾਈ ਸਿੱਕੇ ਦੇ ਦੋ ਪਾਸਿਆਂ ਵਾਂਗੂੰ ਹਰ ਚੀਜ਼ ਦੇ ਦੋ ਪੱਖ ਹੁੰਦੇ ਆ, ਜਿਸ ਬੰਦੇ 'ਚ ਗੁਣ ਆਂ, ਉਹਦੇ 'ਚ ਔਗੁਣ ਵੀ ਹੋਣਗੇ। ਇਨ੍ਹਾਂ ਦੀ ਮਿਰਦਾਰ ਘੱਟ-ਵੱਧ ਹੋ ਸਕਦੀ ਆ। ਕਮਿਊਨਿਸਟ ਪਾਰਟੀ ਦਾ ਵੀ ਏਹੋ ਹਾਲ ਆ...

**ਜਗਿਆਸੂ** – ਪਹਿਲਾਂ ਤਾਂ ਤੁਸੀਂ ਕਹਿੰਦੇ ਸੀ ਕਿ ਜੀਹਦਾ ਢਿੱਡ ਭਰਿਆ ਹੋਵੇ ਤੇ ਸੁਣੇ ਕਿਸੇ ਦੀ ਨਾ, ਉਹ 'ਨਿਹੰਗ ਸਿੰਘ' ਤੇ ਜੋ ਢਿੱਡੋਂ ਭੁੱਖਾ ਹੋਵੇ ਪਰ ਬੋਲਣੋ ਨਾ ਹਟੇ, ਉਹ 'ਕਾਮਰੇਡ' ਹੁੰਦਾ। ਪਰ ਹੁਣ ਤੁਸੀਂ ਉਨ੍ਹਾਂ ਦੇ ਪੱਖ ਦੀਆਂ ਗੱਲਾਂ ਕਰੀ ਜਾਂਦੇ ਓ....

**ਭਾਈ ਭਰਮਤੋੜ ਸਿੰਘ** – ਵੇਖ ਬਈ ! ਨਾ ਮੈਂ ਉਨ੍ਹਾਂ ਦੇ ਪੱਖ 'ਚ ਆਂ ਤੇ ਨਾ ਵਿਰੋਧ 'ਚ ਆਂ... ਮੈਂ ਤਾਂ ਆਪਣੇ ਗੁਰੂ ਦਾ ਸਿੱਖ ਆਂ ! ਜੇ ਮੇਰੇ ਗੁਰੂ ਦੀ ਵਿਚਾਰਧਾਰਾ ਵਿਚ ਉਹ ਸਭ ਕੁਝ ਐ, ਜੋ ਕਾਮਰੇਡ ਵੀ ਕਹਿੰਦੇ ਆ ਤਾਂ ਗੁਰੂ ਨੂੰ ਛੱਡ ਕੇ ਮੈਨੂੰ ਕਿਸੇ ਮੰਗਵੀਂ ਵਿਚਾਰਧਾਰਾ ਨੂੰ ਅਪਣਾਉਣ ਦੀ ਲੋੜ ਵੀ ਨਹੀਂ ਐ...

**ਜਗਿਆਸੂ** – ਨਾ ਉਨ੍ਹਾਂ ਕੋਲੇ ਮੰਗਵੀਂ ਵਿਚਾਰਧਾਰਾ ਐ?

**ਭਾਈ ਭਰਮਤੋੜ ਸਿੰਘ** – ਉਹੋ ਗੱਲ ਅਖੇ ਲਾਡਲੇ ਪੁੱਤ ਨੂੰ ਬੇਬੇ ਦੀ ਬਣਾਈ ਤਾਜ਼ੀ ਸਬਜ਼ੀ ਸੁਆਦ ਨਹੀਂ ਲੱਗਦੀ ਤੇ ਗੁਆਂਢੀਆਂ ਦੀ ਬੇਹੀ ਕੜ੍ਹੀ ਦੀਆਂ ਕਿਆ ਬਾਤਾਂ....

**ਜਗਿਆਸੂ** – ਭਾਈ ਸਾਹਿਬ ਜੀ ਤੁਸੀਂ ਤਾਂ ਗੱਲ ਹਾਸੇ 'ਚ ਪਾ ਤੀ...

**ਭਾਈ ਭਰਮਤੋੜ ਸਿੰਘ** – ਹਾਸਾ ਨਹੀਂ, ਇਹ ਸਿਧਾਂਤਕ ਵਿਆਖਿਆ ਐ। ਕਮਿਊਨਿਸਟ ਪਾਰਟੀ ਠੀਕ ਇਸ ਕਰਕੇ ਆ ਕਿ ਇਨ੍ਹਾਂ ਮਸਲੇ ਲੋਕਾਂ ਦੇ ਉਠਾਏ ਜੋ ਸਮੇਂ ਦੀ ਮੰਗ ਮੁਤਾਬਕ ਠੀਕ ਐ ਪਰ ਗ਼ਲਤ ਇਸ ਕਰਕੇ ਹੋਏ ਕਿ ਇਨ੍ਹਾਂ ਅੱਖਾਂ ਮੀਚ ਕੇ ਧਰਮ ਦਾ ਵਿਰੋਧ ਕੀਤਾ ਤੇ ਧਾਰਮਕ ਲੋਕਾਂ ਨੂੰ ਭੰਡਿਆ। ਹੁਣ ਪੰਜਾਬ ਦੀ ਗੱਲ ਕਰੀਏ ! ਜਿਸ ਧਰਤੀ 'ਤੇ ਗੁਰੂਨਾਨਕ ਜੀ ਤੋਂ ਲੈ ਕੇ ਗੁਰੂਗੋਬਿੰਦ ਸਿੰਘ ਜੀ ਤਕ ਦਸ ਗੁਰੂਸਾਹਿਬਾਨ ਨੇ ਮਨੁੱਖਤਾ ਦੀ ਜੀਵਨ-ਜਾਚ ਦਾ ਨਕਸ਼ਾ ਈ ਬਦਲ ਕੇ ਰੱਖ ਦਿੱਤਾ ਤੇ ਗੁਰਮਤਿ ਦੀ ਲਹਿਰ ਇਕ ਇਨਕਲਾਬ ਤੋਂ ਘੱਟ ਨਹੀਂ। ਮੈਂ ਸਮਝਦਾਂ ਪੰਜਾਬ ਵਿਚ ਕਮਿਊਨਿਸਟ ਪਾਰਟੀ ਦਾ ਫੇਲ੍ਹ ਹੋਣਾ ਹੀ ਇਨ੍ਹਾਂ ਦਾ ਗੁਰਮਤਿ ਤੋਂ ਅਨਜਾਣ ਹੋਣਾ ਐਂ....

**ਜਗਿਆਸੂ** – ਜਲਸੇ ਵਿਚ ਤਾਂ ਉਹ ਲੰਮੀਆਂ ਬਾਹਾਂ ਕਰ-ਕਰਕੇ ਕਹਿੰਦੇ ਕਿ ਮਨੁੰਖ ਲਈ ਧਰਮ ਅਫੀਮ ਐ। ਅਖੇ ਐਵੇਂ ਕੁਝ ਸ਼ੈਤਾਨ ਲੋਕਾਂ ਨੇ ਦੁਨੀਆਂ ਨੂੰ ਗੁਮਰਾਹ ਕੀਤਾ ਹੋਇਆ...

**ਭਾਈ ਭਰਮਤੋੜ ਸਿੰਘ** – ਵੇਖੋ ਇਹ ਗੱਲ ਸੁਣਦਾ-ਸੁਣਦਾ ਮੈਂ ਵੀ ਬੁੱਢਾ ਹੋ ਗਿਆ। ਇਹ ਗੱਲ ਲੈਨਿਨ ਨੇ ਆਖੀ ਜੋ ਮਾਰਕਸ ਦੇ ਵਿਚਾਰਾਂ ਦਾ ਹਮਾਇਤੀ ਸੀ। ਜੇ ਉਸ ਨੇ ਕਿਸੇ ਇਕ ਧਰਮ ਦੇ ਬਾਹਰੀ ਕਰਮ-ਕਾਂਡ ਤੋਂ ਪ੍ਰਭਾਵਤ ਹੋ ਕੇ ਕਹਿ ਦਿੱਤੀ ਤਾਂ ਇਹ ਸਾਰਿਆਂ ਧਰਮਾਂ 'ਤੇ ਤਾਂ ਲਾਗੂ ਨਹੀਂ ਹੋ ਸਕਦੀ। ਕਿਸੇ ਪਿੰਡ ਦੀ ਫਿਰਨੀ ਤੋਂ ਇਕ ਬੰਦਾ ਕਾਣਾ ਵੇਖ ਕੇ ਰੱਟ ਲਾ ਦਿਓ ਕਿ ਇਹ ਸਾਰਾ ਪਿੰਡ ਕਾਣਿਆਂ ਦਾ ਐ ਤਾਂ ਲੋਕਾਂ ਕਹਿਣਾ ਕਿ ਪਿੰਡ ਨਹੀਂ ਕਾਣਿਆਂ ਦਾ, ਤੁਸੀਂ ਖ਼ੁਦ ਅੰਨ੍ਹੇ ਓ ਜੋ ਬਿਨਾਂ ਵੇਖਿਆਂ-ਪਰਖਿਆਂ ਪਿੰਡ ਨੂੰ ਨਿੰਦੀ ਜਾਂਦੇ ਓ। ਮੈਨੂੰ ਬਹੁਤੇ ਕਾਮਰੇਡਾਂ ਦੀ ਵੀ ਏਹੋ ਗੱਲ ਦੀ ਗ਼ਲਤ ਲੱਗੀ ਆ।

**ਜਗਿਆਸੂ** – ਤੁਹਾਡੇ ਖ਼ਿਆਲ 'ਚ ਉਹ ਗ਼ਲਤ ਕਹਿੰਦੇ ਆ?

**ਭਾਈ ਭਰਮਤੋੜ ਸਿੰਘ** – ਮੈਂ ਕਹਿਨਾਂ ਕਿ ਬਿਲਕੁਲ ਗ਼ਲਤ ਨੇ ! ਤੂੰ ਇਕ ਗੱਲ ਦੱਸ ਆਪਣੇ ਇਲਾਕੇ ਦੇ ਸਿੱਖ ਪਰਵਾਰਾਂ 'ਚੋਂ ਉਠੇ ਕਾਮਰੇਡ ਭਾਈਆਂ ਨੂੰ ਸਿੱਖ ਇਤਿਹਾਸ, ਗੁਰਬਾਣੀ ਤੇ ਸਿੱਖ ਫ਼ਿਲਾਸਫ਼ੀ ਤੇ ਮਰਿਆਦਾ ਬਾਰੇ ਕਿੰਨਾ ਕੁ ਗਿਆਨ ਐ? ਉਹ ਸਿਰਫ ਪੰਥ ਜਾਂ ਗੁਰਦੁਆਰਿਆਂ ਦੀ ਨਿੰਦਿਆ ਈ ਕਰਨੀ ਜਾਣਦੇ ਨੇ। ਉਹੋ ਹੀ ਪੀੜ੍ਹੀ-ਦਰ-ਪੀੜ੍ਹੀ ਇਨ੍ਹਾਂ ਦੇ ਭਾਸ਼ਨ ਐਂ। ਮੈਂ ਕਹਿਨਾਂ ਕਿ ਇਸ ਪਾਰਟੀ ਦੀਆਂ ਹੱਕੀ ਮੰਗਾਂ ਠੀਕ ਨੇ ਪਰ ਪੰਜਾਬ ਦੇ ਲੋਕ ਫਿਰ ਵੀ ਪਿੱਛੇ ਨਹੀਂ ਲੱਗੇ ਤਾਂ ਕੋਈ ਕਮੀ ਜ਼ਰੂਰ ਐ ਜੇ ਉਹ ਸਮਝਣ ਤਾਂ....

**ਜਗਿਆਸੂ** – ਤੁਸੀਂ ਕੀ ਸਮਝਦੇ ਓ ਕਿ ਉਹ ਪੰਜ ਕਕਾਰ ਧਾਰਨ ਕਰ ਲੈਣ?

**ਭਾਈ ਭਰਮਤੋੜ ਸਿੰਘ** – ਵੇਖ ਪਿਆਰਿਆ ! ਇਕ ਕਾਮਰੇਡ ਗੁਰਮਤਿ ਖ਼ਾਲਸਾਈ ਸਿਧਾਂਤ ਨੂੰ ਪੜ੍ਹ–ਵਿਚਾਰ ਕੇ ਜੇ ਪੰਜ ਕਕਾਰ ਧਾਰਨ ਕਰ ਲੈਂਦਾ ਤਾਂ ਇਹ ਕੋਈ ਮਿਹਣਾ ਨਹੀਂ ਐ। ਇਨ੍ਹਾਂ ਦਾ ਸਮਾਜਵਾਦ ਤਾਂ ਹਾਲੇ ਇਕ ਸੁਪਨਾ ਏ ਪਰ ਗੁਰੂਸਾਹਿਬਾਂ ਨੇ ਜੋ ਸਿਧਾਂਤ ਦਿੱਤੇ ਆ, ਉਹ ਅੱਜ ਵੀ ਕਾਇਮ ਐਂ ! ਬੇਬੇ ਦੀ ਤਾਜ਼ੀ ਸਬਜ਼ੀ ਤੋਂ ਭਾਵ ਮੇਰਾ ਗੁਰਮਤਿ ਵਿਚਾਰਧਾਰਾ ਤੋਂ ਸੀ ਤੇ ਗੁਆਂਢੀਆਂ ਦੀ ਬੇਹੀ ਕੜ੍ਹੀ ਤੋਂ ਭਾਵ ਹੈ ਜਿਹੜਾ ਢਾਂਚਾ ਰੂਸ ਤੇ ਚੀਨ ਵਿਚ ਅਸਫਲ ਹੋ ਗਿਆ, (ਬੇਹਾ ਹੋ ਗਿਆ) ਉਹਦੀਆਂ ਐਵੇਂ ਸਿਫਤਾਂ ਕਰੀ ਜਾਣ ਤੋਂ ਸੀ।

**ਜਗਿਆਸੂ** – ਵਾਹ ਭਾਈ ਸਾਹਿਬ ਜੀ, ਤੁਹਾਡੇ ਵਲ੍ਹ–ਵਿੰਗ ਪਾ ਕੇ ਕੀਤੀਆਂ ਗੱਲਾਂ ਕਈ ਵਾਰੀ ਉਤੋਂ ਦੀ ਲੰਘ ਜਾਂਦੀਆਂ–

**ਭਾਈ ਭਰਮਤੋੜ ਸਿੰਘ** – ਏਸੇ ਲਈ ਮੈਂ ਕਹਿਨਾਂ ਕਿ ਗੁਰਮਤਿ ਨੂੰ ਕਈ ਸਿੱਖਾਂ ਨੇ ਸਮਝਿਆ ਈ ਨਹੀਂ। ਸਿੱਖਾਂ ਦੇ ਘਰ ਜੰਮੇ ਸਿੱਖ ਅਖਵਾ ਕੇ ਖੁਸ਼ ਨਹੀਂ ਪਰ ਕਾਮਰੇਡ ਅਖਵਾ ਕੇ ਬੜੇ ਖੁਸ਼ ਹੁੰਦੇ ਆ। ਇਹਦੇ ਵਿਚ ਵੀ ਇਕ ਰਾਜ਼ ਐ....

**ਜਗਿਆਸੂ** – ਉਹ ਕਿਹੜਾ ਰਾਜ਼ ਐ?

**ਭਾਈ ਭਰਮਤੋੜ ਸਿੰਘ** – ਰਾਜ਼ ਇਹ ਐ ਕਿ ਸਿੱਖੀ ਸੌਖੀ ਵੀ ਆ ਤੇ ਔਖੀ ਵੀ। ਸੌਖੀ ਇਕ ਕਰਕੇ ਕਿ ਇਸ ਵਿਚ ਬਹੁਤੀ ਬੰਦਸ਼ ਨਹੀਂ। ਸਾਦ–ਮਰਾਦਾ ਜੀਵਨ, ਹਰ ਤਰ੍ਹਾਂ ਦੇ ਕਰਮ–ਕਾਂਡਾ ਤੋਂ ਮੁਕਤ, ਨਸ਼ਿਆਂ ਵਿਕਾਰਾਂ ਤੋਂ ਮੁਕਤ ਤੇ ਗੁਰੂਸਾਹਿਬਾਂ ਨੇ ਸਿੱਖ ਨੂੰ ਹਰ ਤਰ੍ਹਾਂ ਦੀ ਗੁਲਾਮੀ ਤੋਂ ਮੁਕਤ ਕੀਤਾ। ਭਾਈ ਗੁਰਦਾਸ ਜੀ ਨੇ ਇਸ ਨੂੰ 'ਗਾਡੀ ਰਾਹ' ਲਿਖਿਆ।

**ਜਗਿਆਸੂ** – ਤੇ ਫਿਰ ਔਖੀ ਕਿਉਂ ਐ?

**ਭਾਈ ਭਰਮਤੋੜ ਸਿੰਘ** – ਔਖੀ ਇਸ ਲਈ ਐ ਕਿ 'ਸਿੱਖੀ ਐ ਸਿੱਖਣ ਦਾ ਨਾਮ ਤੇ ਅਮਲੀ ਜੀਵਨ ਜੀਣ ਦਾ ਨਾਮ।' ਏਸੇ ਲਈ ਸਿੱਖੀ ਮਾਰਗ ਨੂੰ ਖੰਡੇਧਾਰ ਕਿਹਾ ਹੈ। ਅੱਜ ਦੇ ਜ਼ਮਾਨੇ ਵਿਚ ਨਸ਼ਿਆਂ ਤੋਂ ਮੁਕਤ, ਝੂਠੇ ਅਡੰਬਰਾਂ ਤੋਂ ਮੁਕਤ, ਵਿਸ਼ੇ–ਵਿਕਾਰਾਂ ਨੂੰ ਤਿਆਗ ਕੇ ਬਾਣੀ ਅਤੇ ਬਾਣੇ ਵਿਚ ਪਰਪੱਕ ਰਹਿਣਾ ਵੀ ਸੂਰਮਤਾਈ ਤੋਂ ਘੱਟ ਨਹੀਂ। ਗੁਰਮਤਿ ਮਾਰਗ 'ਤੇ ਚੱਲਣ ਵਾਸਤੇ ਮਨ ਤਕੜਾ ਚਾਹੀਦਾ। ਬਿਨਾਂ ਅਮਲੀ ਜੀਵਨ ਤੋਂ ਫੋਕੇ ਇਨਕਲਾਬ ਦੇ ਨਾਅਰੇ ਲਾਉਣ ਵਾਲੇ ਇਹ ਮੀਟੀ ਨਹੀਂ ਪੁੱਗ ਸਕਦੇ ਤੇ ਇਕ ਹੋਰ ਵੀ ਪਤੇ ਦੀ ਗੱਲ ਐ...

**ਜਗਿਆਸੂ** – ਓਹ ਵੀ ਦੱਸ ਛੱਡੋ ਭਾਈ ਸਾਹਿਬ....

**ਭਾਈ ਭਰਮਤੋੜ ਸਿੰਘ** – ਇਕ–ਦੋ ਢਾਡੀ ਕਵੀਸ਼ਰ ਸਾਰੀ ਉਮਰ ਸਿੱਖ ਇਤਿਹਾਸ ਤੇ ਗੁਰਬਾਣੀ ਦੇ ਹਵਾਲੇ ਦੇ ਕੇ ਮਾਇਆ ਕਮਾਉਂਦੇ ਰਹੇ, ਹੁਣ ਬੁੱਢੇ ਵਾਰੇ ਕਹਿੰਦੇ ਕਿ ਅਸੀਂ ਤਾਂ ਨਾਸਤਕ ਆਂ, ਅਖੇ ਅਸੀਂ ਕਿਸੇ ਆਸਤਕ ਵਿਚਾਰਧਾਰਾ ਨੂੰ ਨਹੀਂ ਮੰਨਦੇ ! ਹੁਣ ਪੁੱਛੇ ਕੋਈ ਬਈ ਆਸਤਕ ਵਿਚਾਰਧਾਰਾ ਨੂੰ ਨਹੀਂ ਮੰਨਦੇ ! ਹੁਣ ਪੁੱਛੇ ਕੋਈ

ਬਈ ਆਸਤਕ ਸੂਰਮਿਆਂ ਦੀਆਂ ਵਾਰਾਂ ਤੇ ਇਤਿਹਾਸ ਜੇ ਪੈਸੇ ਇਕੱਠੇ ਕਰਨ ਲਈ ਜਾਂ ਸ਼ੋਹਰਤ ਲਈ ਲਿਖਿਆ ਸੀ, ਤਾਂ ਤੁਹਾਡੀ ਨਾਸਤਿਕਤਾ ਦਾ ਇਖ਼ਲਾਕ ਕੀ ਹੋਇਆ? ਏਸੇ ਤਰ੍ਹਾਂ ਪੰਜਾਬ ਦੇ ਕੁਝ ਨਾਮਵਰ ਕਮਿਊਨਿਸਟ ਵਿਦੇਸ਼ਾਂ 'ਚ ਪ੍ਰਚਾਰ ਤਾਂ ਆਪਣੀ ਪਾਰਟੀ ਦਾ ਕਰਦੇ ਸੀ ਪਰ ਡਾਲਰ ਕਮਾਉਣ ਲਈ ਧਾਰਮਕ ਡਰਾਮੇ ਤੇ ਸ਼ਬਦ, ਗੁਰਦੁਆਰਿਆਂ ਦੀ ਸਟੇਜ 'ਤੇ ਪੜ੍ਹਦੇ ਸੀ, ਪਰ ਪੰਜਾਬ 'ਚ ਆ ਕੇ ਫਿਰ ਗੁਰਦੁਆਰਿਆਂ ਦੇ ਖਿਲਾਫ਼ ਬੋਲੀ ਜਾਂਦੇ ਸੀ...

**ਜਗਿਆਸੂ** – ਇਹ ਤਾਂ ਫਿਰ ਜਨਤਾ ਦੀਆਂ ਅੱਖਾਂ ਵਿਚ ਘੱਟਾ ਪਾਉਣ ਵਾਲੀ ਗੱਲ ਹੀ ਹੋਈ, ਉਲਟਾ ਕਹੀ ਜਾਂਦੇ ਆ ਕਿ ਸਮਾਜਵਾਦ ਦੇ ਰਾਹ ਵਿਚ ਰੋੜਾ ਈ ਧਰਮੀ ਲੋਕ ਨੇ, ਜਿਹੜੇ ਕਹਿੰਦੇ ਹਨ ਕਿ ਜੋ ਮਿਲਿਆ ਉਹਦੇ 'ਤੇ ਸਬਰ ਕਰੋ....

**ਭਾਈ ਭਰਮਤੋੜ ਸਿੰਘ** – ਘੱਟੋ-ਘੱਟ ਗੁਰਮਤਿ ਵਿਚ ਇਨ੍ਹਾਂ ਗੱਲਾਂ 'ਤੇ ਕੋਈ ਸਮਝੌਤਾ ਨਹੀਂ ਐ, ਭਾਵੇਂ "ਹੁਕਮਿ ਰਜਾਈ ਚਲਣਾ" ਤੇ "ਤੇਰਾ ਕੀਆ ਮੀਠਾ ਲਾਗੈ" ਗੁਰਬਾਣੀ ਦਾ ਉਪਦੇਸ਼ ਐ ਪਰ ਇਹ ਪਰਕਰਣ ਸਮਝਣ ਲਈ ਗੁਰਬਾਣੀ ਦੇ ਅਰਥ ਤੇ ਫ਼ਿਲਾਸਫ਼ੀ ਸਮਝਣੀ ਜ਼ਰੂਰੀ ਐ। ਸਾਡਾ ਪਹਿਲਾ ਸਿਧਾਂਤ ਐ, "ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ।" ਇਥੇ ਗੁਰੂਸਾਹਿਬਾਂ ਦੀ ਪ੍ਰੇਰਨਾ ਹੈ :

**ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥**

ਗੁਰੂ-ਘਰ ਵਿਚ ਵਿਹਲੜ, ਆਲਸੀ, ਮੰਗਤਾ, ਡਰਪੋਕ, ਨਸ਼ਈ ਬੰਦਾ ਪ੍ਰਵਾਨ ਨਹੀਂ। ਦੂਜੀ ਗੱਲ ਐ ਕਿ ਜੇ ਈਨ ਮੰਨਣ ਜਾਂ ਸਿਰ ਨਿਵਾ ਕੇ ਸਬਰ ਕਰਨ ਦੀ ਗੱਲ ਹੁੰਦੀ ਤਾਂ ਗੁਰੂ- ਪਾਤਸ਼ਾਹ ਜਬਰ-ਜ਼ੁਲਮ ਦੇ ਖਿਲਾਫ ਕੌਮ ਨੂੰ ਲਾਮਬੰਦ ਨਾ ਕਰਦੇ! 'ਰਾਜੇ ਸੀਹ ਮੁਕਦਮ ਕੁਤੇ' ਦੀ ਧੁਨ ਅਲਾਪਣੀ, ਬਾਬਰ ਨੂੰ ਜਾਬਰ ਕਹਿਣਾ, ਤਖ਼ਤ ਸਿਰਜਣੇ, ਨਗਾਰੇ ਵਜਾਉਣੇ, ਫੌਜ਼ਾਂ ਰੱਖਣੀਆਂ, ਘੋੜ ਸਵਾਰੀ ਕਰਨੀ, ਸ਼ਿਕਾਰ ਲਈ ਜਾਣਾ, ਕਲਗੀ ਸਜਾਉਣੀ, ਨਿਸ਼ਾਨ ਝੁਲਾਉਣੇ, ਕਿਲ੍ਹੇ ਬਣਾਉਣੇ, ਜੰਗ ਕਰਨੇ, ਸਮੇਂ ਦੇ ਜ਼ਾਲਮ ਹੁਕਮਰਾਨਾਂ ਨੂੰ ਸਿੱਧੀ ਵੰਗਾਰ ਸੀ। ਮੈਂ ਕਹਿਨਾਂ ਕਿ ਹਿੰਦੁਸਤਾਨ ਦੀ ਧਰਤੀ 'ਤੇ ਦੱਬਿਆਂ-ਕੁਚਲਿਆਂ ਨੂੰ ਜੇ ਆਪਣੇ ਹੱਕਾਂ ਤੇ ਗੈਰਤ-ਅਣਖ ਲਈ ਜੀਣ ਦੀ ਜਾਚ ਦੱਸੀ ਆ ਤਾਂ ਇਹ ਕੇਵਲ ਤੇ ਕੇਵਲ ਗੁਰੂਸਾਹਿਬਾਂ ਦੀ ਬਦੌਲਤ ਐ। ਸਿੱਖ ਇਤਿਹਾਸ ਪੰਜਾਬ 'ਚ ਉਠੇ ਇਨਕਲਾਬ ਦੀ ਹੀ ਤਾਂ ਕਹਾਣੀ ਐਂ!

**ਜਗਿਆਸੂ** – ਉਹੋ ਗੱਲ ਜਿਵੇਂ ਪ੍ਰੋ. ਪੂਰਨ ਸਿੰਘ ਨੇ ਲਿਖਿਆ ਕਿ "ਪੰਜਾਬ ਜਿਉਂਦਾ ਗੁਰਾਂ ਦੇ ਨਾਂ 'ਤੇ" ਇਹ ਬਿਲਕੁਲ ਸਹੀ ਗੱਲ ਐ...

**ਭਾਈ ਭਰਮਤੋੜ ਸਿੰਘ** – ਬਿਲਕੁਲ ਠੀਕ। ਕੁਝ ਗੱਲਾਂ ਡੂੰਘੀ ਵਿਚਾਰ ਮੰਗਦੀਆਂ ਜਿਵੇਂ ਪੰਜਾਬੀਆਂ ਦੀ ਕਿਰਤੀ ਤੇ ਜੁਝਾਰੂਸੁਭਾਅ, ਲੋੜਵੰਦਾਂ ਦੀ ਮਦਦ ਕਰਨੀ, ਲੋੜਵੰਦਾਂ ਲਈ ਲੰਗਰ ਲਾਉਣੇ, ਦੇਸ਼ ਦੇ ਕਿਸੇ ਪ੍ਰਾਂਤ 'ਚ ਮੁਸੀਬਤ ਪੈਣ 'ਤੇ ਟੱਰਕਾਂ ਦੇ ਟਰੱਕ ਦਾਨ ਦੇ ਦੇਣੇ। ਇਹ ਸਿੱਖਿਆ ਗੁਰੂਸਾਹਿਬਾਂ ਦੀ ਬਖ਼ਸ਼ਿਸ਼ ਈ ਐ...

**ਜਗਿਆਸੂ** – ਇਕ ਗੱਲ ਆ ਜੀ, ਉਹ ਗੱਲਾਂ ਦੇ ਬੜੇ ਗਲਾਦੜ ਐ...

**ਭਾਈ ਭਰਮਤੋੜ ਸਿੰਘ** – ਓ ਪਿਆਰਿਆ, 'ਕੱਲੇ ਗੱਲਾਂ ਨਾਲ ਢਿੱਡ ਨਹੀਂ ਨਾ ਭਰਦੇ ਹੁੰਦੇ! ਅਮਲੀ ਜੀਵਨ ਕਿਸੇ ਮਹਾਨ ਫ਼ਲਸਫ਼ੇ ਤੋਂ ਬਿਨਾਂ ਨਹੀਂ ਬਣਦਾ ਹੁੰਦਾ ਤੇ ਮਹਾਨ ਫ਼ਲਸਫ਼ਾ ਸਿਰੜ-ਸਿਦਕ ਨਾਲ ਹੋਂਦ ਵਿਚ ਆਉਂਦਾ। ਇਹ ਫ਼ਲਸਫ਼ਾ ਗੁਰੂਸਾਹਿਬਾਂ ਬੜੇ ਜ਼ਫ਼ਰ ਜਾਲ ਕੇ ਸਾਡੀ ਝੋਲੀ ਪਾਇਆ।

**ਜਗਿਆਸੂ** – ਫਿਰ ਵੀ ਇਕ ਗੱਲ ਦੀ ਸਮਝ ਨਹੀਂ ਆਉਂਦੀ ਕਿ ਸਿੱਖਾਂ ਵਿਚੋਂ ਕੁਝ ਕੁ ਪੜ੍ਹਿਆ-ਲਿਖਿਆ ਤਬਕਾ, ਕਾਮਰੇਡੀ ਦਾ ਲੇਬਲ ਲਾ ਕੇ ਰਹਿਣ ਵਿਚ ਮਾਣ ਕਿਉਂ ਸਮਝਣ ਲੱਗ ਪਿਆ?

**ਭਾਈ ਭਰਮਤੋੜ ਸਿੰਘ** – ਇਹ ਵੀ ਪਿਆਰਿਆ ਇਕ ਲਹਿਰ ਈ ਸੀ ਜਦੋਂ ਸਾਡੇ ਕੁਝ ਸਾਹਿਤਕਾਰ ਆਪਣੇ ਆਪ ਨੂੰ ਨਾਸਤਕ ਹੋਣ ਦਾ ਭਰਮ ਪਾਲ ਰਹੇ ਸਨ। ਉਨ੍ਹਾਂ ਨੇ ਬਹੁਤ ਕੁਝ ਸਿੱਖ ਹੁੰਦਿਆਂ ਵੀ ਗੁਰਮਤਿ ਤੋਂ ਬੇਮੁਖ ਹੋ ਕੇ ਰਚਿਆ ਤੇ ਪ੍ਰਚਾਰਿਆ ਜਿਸ ਨੂੰ ਪੜ੍ਹ-ਸੁਣ ਕੇ ਕੁਝ ਕੁ ਭੁੱਲੜ ਸਿੱਖ ਵੀ ਕਾਮਰੇਡ ਅਖਵਾਉਣ ਵਿਚ ਫਖ਼ਰ ਸਮਝਣ ਲੱਗ ਪਏ। ਇਹ ਭੁੱਲ ਗਏ ਕਿ ਲੈਨਿਨ ਜਾਂ ਮਾਰਕਸ ਨੂੰ ਪੜ੍ਹ ਕੇ ਈ ਸਮਾਜਵਾਦ ਜਾਂ ਇਨਕਲਾਬ ਨਹੀਂ ਆ ਜਾਣਾ। ਜਿਵੇਂ ਕੁਝ ਬਗਲੇ ਇੱਕ ਦਿਨ ਚਮਕਦੇ ਪੱਥਰ ਖਾ ਕੇ ਬਾਕੀਆਂ ਨੂੰ ਕਹਿਣ ਲੱਗ ਪਏ ਕਿ ਹੁਣ ਅਸੀਂ ਹੰਸਾਂ ਦੇ ਖਾਨਦਾਨ 'ਚੋਂ ਆਂ! ਏਸੇ ਤਰ੍ਹਾਂ ਕੁਝ ਕੁ ਸਿੱਖਾਂ ਨੂੰ ਵੀ ਗ਼ਲਤਫਹਿਮੀ ਹੋ ਗਈ ਸੀ। ਫੇਰ ਆਪਣੇ ਆਗੂਆਂ ਦੀ ਧਨ-ਦੌੜ ਨੂੰ ਵੇਖ ਕੇ ਅਤੇ ਇਹ ਵੇਖਕੇ ਕਿ ਗਰੀਬਾਂ ਲਈ ਨਾਹਰੇ-ਲਾਰਿਆਂ ਤਕ ਹੀ ਸੀਮਤ ਐ, ਫੇਰ ਬਹਤੇ ਪਿੱਛੇ ਵੀ ਹਟ ਗਏ....

**ਜਗਿਆਸੂ** – ਉਹ ਤਾਂ ਜਲਸੇ 'ਚ ਕਹਿੰਦੇ ਵੱਡੇ-ਵੱਡੇ ਧਰਮੀ ਵੀ ਜਾਇਦਾਦਾਂ ਹੜੱਪਣ ਤਕ ਸੀਮਤ ਨੇ ਤੇ ਪੰਥ ਦੇ ਨਾਂ ਉਤੇ ਕਈ ਸਿਆਸੀ ਲੋਕ ਵੀ...

**ਭਾਈ ਭਰਮਤੋੜ ਸਿੰਘ** – ਵੇਖੋ ਜਬਰ-ਜ਼ੁਲਮ, ਧੋਖੇ-ਫਰੇਬ ਨਾਲ 'ਕੱਠੀ ਕੀਤੀ ਮਾਇਆ ਤਾਂ ਕਿਸੇ ਲਈ ਵੀ ਚੰਗੀ ਨਹੀਂ ਐ। ਸਾਨੂੰ ਗੁਰੂਸਾਹਿਬਾਂ ਦੀ ਸਿੱਖਿਆ ਯਾਦ ਰੱਖਣੀ ਚਾਹੀਦੀ ਆ ਕਿ "ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ।" ਬਾਕੀ ਹਰ ਆਦਮੀ ਦੀ ਆਪੋ ਆਪਣੀ ਫਿਤਰਤ ਐ। ਇਕ ਗੱਲ ਮੈਂ ਜਰੂਰ ਕਹਿਨਾਂ ਕਿ "ਹਰ ਧਰਮ ਜਾਂ ਸਿਆਸੀ ਪਾਰਟੀ ਨੂੰ ਨੁਕਸਾਨ, ਹਮੇਸ਼ਾ ਬੇਅਸੂਲੇ ਬੰਦਿਆਂ ਤੋਂ ਹੀ ਹੁੰਦੈ।" ਜਿਵੇਂ ਕਹਿੰਦੇ ਆ ਕਿ ਇਕ ਕੰਪਨੀ ਨਵੀਂ ਬੱਸ ਤਿਆਰ ਕਰੇ ਪਰ ਡਰਾਈਵਰ ਨਸ਼ਾ ਕਰਕੇ ਐਕਸੀਡੈਂਟ ਕਰ ਦੇਵੇ ਤਾਂ ਬੱਸ ਜਾਂ ਕੰਪਨੀ ਦਾ ਕਸੂਰ ਨਹੀਂ, ਸਗੋਂ ਸਿੱਧ ਹੋਇਆ ਕਿ ਡਰਾਈਅਰ ਨੇ ਆਪਣਾ ਧਰਮ ਨਹੀਂ ਪਾਲਿਆ।

**ਜਗਿਆਸੂ** – ਹੁਣ ਜੇ ਕੋਈ ਕਹੇ ਕਿ ਕੰਪਨੀ ਨੇ ਏਹੋ ਜਿਹਾ ਡਰਾਈਵਰ ਲਾਇਆ ਕਿਉਂ?

**ਭਾਈ ਭਰਮਤੋੜ ਸਿੰਘ** – ਓ ਭਾਈ ਦੁੱਧ ਤੇ ਬੁੱਧ ਭਰਿਸ਼ਟ ਹੁੰਦਿਆਂ ਪਤਾ ਨਹੀਂ ਲਗਦਾ। ਬੜੇ-ਬੜੇ ਬੰਦੇ ਲਾਲਚ ਵੱਸ ਡੋਲ ਵੀ ਜਾਂਦੇ ਆ। ਇਹੋ ਗੱਲਾਂ ਤਾਂ ਸੱਚਾ ਧਰਮ ਸਿਖਾਉਂਦਾ!

**ਜਗਿਆਸੂ** – ਸੋਚਣ ਵਾਲੀ ਗੱਲ ਤਾਂ ਇਹ ਐ ਕਿ ਪੰਜਾਬ ਦੇ ਕਮਿਊਨਿਸਟਾਂ ਨੂੰ ਗੁਰਮਤਿ ਵਿਚਾਰਧਾਰਾ ਫਿਰ ਹਜ਼ਮ ਕਿਉਂ ਨਹੀਂ ਹੋਈ?

**ਭਾਈ ਭਰਮਤੋੜ ਸਿੰਘ** – ਪਹਿਲੀ ਗੱਲ ਕਿ ਪੰਜਾਬ ਵਿਚ ਗੁਰਮਤਿ ਤੋਂ ਟੁੱਟਿਆਂ ਦੀ ਗਿਣਤੀ ਕੋਈ ਬਹੁਤ ਜ਼ਿਆਦਾ ਨਹੀਂ ਐ, ਇਹ ਐਵੇਂ ਫੋਕਾ ਭਰਮ ਐ। ਜੇ ਇਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੁੰਦੀ ਤਾਂ ਪੰਜਾਬ ਵਿਚ ਇਹ ਪਾਰਟੀ ਵੱਡੀ ਧਿਰ ਬਣ ਕੇ ਉਭਰਦੀ ! ਦੂਜੀ ਗੱਲ ਕਿ ਗੁਰਮਤਿ ਵਿਚ ਪਰਪੱਕ ਵਿਦਵਾਨਾਂ ਦੀ ਕਮੀ ਨਹੀਂ, ਪਰ ਸੁਹਿਰਦ ਭਾਵਨਾ ਅਤੇ ਸਾਂਝੇ ਪਲੇਟਫਾਰਮ ਦੀ ਘਾਟ ਐ। ਏਸੇ ਕਰਕੇ ਅਸੀਂ ਗੁਰਮਤਿ ਨੂੰ ਸਹੀ ਅਰਥਾਂ ਵਿਚ ਲੋਕਾਂ ਨੂੰ ਸਮਝਾ ਨਹੀਂ ਸਕੇ। ਜੇ ਵਿਦਵਾਨ ਸੱਜਣ ਸ਼ਿਕਾਰੀ ਦਾ ਜਾਲ ਤੇ ਕਬੂਤਰਾਂ ਦੀ ਕਹਾਣੀ ਵਾਂਗੂੰ ਇਕੱਠੇ ਹੋ ਕੇ ਜ਼ੋਰ ਲਾਉਂਦੇ ਤਾਂ ਏਕੇ ਵਿਚ ਬਰਕਤ ਵਾਂਗ ਪੰਜਾਬ ਦੀ ਧਰਤੀ 'ਤੇ ਦੇਹਧਾਰੀ ਗੁਰੂ-ਡੰਮ੍ਹ, ਪਖੰਡ, ਅੰਧ-ਵਿਸ਼ਵਾਸ, ਕਰਮ- ਕਾਂਡਾਂ ਤੇ ਘਟੀਆਂ ਰਾਜਨੀਤੀ ਦੇ ਇਸ ਦਾ ਨਾਂ-ਨਿਸ਼ਾਨ ਨਹੀਂ ਸੀ ਹੋਣਾ !

**ਜਗਿਆਸੂ** – ਪਰ ਉਹ ਤਾਂ ਸਗੋਂ ਕਹਿੰਦੇ ਆ ਕਿ ਬਹੁਤੀਆਂ ਲੜਾਈਆਂ ਤੇ ਕਤਲੋਗਾਰਤ ਧਰਮ ਦੀ ਹੀ ਦੇਣ ਐ ! ਧਰਮ ਨਾ ਹੁੰਦਾ ਤਾਂ ਲੜਾਈਆਂ-ਝਗੜੇ ਤੇ ਮਨੁੱਖਤਾ ਦਾ ਕਤਲ ਨਹੀਂ ਸੀ ਹੋਣਾ..

**ਭਾਈ ਭਰਮਤੋੜ ਸਿੰਘ** – ਏਹੋ ਗੱਲ ਮੈਂ ਪਹਿਲਾਂ ਕਹਿ ਚੁੱਕਾਂ ਕਿ ਬੇਅਸੂਲੇ ਬੰਦਿਆਂ ਤੋਂ ਧਰਮਾਂ ਨੂੰ ਵੀ ਨੁਕਸਾਨ ਹੋਇਆ। ਸਮਝਣ ਵਾਲੀ ਗੱਲ ਇਹ ਕਿ ਧਰਮ ਦਾ ਅਰਥ ਕੀ ਆ? ਧਰਮ ਤਾਂ ਨੇਕੀ, ਪੁੰਨ, ਦਇਆ, ਪਰਉਪਕਾਰ ਨੂੰ ਵੀ ਕਿਹਾ ਜਾਂਦਾ। ਧਰਮ ਜੀਵਾਂ ਲਈ ਇਕ ਵਧੀਆ ਮਾਰਗ ਐ। ਇਕ ਵਿਦਵਾਨ ਜੀਵਨ ਦੇ ਸਭ ਤੋਂ ਚੰਗੇ ਤਰੀਕੇ ਨੂੰ ਧਰਮ ਕਹਿੰਦਾ ਐ। ਕਿਸੇ ਵੀ ਧਰਮ ਨੇ ਈਰਖਾ ਜਾਂ ਨਫ਼ਰਤ ਨਹੀਂ ਸਿਖਾਈ। ਕੁਝ ਧਰਮਾਂ ਵਿਚ ਜਦੋਂ ਕੱਟੜਪੰਥੀ, ਸਵਾਰਥੀ ਤੇ ਤੰਗਦਿਲ ਲੋਕ ਘੁਸੜ ਆਏ ਤਾਂ ਉਨ੍ਹਾਂ ਦੇ ਤੁਅੱਸਬ ਨੇ ਧਰਮ ਨੂੰ ਜ਼ਰੂਰ ਬਦਨਾਮ ਕੀਤਾ। ਸਿਆਣਿਆਂ ਦਾ ਕਥਨ ਐ ਕਿ ਨੇਕੀ ਨਾਲੋਂ ਬਦੀ ਦਾ ਪ੍ਰਚਾਰ ਛੇਤੀ ਹੁੰਦਾ। ਇਸ ਕਰਕੇ ਧਰਮ ਦਾ ਨੇਕੀ ਵਾਲਾ ਪੱਖ ਉਨ੍ਹਾਂ ਸਮਝਿਆ ਨਹੀ...। ਹੁਣ ਜਿਹੜੇ ਲੋਕ ਧਰਮਾਂ 'ਤੇ ਉਂਗਲੀ ਉਠਾਉਂਦੇ ਆ ਉਹ ਖੁਦ ਆਪ ਵੀ ਦੱਸਣ ਕਿ ਉਨ੍ਹਾਂ ਦੀਆਂ ਪਾਰਟੀਆਂ ਕਿੰਨੀਆਂ ਹਨ? ਜਦਕਿ ਉਨ੍ਹਾਂ ਦਾ ਤਾਂ ਇਕੋ ਈ ਨਾਅਰਾ ਸੀ, ਫਿਰ ਉਹ ਵੀ ਧੜਿਆਂ 'ਚ ਕਿਉਂ ਵੰਡੇ ਪਵੇਂ ਹਨ?

**ਜਗਿਆਸੂ** – ਇਹਦਾ ਮਤਲਬ ਉਹ ਵੀ ਧੜਿਆਂ 'ਚ ਵੰਡੇ ਆ, ਮੈਂ ਤਾਂ ਕਿਹਾ ਕਿਤੇ ਸਾਰੇ ਕਮਿਊਨਿਸਟ ਇਕੋ ਧੜੇ ਦੇ ਈ ਆ...

**ਭਾਈ ਭਰਮਤੋੜ ਸਿੰਘ** – ਨਹੀਂ, ਇਹ ਵੀ ਭਰਮ ਐ। ਇਨ੍ਹਾਂ ਦੀਆਂ ਵੱਖ-ਵੱਖ ਪਾਰਟੀਆਂ ਨੇ। ਜਿਵੇਂ ਕਹਿੰਦੇ ਸੰਗਤਰੇ ਵਾਂਗੂੰ ਉਤੋਂ-ਉਤੋਂ ਵੇਖਣ ਨੂੰ ਇਕ ਆ ਤੇ ਅੰਦਰੋਂ ਫਾੜੀ-ਫਾੜੀ ਆ। ਧਰਮ ਨੇ ਬੰਦਿਆਂ ਨੂੰ ਵੰਡਿਆ ਨਹੀਂ ਸਗੋਂ ਇਕ ਸੂਤਰ 'ਚ ਪਰੋ ਕੇ ਮਰਿਆਦਾ ਬੱਧ ਕੀਤਾ ਐ। ਸੂਤਰ ਬੱਧੇ ਤੋਂ ਬਿਨਾਂ ਤਾਂ ਕੋਈ ਮਿਸਤਰੀ

ਇੱਟਾਂ ਦੀ ਕੰਧ ਸਿੱਧੀ ਨਹੀਂ ਉਸਾਰ ਸਕਦਾ ਤੇ ਇਕ ਸਮਾਜ ਨੂੰ ਬੰਨ੍ਹਣਾ ਜਾਂ ਕਾਇਮ ਰੱਖਣਾ ਮਾਮੂਲੀ ਗੱਲ ਨਹੀਂ ਐ। ਨਾਲੇ ਤੈਨੂੰ ਕੀ ਪਤਾ ਕਿ ਉਨ੍ਹਾਂ ਦੇ ਇਨਕਲਾਬ ਦਾ ਮਤਲਬ ਵੀ ਤਾਂ ਉਥਲ- ਪੁਥਲ ਤੇ ਕਤਲੋਗਾਰਤ ਈ ਐ...

**ਜਗਿਆਸੂ** – ਹਾਂ, ਹੁਣ ਸਮਝ ਆਈ ਕਿ ਕਮਿਊਨਿਸਟ ਖ਼ੂਨੀ ਇਨਕਲਾਬ ਦੇ ਨਾਅਰੇ ਕਿਉਂ ਲਾਉਂਦੇ ਆ!

**ਭਾਈ ਭਰਮਤੋੜ ਸਿੰਘ** – ਉਨ੍ਹਾਂ ਅਨੁਸਾਰ ਸਰਮਾਏਦਾਰੀ ਨੂੰ ਪਲਟਾਉਣ ਤੇ ਸਮਾਜਵਾਦ ਲਿਆਉਣ ਦਾ ਵਸੀਲਾ ਕ੍ਰਾਂਤੀ ਜਾਂ ਇਨਕਲਾਬ ਐ। 'ਕਾਰਲ ਮਾਰਕਸ' ਤੇ ਉਸ ਦਾ ਸਾਥੀ 'ਏਂਗਲਜ਼' ਕਮਿਊਨਿਸਟ ਵਿਚਾਰਧਾਰਾ ਦੇ ਮੋਢੀ ਹਨ ਤੇ ਕਮਿਊਨਿਸਟ ਮੈਨੀਫੈਸਟੋ ਦੇ ਲਿਖਾਰੀ ਵੀ। ਉਹ ਸਮਾਜਵਾਦ ਲਿਆਉਣ ਲਈ ਜਮਾਤੀ ਢੰਗ ਤੇ ਇਨਕਲਾਬ ਦੇ ਹਾਮੀ ਹਨ। ਇਸਦਾ ਵੱਡਾ ਹਾਮੀ ਫਿਰ ਲੈਨਿਨ ਹੋਇਆ। ਜੇ ਉਹ ਧਰਮ ਦੀਆਂ ਉਸਾਰੂਰੁਚੀਆਂ ਦੀਆਂ ਵੀ ਧੱਜੀਆਂ ਉਡਾਉਂਦੇ ਹਨ ਤਾਂ ਫਿਰ ਮੇਰੇ ਖ਼ਿਆਲ ਵਿਚ ਮਜ਼੍ਹਬੀ ਤੁਅੱਸਬ (ਧਾਰਮਕ ਕੱਟੜਪੁਣਾ) ਅਤੇ ਮਾਰਕਸ ਦਾ ਸਮਾਜਵਾਦ ਦੋਨੋ ਬਰਾਬਰ ਈ ਆ ਭਾਵ ਨਿੰਦਣਯੋਗ ਈ ਆ। ਇਕ ਹੋਰ ਗੱਲ ਖਾਸ ਵਿਚਾਰ ਦੀ ਮੰਗ ਕਰਦੀ ਆ...

**ਜਗਿਆਸੂ** – ਉਹ ਕਿਹੜੀ ਭਾਈ ਸਾਹਿਬ ਜੀ?

**ਭਾਈ ਭਰਮਤੋੜ ਸਿੰਘ** – ਕਾਰਲ ਮਾਰਕਸ ਦੀ ਸਮਾਜਵਾਦੀ ਫਿਲਾਸਫੀ ਪੂਰੇ ਤੌਰ 'ਤੇ ਨਾ ਤਾਂ ਰੂਸ ਵਿਚ ਲਾਗੂਕੀਤੀ ਜਾ ਸਕੀ ਤੇ ਨਾ ਕਿਸੇ ਹੋਰ ਮੁਲਕ ਵਿਚ। ਜਿਹੜਾ ਢਾਂਚਾ ਰੂਸ ਤੇ ਚੀਨ ਵਿਚ ਅਸਫਲ ਹੋ ਗਿਆ ਉਹ ਇਥੇ ਭਾਰਤ ਵਿਚ ਸਫਲ ਕਿਵੇਂ ਹੋ ਜੂ? ਉਹੋ ਗੱਲ! ਜਿਹੜਾ ਮਸਾਲਾ ਦਿੱਤਿਆਂ ਬੱਕਰੀ ਮਰ ਗਈ ਆ ਹੁਣ ਉਹੋ ਮਸਾਲਾ ਦਿੱਤਿਆਂ ਪਠੋਰਾ ਕਿਵੇਂ ਬਚ ਜਾਊ?

**ਜਗਿਆਸੂ** – ਤੁਹਾਡੇ ਖ਼ਿਆਲ ਵਿਚ ਕੀ ਹੋਣਾ ਚਾਹੀਦਾ ਸੀ?

**ਭਾਈ ਭਰਮਤੋੜ ਸਿੰਘ** – ਮੇਰੀ ਜਾਚੇ ਗੱਲ ਇਉਂ ਆ ਕਿ ਹਰ ਦੇਸ਼ ਜਾਂ ਖਿੱਤੇ ਦੇ ਲੋਕਾਂ ਦੇ ਹਾਲਾਤ ਅਨੁਸਾਰ ਸਮਾਜਵਾਦ ਦੀ ਗੱਲ ਹੋ ਸਕਦੀ ਆ। ਛੋਟੀ ਜਿਹੀ ਵਿਚਾਰ ਦੀ ਗੱਲ ਆ ਕਿ ਪੱਛਮ ਦੇ ਬੰਦਿਆਂ ਨੂੰ ਯਕਦਮ ਭਾਰਤ ਦਾ ਪੌਣ -ਪਾਣੀ ਮੁਆਫਕ ਨਹੀਂ ਆਉਂਦਾ। ਉਨ੍ਹਾਂ ਦਾ ਰਹਿਣ-ਸਹਿਣ ਜਾਂ ਉਨ੍ਹਾਂ ਦੇ ਕਾਇਦੇ ਕਾਨੂੰਨ ਇਥੇ ਲਾਗੂਨਹੀਂ ਹੁੰਦੇ; ਇਥੋਂ ਤੱਕ ਕਿ ਪੱਛਮੀ ਮੁਲਕਾਂ ਦਾ ਬਣਿਆ ਕੱਪੜਾ ਸਾਡੇ ਇਥੇ ਕਿਸੇ ਰੁੱਤ ਵਿੱਚ ਵੀ ਪਾਉਣ ਦੇ ਯੋਗ ਨਹੀਂ ਐ। ਫਿਰ ਯਕਦਮ ਕਿਸੇ ਦੇਸ਼ ਦਾ ਸਮਾਜਕ ਕਾਨੂੰਨ ਜਾਂ ਢਾਂਚਾ ਕੈਂਚੀ ਚੱਪਲਾਂ ਵਾਂਗੂੰ ਹਰ ਇਕ ਦੇ ਪੈਰੀਂ ਫਿੱਟ ਕਰੀ ਜਾਣਾ ਵੀ ਬਹੁਤੀ ਸਿਆਣਪ ਨਹੀਂ। ਜੇ ਮਾਰਕਸ ਜਾਂ ਲੈਨਿਨ ਤੋਂ ਪਹਿਲਾਂ ਸਿੱਖ ਗੁਰੂਸਾਹਿਬਾਨ ਨੇ ਬਰਾਬਰੀ ਵਾਲੇ ਸਮਾਜਕ ਵਰਤਾਰੇ ਤੇ ਵਧੀਆ ਜੀਵਨ-ਜਾਚ ਦਾ ਢੰਗ ਦਿੱਤਾ ਤਾਂ ਉਸ ਨੂੰ ਵੱਧ ਤੋਂ ਵੱਧ ਲਾਗੂਕਰਨ ਦਾ ਹੀ ਉਦਮ ਕਰਨਾ ਚਾਹੀਦਾ ਸੀ ਨਾ ਕਿ ਵਿਰੋਧ:

**ਜਗਿਆਸੂ** – ਇਹਦਾ ਮਤਲਬ ਕਿ ਗੁਰਮਤਿ ਇਕ ਐਸੀ ਜੀਵਨ-ਜਾਚ ਐ ਜੋ ਬਹੁਤ ਉੱਚਾ ਦਰਜਾ ਰੱਖਦੀ ਹੈ। ਇਹਨੂੰ ਪੜ੍ਹਨਾ, ਵਿਚਾਰਨਾ ਤੇ ਅਮਲ ਕਰਨਾ ਜ਼ਰੂਰੀ ਐ। ਪਰ ਜਿਹੜੇ ਲੋਕ ਖੂਹ ਦੀ ਮਣ੍ਹ 'ਤੇ ਖੜ੍ਹ ਕੇ ਈ ਬਿਨਾਂ ਪਾਣੀ ਪੀਤਿਆਂ ਰੌਲਾ ਪਾਈ ਜਾਂਦੇ ਕਿ ਇਹ ਪਾਣੀ ਖਾਰਾ ਐ ਤਾਂ ਸਪਸ਼ਟ ਐ ਕਿ ਉਨ੍ਹਾਂ ਸੁਆਦ ਚਖਿਆ ਨਹੀਂ ਤੇ ਨਾ ਈ ਉਨ੍ਹਾਂ ਦੀ ਕੋਈ ਜਾਣਕਾਰੀ ਜਾਂ ਅਨੁਭਵ ਐ...

**ਭਾਈ ਭਰਮਤੋੜ ਸਿੰਘ** – ਬਿਲਕੁਲ, ਗੁਰੂਸਾਹਿਬਾਂ ਆਪਣੇ ਸਿੱਖ ਨੂੰ ਸਰੀਰਕ, ਮਾਨਸਕ ਤੇ ਆਤਮਕ ਸ਼ਕਤੀਆਂ ਦੇ ਕੇ ਬਹੁਤ ਵੱਡੀ ਬਖਸ਼ਿਸ਼ ਕੀਤੀ ਐ। ਸੱਚ 'ਤੇ ਪਹਿਰਾ ਦੇਣਾ, ਜਬਰ-ਜ਼ੁਲਮ ਦੇ ਖਿਲਾਫ ਹੱਕਾ ਲਈ ਜੂਝਣਾ, ਫੋਕੇ ਕਰਮ-ਕਾਂਡ, ਵਹਿਮਾਂ-ਭਰਮਾਂ ਦਾ ਤਿਆਗ ਕਰਨਾ, ਸੱਚੀ ਕਿਰਤ ਕਰਨੀ, ਲੋੜਵੰਦਾਂ ਦੀ ਸਹਾਇਤਾ, ਕਾਦਰ ਦੀ ਕੁਦਰਤ ਵਿਚ ਨਿਸੰਗ ਰਹਿਣਾ, ਸੰਗਤ-ਪੰਗਤ, ਜਾਤ-ਪਾਤ, ਊਚ-ਨੀਚ ਦਾ ਵਿਤਕਰਾ ਨਈਂ ਕਰਨਾ ਗੁਰੂਸਾਹਿਬਾਂ ਦੇ ਮਹਾਨ ਉਪਦੇਸ਼ ਸਾਡੇ ਲਈ ਬਹੁਤ ਵੱਡੀ ਦੇਣ ਐਂ। ਰਹਿਤ ਮਰਯਾਦਾ 'ਚ ਪ੍ਰਪੱਕ, ਬਾਣੀ ਤੇ ਬਾਣੇ ਦਾ ਧਾਰਨੀ ਖ਼ਾਲਸਾ ਤਰਕਸ਼ੀਲ ਵੀ ਐ, ਬਿਬੇਕਸ਼ੀਲ ਵੀ, ਨਾਮੀ-ਦਾਨੀ, ਗਿਆਨੀ-ਵਿਗਿਆਨੀ ਵੀ, ਧਰਮ ਦੀ ਕਿਰਤ ਕਰਦਾ ਪਹਿਲਾਂ ਸੰਤ ਐ ਫਿਰ ਸਿਪਾਹੀ, ਹੁਣ ਦੱਸ ਪਿਆਰਿਆ, ਕਾਮਰੇਡਾਂ ਦੇ ਜਲਸੇ ਵਾਲਾ ਭਰਮ ਟੁੱਟਾ ਕਿ ਨਹੀਂ?

**ਜਗਿਆਸੂ** – ਅੱਜ ਤਾਂ ਬਿਲਕੁਲ ਈ ਟੁੱਟ ਗਿਆ ਜੀ, ਤੇ ਹੁਣ ਮੈਂ ਵੀ ਕਈਆਂ ਦੇ ਮਨ ਦਾ ਇਹ ਭਰਮ ਤੋੜੂੰਗਾ। ਤੁਹਾਡਾ ਬਹੁਤ-ਬਹੁਤ ਧੰਨਵਾਦ ਭਾਈ ਸਾਹਿਬ।

✦✦✦✦✦

# ਵਿਚਾਰ- ਵਿਟਾਦਰਾਂ – ਸੱਤਵਾਂ

## ਸਿੱਖ ਇਨਕਲਾਬ ਨੇ ਸਮਾਜ ਦੇ ਜਰਜਰੇ ਹੋ ਚੁੱਕੇ ਪੁਰਾਤਨ ਢਾਂਚੇ ਨੂੰ ਮੂਲੋਂ ਹੀ ਬਦਲ ਕੇ ਰੱਖ ਦਿੱਤਾ!

**ਜਗਿਆਸੂ** – ਕਿਉਂ ਭਾਈ ਸਾਹਿਬ ਜੀ! ਕਈ ਵਿਦਵਾਨ ਕਹਿੰਦੇ ਹਨ ਕਿ ਸਿੱਖੀ ਦੀ ਹੋਂਦ ਆਪਣੇ ਆਪ ਵਿਚ ਇਕ ਇਨਕਲਾਬ ਐ... ਤੇ ਕਈ ਕਹਿੰਦੇ ਕਿ ਇਹ ਇਕ ਸੁਧਾਰਵਾਦੀ ਲਹਿਰ ਐ। ਤੁਸੀਂ ਮੈਨੂੰ ਇਹਦੇ ਬਾਰੇ ਸਮਝਾਓ....

**ਭਾਈ ਭਰਮਤੋੜ ਸਿੰਘ** – ਦੇਖ ਗੁਰੁਪਿਆਰਿਆ, ਇਹ ਦੋਨੋਂ ਸ਼ਬਦ ਇਨਕਲਾਬ ਤੇ ਸੁਧਾਰਵਾਦ ਭਾਵੇਂ ਆਪਸ ਵਿਚ ਸਬੰਧਿਤ ਵੀ ਐ, ਪਰ ਇਨ੍ਹਾਂ ਦੇ ਸ਼ਬਦੀ ਅਰਥਾਂ ਤੋਂ ਇਨ੍ਹਾਂ ਦੀ ਭਿੰਨਤਾ ਸਮਝ ਆਉਂਦੀ ਆ...

**ਜਗਿਆਸੂ** – ਏਹੋ ਈ ਤਾਂ ਮੈਂ ਪੁੱਛ ਰਿਹਾਂ ਜੀ....

**ਭਾਈ ਭਰਮਤੋੜ ਸਿੰਘ** – ਪਹਿਲੀ ਗੱਲ ਸੁਧਾਰ ਦਾ ਮਤਲਬ ਹੁੰਦਾ ਕਿ ਕਿਸੇ ਢਾਂਚੇ ਨੂੰ ਬਿਨਾਂ ਬਦਲੇ ਛੋਟੀਆਂ-ਮੋਟੀਆਂ ਤਬਦੀਲੀਆਂ ਕਰਕੇ ਤਸੱਲੀ ਕਰ ਲੈਣਾ। ਜਿਵੇਂ ਤੂੰ ਆਹ ਟਾਕੀਆਂ-ਟੂਕੀਆਂ ਲਾ ਕੇ ਕਮੀਜ਼ ਪਾਉਣ ਜੋਗਾ ਬਣਾ ਲਿਆ, ਇਹਦਾ ਮਤਲਬ ਸੁਧਾਰ ਐ। ਪਰ ਇਨਕਲਾਬ ਦਾ ਅਰਥ ਵੱਖਰਾ ਐ...

**ਜਗਿਆਸੂ** – ਇਨਕਲਾਬ ਦਾ ਅਰਥ ਕੀ ਐ...?

**ਭਾਈ ਭਰਮਤੋੜ ਸਿੰਘ** – ਇਨਕਲਾਬ ਦਾ ਮਤਲਬ ਐ ਕਿ ਜੋ ਪਰੰਪਾਰਾਵਾਦੀ ਪ੍ਰਬੰਧ ਚੱਲ ਰਿਹੈ, ਉਸ ਦੇ ਮੂਲ ਜਾਂ ਬੁਨਿਆਦੀ ਢਾਂਚੇ ਨੂੰ ਈ ਬਦਲ ਕੇ, ਉਹਦੀ ਜਗ੍ਹਾ ਨਵਾਂ ਪ੍ਰਬੰਧ ਜਾਂ ਢਾਂਚਾ ਸਿਰਜ ਦੇਣਾ। ਜਿਵੇਂ ਤੂੰਪਾਟੀ ਕਮੀਜ਼ ਲਾਹ ਕੇ ਸਿੱਟ ਦੇਵੇਂ ਤੇ ਇਹਦੀ ਥਾਂ ਨਵੀਂ ਸੁਆ ਕੇ ਪਾ ਲਵੇਂ। ਇਸ ਤਰ੍ਹਾਂ ਸਿੱਖੀ ਆਪਣੇ ਆਪ ਵਿਚ ਬਹੁਤ ਵੱਡਾ ਇਨਕਲਾਬ ਐ, ਜਿਸ ਦੇ ਬਾਨੀ ਗੁਰੂਨਾਨਕ ਸਾਹਿਬ ਜੀ ਨੇ ਆਪਣੇ ਬਚਪਨ ਤੋਂ ਲੈ ਕੇ ਦਸਮ ਪਾਤਸ਼ਾਹ ਤਕ ਭਾਵ ਦਸਾਂ ਜਾਮਿਆਂ ਵਿੱਚ, ਸਿੱਖ ਤੋਂ ਸਿੰਘ ਤਕ ਤਕਰੀਬਨ 239 ਸਾਲ ਦੇ ਅਰਸੇ ਵਿਚ ਪੁਰਾਤਨਤਾ ਤੋਂ ਬਿਲਕੁਲ ਵੱਖਰਾ ਨਵੀਨ ਵਿਚਾਰਧਾਰਾ ਵਾਲਾ ਪੰਥ ਸਿਰਜਿਆ ਐ...

**ਜਗਿਆਸੂ** – ਫਿਰ ਵੀ ਤੁਸੀਂ ਮੈਨੂੰ ਵਿਸਥਾਰ ਸਹਿਤ ਕਿਵੇਂ ਸਮਝਾ ਸਕਦੇ ਓ...?

**ਭਾਈ ਭਰਮਤੋੜ ਸਿੰਘ** – ਵੇਖੋ, ਗੁਰੂਨਾਨਕ ਪਾਤਸ਼ਾਹ ਭਾਵੇਂ ਬੇਦੀ ਖੱਤਰੀ ਪਰਵਾਰ ਵਿਚੋਂ ਸਨ, ਪਰ ਉਨ੍ਹਾਂ ਨੇ ਆਪਣੇ ਕਬੀਲੇ ਜਾਂ ਸਮਾਜ ਦੀਆਂ ਫੋਕਟ ਕਰਮ-ਕਾਂਡ ਬਣ ਚੁੱਕੀਆਂ ਕੋਈ ਵੀ ਰੀਤਾਂ-ਰਸਮਾਂ ਨੂੰ ਐਵੇਂ ਪ੍ਰਵਾਨ ਨਹੀਂ ਕੀਤਾ। ਬਚਪਨ ਵਿਚ ਜਦੋਂ ਉਨ੍ਹਾਂ ਨੂੰ ਜਨੇਊਪਾਉਣ ਲੱਗੇ ਤਾਂ ਉਨ੍ਹਾਂ ਜਿਸ ਜਨੇਊਦੀ ਪਾਂਡੇ ਤੋਂ ਮੰਗ ਕੀਤੀ, ਉਹ ਇਸ ਦਾ ਬਦਲਾਓ ਸੀ ਜੋ ਪਾਂਡੇ ਪਾਸ ਨਹੀਂ ਸੀ। ਉਨ੍ਹਾਂ ਕੀ ਮੰਗਿਆ?

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥**

**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥**

ਮੈਂ ਕਹਿਨਾਂ ਕਿ ਸਿੱਖ ਇਨਕਲਾਬ ਦੀ ਇਹ ਪਹਿਲੀ ਇੱਟ ਸੀ ਜੋ ਸਿੱਖ ਪੰਥ ਦੇ ਮਹੱਲ ਦੀਆਂ ਨੀਹਾਂ ਵਿਚ ਲੱਗੀ ਤੇ ਫੇਰ ਗੁਰੂਜੀ ਦਾ ਸੁਲਤਾਨਪੁਰ ਵਿਖੇ 'ਨਾ ਕੋ ਹਿੰਦੂਨਾ ਮੁਸਲਮਾਨ' ਦਾ ਬੁਲੰਦ ਨਾਹਰਾ, ਜਾਤਾਂ-ਪਾਤਾਂ 'ਚ ਵੰਡੇ ਸਮਾਜ ਤੇ ਉਹ ਵੀ ਇਸਲਾਮੀ ਰਾਜ ਵਿਚ ਲਾਉਣਾ ਸਿੱਖ ਇਨਕਲਾਬ ਦਾ ਉਹ ਹਥੌੜਾ ਸੀ, ਜਿਸ ਨੇ ਸਮਾਜ ਵਿਚ ਉਸਰੀ ਜਾਤ-ਪਾਤ ਤੇ ਛੂਤ-ਛਾਤ ਦੀ ਹਉਮੈਵਾਦੀ ਕੰਧ 'ਤੇ ਕਰਾਰੀ ਸੱਟ ਮਾਰੀ।

**ਜਗਿਆਸੂ** – ਗੱਲ ਤਾਂ ਜੀ ਤੁਹਾਡੀ ਬਹੁਤ ਵਧੀਆ ਬਈ ਇਉਂ ਸਿੱਖ ਇਨਕਲਾਬ ਦੀ ਸ਼ੁਰੂਆਤ ਹੋਈ ਐ.....

**ਭਾਈ ਭਰਮਤੋੜ ਸਿੰਘ** – ਬਿਲਕੁਲ, ਫੇਰ ਗੁਰੂਪਾਤਸ਼ਾਹ ਦਾ ਭਾਈ ਮਰਦਾਨਾ ਜੀ ਜਿਨ੍ਹਾਂ ਨੂੰ ਲੋਕ ਨੀਵੀਂ ਜਾਤ ਦਾ ਕਹਿੰਦੇ ਸਨ, ਉਨ੍ਹਾਂ ਨੂੰ ਸਾਥ ਰਬਾਬੀ ਲੈਣਾ ਤੇ ਵਰਣ ਵੰਡ ਸਬੰਧੀ ਸਵਾਲ ਕਰਨ ਵਾਲਿਆਂ ਨੂੰ ਦਲੇਰੀ ਨਾਲ ਉਤਰ ਦੇਣਾ ਕਿ 'ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸ਼ੀਸ' ਜਾਤ-ਅਭਿਮਾਨੀਆਂ ਨੂੰ ਨਿਰਉੱਤਰ ਕਰ ਦਿੰਦਾ ਸੀ। ਇਸੇ ਤਰ੍ਹਾਂ ਅਨੇਕ ਤਰ੍ਹਾਂ ਦੀ ਪੂਜਾ ਜਾਂ ਕਰਮ -ਕਾਂਡਾਂ ਤੋਂ ਲੋਕਾਈ ਨੂੰ ਵਰਜਣਾ ਤੇ ਇਕ ਪਰਮਾਤਮਾ ਦੇ ਨਾਮ ਦੀ ਮਹਿਮਾ ਗਾ ਕੇ ਉਸ ਨਾਲ ਜੋੜਨਾ ਤੇ ਸੱਚ ਦਾ ਪ੍ਰਚਾਰ ਕਰਨਾ ਉਹ ਪੁਰਾਤਨ ਢਾਂਚੇ ਨੂੰ ਬਦਲਣਾ ਈ ਸੀ। ਜਿਵੇਂ ਸਿਆਣੇ ਕਹਿੰਦੇ ਕਿ ਪੁਰਾਣੇ ਨੂੰ ਢਾਹੇ ਤੋਂ ਬਿਨਾਂ ਨਵਾਂ ਨਹੀਂ ਉਸਾਰਿਆ ਜਾ ਸਕਦਾ ਤੇ ਨਵੇਂ ਨੂੰ ਉਸਾਰਨਾ ਹੀ ਇਨਕਲਾਬ ਐ....

**ਜਗਿਆਸੂ** – ਉਦੋਂ ਤਾਂ ਕਹਿੰਦੇ ਜਾਤ-ਪਾਤ ਦਾ ਭੂਤ ਏਨਾ ਸਵਾਰ ਸੀ ਕਿ ਇਕ ਸ਼ੂਦਰ ਨੂੰ ਮਾਰਨਾ, ਉੱਲੂ ਜਾਂ ਕੁੱਤਾ ਮਾਰਨ ਦੇ ਬਰਾਬਰ ਸਮਝਿਆ ਜਾਂਦਾ ਸੀ....

**ਭਾਈ ਭਰਮਤੋੜ ਸਿੰਘ** – ਏਸੇ ਕਰਕੇ ਗੁਰੂਨਾਨਕ ਪਾਤਸ਼ਾਹ ਦੇ ਇਸ ਨਵੀਨ ਪ੍ਰਚਾਰ ਦੀ ਮਹਿਮਾ ਤੋਂ ਖੁਸ਼ ਹੋ ਕੇ ਭਾਈ ਗੁਰਦਾਸ ਜੀ ਨੇ ਲਿਖਿਆ ਕਿ, "ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।" ਇਹ ਨਿਰਮਲ ਤੇ ਨਿਆਰੇ ਪੰਥ ਦਾ ਸਿੱਕਾ ਜਗਤ ਵਿਚ ਤਾਂ ਈ ਚੱਲਿਆ ਕਿ ਗੁਰੂਜੀ ਨੇ ਪੁਰਾਤਨ ਢਾਂਚੇ ਨੂੰ ਪ੍ਰਵਾਨ ਨਹੀਂ ਕੀਤਾ। ਸਿੱਧਾਂ, ਜੋਗੀਆਂ ਨਾਲ ਲੰਮੀਆਂ ਗੋਸ਼ਟਾਂ ਕੀਤੀਆਂ, ਪੰਡਤਾਂ-ਮੁੱਲਾਂ-ਕਾਜੀਆਂ ਨੂੰ ਉਨ੍ਹਾਂ ਦੇ ਫਰਜਾਂ ਪ੍ਰਤੀ ਸੁਚੇਤ ਕੀਤਾ ਤੇ ਏਥੋਂ ਤਕ ਵੀ ਕਿਹਾ ਕਿ:

**ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥**

**ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥**

ਗੁਰੂਜੀ ਨੇ ਸਮਾਜਕ, ਰਾਜਨੀਤਕ ਤੇ ਧਾਰਮਕ ਲੋਕਾਂ ਦੇ ਝੂਠੇ ਅਡੰਬਰਾਂ ਦਾ ਪਰਦਾ ਫਾਸ਼ ਕੀਤਾ ਤੇ ਦੁਨੀਆਂ ਦਾ ਭ੍ਰਮਣ ਕਰਕੇ ਸੱਚ ਦਾ ਪ੍ਰਚਾਰ ਕੀਤਾ। ਐਸੇ ਮਾਰਗ 'ਤੇ ਚੱਲਣਾ ਕੋਈ ਅਸਾਨ ਨਹੀਂ ਸੀ ਤੇ ਇਸ ਮਾਰਗ 'ਤੇ ਕੌਣ ਚੱਲ ਸਕਦਾ? ਪਤਾ ਗੁਰੂਜੀ ਨੇ ਕੀ ਫੁਰਮਾਇਆ?

**ਜਗਿਆਸੂ** – ਹਾਂ ਜੀ, ਕੀ ਫੁਰਮਾਇਆ?

**ਭਾਈ ਭਰਮਤੋੜ ਸਿੰਘ –"ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥**

**ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥**

**ਜਗਿਆਸੂ** – ਵਾਹ ਜੀ, ਜਿਸ ਪੰਥ ਦੀਆਂ ਨੀਹਾਂ ਹੀ ਐਨੀਆਂ ਮਜ਼ਬੂਤ ਹੋਣ, ਉਥੇ ਸ਼ੰਕਾ ਕਿਵੇਂ ਰਹਿ ਜਾਊ?

**ਭਾਈ ਭਰਮਤੋੜ ਸਿੰਘ** – ਗੁਰੂਪਿਆਰਿਆ, ਗੁਰਬਾਣੀ ਨੂੰ ਅਰਥਾਂ ਸਮੇਤ ਵਿਚਾਰ ਕੇ ਪੜ੍ਹੋ ਤਾਂ ਗਿਆਨ ਹੋ ਜਾਂਦਾ ਕਿ ਕਿਵੇਂ ਗੁਰੂਜੀ ਨੇ ਉਚ-ਨੀਚ, ਜਾਤ-ਪਾਤ, ਛੂਤ-ਛਾਤ ਦਾ ਖੰਡਨ ਕੀਤਾ, ਧਰਮੀ ਅਖਵਾਉਣ ਵਾਲੇ ਵਿਹਲੜਾਂ ਨੂੰ, ਤਿਆਗੀ ਗ੍ਰਹਿਸਤੀਆਂ ਨੂੰ, ਸਾਧਾਰਨ ਲੋਕਾਈ ਨੂੰ ਤੇ ਜ਼ਾਲਮ ਰਾਜਨੀਤਕਾਂ ਨੂੰ ਕੀ-ਕੀ ਉਪਦੇਸ਼ ਦਿੱਤਾ। ਚਾਹੇ ਜਗਨਨਾਥਪੁਰੀ ਆਰਤੀ ਉਤਾਰਦੇ ਪੰਡਤ ਸੀ, ਚਾਹੇ ਹਰਦੁਆਰ ਪਿੱਤਰਾਂ ਲਈ ਪਾਣੀ ਝੱਟ ਰਹੇ (ਅਰਪਿਤ ਕਰ ਰਹੇ) ਅਗਿਆਨੀ ਲੋਕ, ਚਾਹੇ ਅੱਲ੍ਹਾ ਦਾ ਘਰ ਮੱਕੇ ਵੱਲ ਸਮਝ ਰਹੇ ਕਾਜ਼ੀ ਸਨ, ਚਾਹੇ ਸੱਜਣ ਠੱਗ, ਕੌਡਾ ਰਾਖਸ਼ (ਭੀਲ), ਵਲੀ ਕੰਧਾਰੀ, ਪਰਬਤੀਂ ਛੁਪ ਬੈਠੇ ਸਿੱਧ ਜੋਗੀ, ਮਲਕ ਭਾਗੋ ਜਾਂ ਬਾਬਰ ਸੀ, ਸਭਨਾਂ ਨੂੰ ਫ਼ਰਜਾਂ ਤੋਂ ਸੁਚੇਤ ਕੀਤਾ ਤੇ ਵੰਗਾਰਿਆ।

**ਜਗਿਆਸੂ** – ਇਹਦਾ ਮਤਲਬ ਸਿੱਖ ਇਨਕਲਾਬ ਗੁਰੂਨਾਨਕ ਪਾਤਸ਼ਾਹ ਜੀ ਦੇ ਸਮੇਂ ਤੋਂ ਹੀ ਜ਼ੋਰ ਫੜ ਗਿਆ, ਜਿਨ੍ਹਾਂ ਨੇ ਪੀੜ੍ਹੀ-ਦਰ-ਪੀੜ੍ਹੀ ਚੱਲੀਆਂ ਆ ਰਹੀਆਂ ਵਿਚਾਰਾਂ ਨੂੰ ਤਰਕ ਤੇ ਬਿਬੇਕ ਦੇ ਆਧਾਰ 'ਤੇ ਬਦਲਣਾ ਚਾਹਿਆ।

**ਭਾਈ ਭਰਮਤੋੜ ਸਿੰਘ** – ਗੁਰੂਜੀ ਨੇ ਅਮਲੀ ਰੂਪ ਵਿਚ ਸਭ ਕੁਝ ਕਰਕੇ ਵਿਖਾਇਆ ਅਤੇ ਇਸ ਦਾ ਬਦਲਾਓ ਵੀ ਦਿੱਤਾ। ਏਥੋਂ ਤਕ ਅੱਗੇ ਗੁਰਗੱਦੀ ਦੇ ਵਾਰਸ ਦੀ ਜ਼ਿੰਮੇਵਾਰੀ ਆਪਣੇ ਪੁੱਤਰ ਨੂੰ ਨਹੀਂ, ਸਗੋਂ ਯੋਗਤਾ ਦੇ ਅਧਾਰ 'ਤੇ ਆਪਣੇ ਪਿਆਰੇ ਸਿੱਖ, ਭਾਈ ਲਹਿਣਾ ਜੀ ਨੂੰ ਸੌਂਪੀ, ਜਿਨ੍ਹਾਂ ਨੇ ਗੁਰੂਨਾਨਕ ਵਿਚਾਰਧਾਰਾ ਨੂੰ ਹੋਰ ਅੱਗੇ ਪ੍ਰਚਾਰਿਆ...

**ਜਗਿਆਸੂ** – ਉਨ੍ਹਾਂ ਬਾਰੇ ਵੀ ਸੁਣਾਓ ਜੀ।

**ਭਾਈ ਭਰਮਤੋੜ ਸਿੰਘ** – ਗੁਰੂਅੰਗਦ ਸਾਹਿਬ ਜੀ ਨੇ ਬਾਣੀ ਦੀ ਸੰਭਾਲ ਕੀਤੀ ਤੇ ਖਡੂਰ ਸਾਹਿਬ ਨੂੰ ਧਰਮ ਪ੍ਰਚਾਰ ਦਾ ਕੇਂਦਰ ਬਣਾਇਆ। ਇਥੇ ਗੁਰੂਕਾ ਲੰਗਰ ਚਲਾਇਆ, ਸਰੀਰਕ ਕਸਰਤ ਲਈ ਮੱਲ ਅਖਾੜੇ ਚਾਲੂਕੀਤੇ ਤੇ ਗੁਰਮੁਖੀ ਲਿੱਪੀ ਦਾ ਪ੍ਰਚਾਰ ਕੀਤਾ। ਗੁਰੂਨਾਨਕ ਪਾਤਸ਼ਾਹ ਵੱਲੋਂ ਬਖਸ਼ੇ ਸਿਧਾਂਤ ਤੇ ਮਰਯਾਦਾਵਾਂ ਨੂੰ ਹੋਰ ਪੱਕਿਆਂ ਕੀਤਾ। ਇਹ ਸਮਾਂ ਸਿੱਖੀ ਦੇ ਇਨਕਲਾਬੀ ਮਹੱਲ ਦੀ ਮਜ਼ਬੂਤੀ ਦਾ ਵੱਡਾ ਆਧਾਰ ਬਣਿਆ ਤੇ ਅੱਗੇ ਗੁਰੂਅਮਰਦਾਸ ਜੀ ਦਾ ਆਪਣਾ ਯੋਗਦਾਨ ਐ...

**ਜਗਿਆਸੂ** – ਉਨ੍ਹਾਂ ਨੇ ਗੋਇੰਦਵਾਲ ਸਾਹਿਬ ਵੀ ਵਸਾਇਆ ਨਾ...?

**ਭਾਈ ਭਰਮਤੋੜ ਸਿੰਘ** – ਹਾਂ, ਇਸ ਤੋਂ ਇਲਾਵਾ ਉਨ੍ਹਾਂ ਲੰਗਰ ਦੀ ਮਰਯਾਦਾ ਸਖ਼ਤੀ ਨਾਲ ਪੱਕਿਆਂ ਕੀਤੀ। ਸੰਗਤ-ਪੰਗਤ ਤੋਂ ਸਮੇਂ ਦੀ ਪ੍ਰੋਹਤ ਜਮਾਤ ਤਾਂ ਪਹਿਲਾਂ ਈ ਪਰੇਸ਼ਾਨ ਸੀ। ਵੱਡੀ ਗੱਲ ਕਿ ਏਥੇ ਅਕਬਰ ਵਰਗੇ ਬਾਦਸ਼ਾਹ ਨੇ ਵੀ ਪੰਗਤ ਵਿਚ ਬੈਠ ਕੇ ਲੰਗਰ ਛਕਿਆ। ਗੁਰੂਜੀ ਨੇ ਸਤੀ ਤੇ ਪਰਦੇ ਦੀਆਂ ਸਮਾਜਕ ਰਸਮਾਂ ਬਣ ਚੁੱਕੀਆਂ ਕੁਰੀਤੀਆਂ ਨੂੰ ਸਮਾਜ ਵਿਚੋਂ ਦੂਰ ਕਰਨ ਲਈ ਥਾਂ-ਥਾਂ ਜਾ ਪ੍ਰਚਾਰ ਕੀਤਾ। ਇਸੇ ਤਰ੍ਹਾਂ ਸਿੱਖੀ ਦੇ ਪ੍ਰਚਾਰ

ਲਈ 22 ਮੰਜੀਆਂ ਭਾਵ ਸਿੱਖੀ ਦੇ ਪ੍ਰਚਾਰ ਕੇਂਦਰ ਸਥਾਪਿਤ ਕੀਤੇ ਤੇ ਅੱਗੋਂ (ਗੁਰੂ) ਰਾਮਦਾਸ ਜੀ ਨੂੰ ਜ਼ਿੰਮੇਵਾਰੀ ਸੌਂਪੀ।

**ਜਗਿਆਸੂ** – ਉਨ੍ਹਾਂ ਨੇ ਫੇਰ ਅੰਮ੍ਰਿਤਸਰ ਸ਼ਹਿਰ ਵੀ ਵਸਾਇਆ....

**ਭਾਈ ਭਰਮਤੋੜ ਸਿੰਘ** – ਹਾਂ ਉਨ੍ਹਾਂ ਨੇ ਸਾਂਝੇ ਸਰੋਵਰ ਬਣਾਏ ਤੇ ਅੰਮ੍ਰਿਤਸਰ ਸ਼ਹਿਰ ਵਸਾਇਆ। ਵੱਡੀ ਗੱਲ ਕਿ ਵੱਖ-ਵੱਖ ਬਵੰਜਾ ਕ੍ਰਿੱਤਿਆਂ ਦੇ ਲੋਕਾਂ ਨੂੰ ਇਕ ਥਾਂ ਇਕੱਠੇ ਕੀਤਾ। ਇਹਦੇ ਨਾਨ ਜਿਥੇ ਸਮਾਜ ਦਾ ਪੱਖ ਵਧਿਆ, ਉਥੇ ਊਚ-ਨੀਚ ਦੇ ਭੇਦ-ਭਾਵਾਂ ਤੋਂ ਉਪਰ ਉਠ ਕੇ ਲੋਕਾਂ ਵਿਚ ਭਰਾਤਰੀ-ਭਾਵ ਵਧਿਆ। ਗੁਰੂਜੀ ਨੇ ਗੁਰਮਤਿ ਅਨੁਸਾਰ ਕਈ ਰੀਤਾਂ-ਰਸਮਾਂ ਪੱਕੀਆਂ ਕੀਤੀਆਂ ਤੇ ਸਿੱਖੀ ਦੇ ਪ੍ਰਚਾਰ ਲਈ ਮਸੰਦ ਵੀ ਥਾਪੇ....

**ਜਗਿਆਸੂ** – ਤੇ ਅੱਗੋਂ ਸ਼ਹੀਦਾਂ ਦੇ ਸਿਰਤਾਜ ਗੁਰੂਅਰਜਨ ਸਾਹਿਬ ਦੀ ਮਹਿਮਾ ਵੀ ਨਿਆਰੀ ਐ?

**ਭਾਈ ਭਰਮਤੋੜ ਸਿੰਘ** – ਉਨ੍ਹਾਂ ਦਾ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਉਣ, ਇਸ ਦੇ ਚਾਰ ਦਰਵਾਜ਼ੇ ਚਹੁੰ ਦਿਸ਼ਾਵਾਂ ਤੇ ਚਹੁੰ ਵਰਨਾਂ ਲਈ ਖੁੱਲ੍ਹੇ ਰੱਖਣਾ ਬੜੀ ਮਹਾਨਤਾ ਰੱਖਦਾ ਐ। ਇਥੇ ਇਕ ਗੱਲ ਇਹ ਵੀ ਸਮਝਣੀ ਜ਼ਰੂਰੀ ਐ ਕਿ ਹਿੰਦੂਪੂਰਬ ਦਿਸ਼ਾ ਤੇ ਮੁਸਲਮਾਨ ਪੱਛਮ ਦਿਸ਼ਾ ਨੂੰ ਪੂਜਣ ਦੀ ਦਿਸ਼ਾ ਮੰਨਦੇ ਹਨ ਤੇ ਸਿੱਖ ਇਨਕਲਾਬ ਨੇ ਦਿਸ਼ਾਵਾਂ ਦੇ ਭਰਮ ਈ ਖ਼ਤਮ ਕਰ ਦਿੱਤੇ। ਏਸੇ ਤਰ੍ਹਾਂ ਗੁਰੂਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਦੇ ਸਮੇਂ ਗੁਰਮਤਿ ਅਨੁਸਾਰੀ ਹੋਰਨਾਂ ਭਗਤਾਂ ਦੀ ਬਾਣੀ ਨੂੰ ਬਰਾਬਰ ਮਾਨਤਾ ਦੇਣੀ ਇਨਕਲਾਬ ਤੋਂ ਘੱਟ ਨਹੀਂ। ਜਿਥੇ ਵਰਣ-ਵੰਡ ਦਾ ਜਕੜਿਆ ਸਮਾਜ, ਕਬੀਰ ਜੀ ਤੇ ਨਾਮਦੇਵ ਜੀ ਜੈਸੇ ਰੱਬੀ ਭਗਤਾਂ ਨੂੰ ਸਖ਼ਤ ਸਜ਼ਾਵਾਂ ਦਿੰਦਾ ਰਿਹਾ, ਉਥੇ ਉਨ੍ਹਾਂ ਭਗਤਾਂ ਦੀ ਬਾਣੀ ਦਰਜ ਕਰਕੇ ਸਮੇਂ ਦੇ ਭੁਲੱਕੜ ਮਨਾਂ ਨੂੰ ਸਮਝਾਇਆ ਕਿ ਸਾਰੇ ਮਨੁੱਖ ਇਕ ਪਰਮਾਤਮਾ ਦੀ ਸੰਤਾਨ ਐਂ। ਉਨ੍ਹਾਂ ਗੁਰਮਤਿ ਵਿਚਾਰਧਾਰਾ 'ਤੇ ਪਰਪੱਕ ਰਹਿੰਦਿਆਂ, ਜਹਾਂਗੀਰ ਵਰਗੇ ਜ਼ਾਲਮ ਬਾਦਸ਼ਾਹ ਦੀ ਈਨ ਨਹੀਂ ਮੰਨੀ, ਸਗੋਂ ਸ਼ਹਾਦਤ ਦੇ ਕੇ ਕੌਮੀ ਵਾਰਸਾਂ ਦੇ ਮਨਾਂ 'ਚੋਂ ਮੌਤ ਦਾ ਭੈ ਦੂਰ ਕੀਤਾ।

**ਜਗਿਆਸੂ** – ਫੇਰ ਤਾਂ ਜੀ ਮੀਰੀ-ਪੀਰੀ ਦੇ ਮਾਲਕ ਗੁਰੂਹਰਿਗੋਬਿੰਦ ਸਾਹਿਬ ਨੇ ਸਿੱਖ ਇਨਕਲਾਬ 'ਚ ਹੋਰ ਰੰਗਤ ਲੈ ਜਾਂਦੀ....

**ਭਾਈ ਭਰਮਤੋੜ ਸਿੰਘ** – ਉਨ੍ਹਾਂ ਭਗਤੀ ਤੇ ਸ਼ਕਤੀ ਦਾ ਸੁਮੇਲ ਕੀਤਾ, ਸੰਤ ਨੂੰ ਸਿਪਾਹੀ ਵੀ ਬਣਾਇਆ। ਵਕਤ ਦੀ ਹਕੂਮਤ ਦੀਆਂ ਜਬਰੀ ਬੰਦਸ਼ਾਂ ਨੂੰ ਠੁਕਰਾ ਕੇ ਉਨ੍ਹਾਂ ਵੱਲੋਂ ਅਕਾਲ ਤਖ਼ਤ ਦੀ ਸਿਰਜਨਾ, ਨਗਾਰੇ ਦੀ ਚੋਟ, ਘੋੜਿਆਂ ਤੇ ਸ਼ਸਤਰਾਂ ਦੀ ਭੇਟਾ ਖੁਸ਼ ਹੋ ਕੇ ਪ੍ਰਵਾਨ ਕਰਨੀ, ਕਲਗੀ ਸਜਾਉਣੀ, ਘੋੜੇ ਦੀ ਸਵਾਰੀ, ਸ਼ਿਕਾਰ ਖੇਡਣਾ, ਤਿਆਰ-ਬਰ-ਤਿਆਰ ਫ਼ੌਜ ਰੱਖਣੀ, ਬੀਰ-ਰਸੀ ਵਾਰਾਂ ਜਿਥੇ ਸਮੇਂ ਦੇ ਹੁਕਮਰਾਨਾਂ ਨੂੰ ਸਿੱਧੀ ਵੰਗਾਰ ਐ, ਉਥੇ ਸਿੱਖ ਇਨਕਲਾਬ ਦਾ ਦਾਇਰਾ ਹੋਰ ਵਿਸ਼ਾਲ ਹੋ ਜਾਂਦਾ ਐ...

**ਜਗਿਆਸੂ** – ਅੱਗੇ ਗੁਰੂਹਰਿ ਰਾਇ ਸਾਹਿਬ ਜੀ ਬਾਰੇ ਮੈਂ ਬਹੁਤਾ ਨਹੀਂ ਜਾਣਦਾ....

**ਭਾਈ ਭਰਮਤੋੜ ਸਿੰਘ** – ਗੁਰੂਹਰਿ ਰਾਇ ਸਾਹਿਬ 17 ਸਾਲ ਦੇ ਕਰੀਬ ਗੁਰ-ਗੱਦੀ ਦੇ ਵਾਰਸ ਰਹੇ। ਉਨ੍ਹਾਂ ਨੇ 2200 ਘੋੜ ਸਵਾਰਾਂ ਦੀ ਤਿਆਰ-ਬਰ-ਤਿਆਰ ਫ਼ੌਜ ਰੱਖੀ, ਕੀਰਤਪੁਰ ਵਿਖੇ ਜੜ੍ਹੀਆਂ-ਬੂਟੀਆਂ ਦਾ ਦਵਾਖਾਨਾ ਵੀ ਚਲਾਇਆ ਤੇ ਮਾਲਵੇ ਦੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਉਨ੍ਹਾਂ ਅੱਗੋਂ ਆਪਣੇ ਪੁੱਤਰ ਹਰਿਕ੍ਰਿਸ਼ਨ ਜੀ ਨੂੰ ਗੱਦੀ ਦੀ ਜ਼ਿੰਮੇਵਾਰੀ ਸੌਂਪੀ।

**ਜਗਿਆਸੂ** – ਗੁਰੂਹਰਿਕ੍ਰਿਸ਼ਨ ਜੀ ਸਭ ਤੋਂ ਛੋਟੀ ਉਮਰ ਦੇ ਗੁਰੂਹੋਏ ਆ ਨਾ...?

**ਭਾਈ ਭਰਮਤੋੜ ਸਿੰਘ** – ਸਿੱਖੀ ਵਿਚ ਉਮਰ ਨਹੀਂ ਕਰਮ ਪ੍ਰਧਾਨ ਐ। ਉਨ੍ਹਾਂ ਦੀ ਦ੍ਰਿੜ੍ਹਤਾ ਐਨੀ ਕਿ ਔਰੰਗਜ਼ੇਬ ਵਰਗੇ ਬਾਦਸ਼ਾਹ ਨੂੰ ਦਰਸ਼ਨ ਦੇਣ ਤੋਂ ਇਨਕਾਰ ਕਰ ਦਿੱਤਾ। ਇਤਿਹਾਸ ਵਿਚ ਆਉਂਦਾ ਕਿ ਸਧਾਰਨ ਵਿਅਕਤੀ ਛੱਜੂਝਿਊਰ ਪਾਸੋਂ ਗੀਤਾ ਦੇ ਅਰਥ ਕਰਵਾ ਕੇ ਇਕ ਹੰਕਾਰੀ ਪੰਡਤ ਦਾ ਹੰਕਾਰ ਦੂਰ ਕੀਤਾ ਸੀ। ਸਮਾਜ ਨੂੰ ਵਰਨਾਂ-ਜਾਤਾਂ ਤੇ ਹਉਮੈਵਾਦੀਆਂ ਦੇ ਘੇਰੇ 'ਚੋਂ ਕੱਢ ਦੇ ਸਧਾਰਨ ਮਨੁੱਖਾਂ ਵਿਚ ਵਿਦਵਾਨਾਂ ਵਾਲੇ ਗੁਣ ਭਰ ਦੇਣੇ, ਸਿੱਖ ਇਨਕਲਾਬ ਦੀ ਹੀ ਦੇਣ ਐ। ਅੱਗੇ ਫਿਰ ਗੁਰੂਤੇਗ ਬਹਾਦਰ ਜੀ ਦਾ ਜੀਵਨ ਇਤਿਹਾਸ ਹੋਰ ਕਰਵਟ ਬਦਲਦਾ ਐ....

**ਜਗਿਆਸੂ** – ਤਾਈਓਂ ਤਾਂ ਕਿਹਾ ਜਾਂਦਾ 'ਗੁਰੂਤੇਗ ਬਹਾਦਰ ਧਰਮ ਦੀ ਚਾਦਰ'.....

**ਭਾਈ ਭਰਮਤੋੜ ਸਿੰਘ** – ਗੁਰੂਜੀ ਦਾ ਫੁਰਮਾਨ ਐ:

**"ਭੈ ਕਾਹੂਕਉ ਦੇਤ ਨਹਿ, ਨਹਿ ਭੈ ਮਾਨਤ ਆਨ॥"**

ਇਥੇ ਆ ਕੇ ਸਿੱਖ ਇਨਕਲਾਬ ਹਰ ਇਨਸਾਨ ਨੂੰ ਆਪਾ ਚੀਨਣ ਲਈ ਪ੍ਰੇਰਦਾ ਐ ਕਿ ਕਿਸੇ ਨੂੰ ਡਰ ਦੇਣਾ ਵੀ ਨਹੀਂ ਤੇ ਕਿਸੇ ਦਾ ਡਰ ਮੰਨਣਾ ਵੀ ਨਹੀਂ ਗੁਰੂਜੀ ਨੇ ਜਿਥੇ ਦੂਰ-ਦੂਰ ਜਾ ਕੇ ਸਿੱਖੀ ਦਾ ਪ੍ਰਚਾਰ ਕੀਤਾ, ਉਥੇ ਉਨ੍ਹਾਂ ਦੀ ਮਹਾਨ ਕੁਰਬਾਨੀ ਧਰਮ ਨਿਰਪੱਖਤਾ ਤੇ ਮਜ਼ਲੂਮਾਂ ਦੀ ਰੱਖਿਆ ਦੀ ਮੂੰਹ-ਬੋਲਦੀ ਤਸਵੀਰ ਐ ਅਤੇ ਭੈ-ਭੀਤ ਹੋਏ ਮਨਾਂ 'ਚੋਂ ਮੌਤ ਦਾ ਡਰ ਦੂਰ ਕਰਦੀ ਐ। ਗੁਰੂਜੀ ਦੇ ਤਿੰਨ ਸਿਦਕੀ ਸਿੱਖਾਂ ਦਾ ਉਨ੍ਹਾਂ ਨਾਲ ਸ਼ਹੀਦ ਹੋਣਾ ਤੇ ਫਿਰ ਸਿਦਕੀ ਸਿੱਖਾਂ ਦਾ ਧੜ ਤੇ ਸੀਸ ਚੁੱਕਣ ਦੀ ਜੁਰਅਤ ਕਰਨਾ ਸਧਾਰਨ ਲੋਕਾਈ ਦੇ ਮਨਾਂ 'ਚੋਂ ਉਠਿਆ ਉਹ ਜਜ਼ਬਾ ਐ ਜਿਸ ਨਾਲ ਅੱਗੇ ਜਾ ਕੇ ਨਿਆਰਾ ਖ਼ਾਲਸਾ ਸੰਸਾਰ ਦੇ ਨਕਸ਼ੇ 'ਤੇ ਬਿਲਕੁਲ ਹੀ ਵੱਖਰਾ ਹੋ ਜਾਂਦੈ....

**ਜਗਿਆਸੂ** – ਠੀਕ ਆ ਜੀ, ਦਸਵੇਂ ਪਾਤਸ਼ਾਹ ਵੱਲੋਂ ਸੰਪੂਰਨ ਸਿੱਖ ਦੀ ਘਾੜਤ ਘੜਨਾ ਤੇ ਨਿਵੇਕਲਾ ਖ਼ਾਲਸਾਈ ਸਰੂਪ ਬਖਸ਼ਣਾ ਬਿਲਕੁਲ ਈ ਬਦਲਾਓ ਐ।

**ਭਾਈ ਭਰਮਤੋੜ ਸਿੰਘ** – ਖ਼ਾਲਸਾ ਪੰਥ ਦੀ ਸਾਜਨਾ ਸਭ ਬੰਧਨਾਂ ਦੀਆਂ ਦੀਵਾਰਾਂ ਤੋੜ ਦਿੰਦੀ ਐ, ਜਦੋਂ ਹਰ ਅੰਮ੍ਰਿਤ–ਅਭਿਲਾਖੀ ਨੂੰ ਅੰਮ੍ਰਿਤ ਛਕਾ ਕੇ ਇਹ ਉਪਦੇਸ਼ ਦ੍ਰਿੜ੍ਹ ਕਰਵਾਇਆ ਜਾਂਦਾ ਕਿ ਅੱਜ ਤੋਂ ਤੇਰੀ ਪਿਛਲੀ ਕੁਲ ਨਾਸ਼, ਕਰਮ ਨਾਸ਼, ਕਿਰਤ ਨਾਸ਼, ਧਰਮ ਨਾਸ਼ ਹੋਈ, ਤੂੰ ਕੇਵਲ ਤੇ ਕੇਵਲ ਖ਼ਾਲਸਾ ਐਂ, ਪਰਮਾਤਮਾ ਦੀ ਮੌਜ ਵਿਚ, ਖੰਡੇ ਦੀ ਧਾਰ ਤੋਂ ਪ੍ਰਗਟਿਆ। ਤੂੰ ਸਿਰਫ ਵਾਹਿਗੁਰੂ ਦਾ ਐਂ, ਉਸੇ ਦੀ ਹੀ ਫ਼ਤਹਿ ਹੋਣੀ ਐਂ, ਤੂੰ ਵਾਹਿਗੁਰੂ ਦਾ ਨਾਮ ਸਿਮਰਨਾ ਤੇ ਉਹਦੀ ਰਜ਼ਾ ਵਿਚ ਰਹਿਣਾ ਐਂ। ਪੰਜ ਕਕਾਰਾਂ ਦਾ ਪਹਿਨਣਾ ਜ਼ਰੂਰੀ, ਪੰਚ–ਪ੍ਰਧਾਨੀ ਵਿਚਾਰਧਾਰਾ ਦਾ ਪਸਾਰ, ਬਾਣੀ–ਬਾਣੇ ਦੀ ਪਰਪੱਕਤਾ, ਚਰਨ–ਪਾਹੁਲ ਦੀ ਥਾਂ ਖੰਡੇ ਦੀ ਪਾਹੁਲ, ਸੰਤ–ਸਿਪਾਹੀ ਦਾ ਨਿਆਰਾ ਸਰੂਪ, ਸਮਾਜ ਵਿਚ ਦੁਰਕਾਰੇ, ਨਿਮਾਣਿਆਂ ਤੇ ਨਿਤਾਣਿਆਂ ਦਾ ਸ਼ਾਸਤਰ ਤੇ ਸ਼ਸਤਰਾਂ ਦਾ ਮਾਹਰ ਹੋ ਜਾਣਾ, 'ਗ਼ਰੀਬ ਸਿੰਘਨ ਕੋ ਦੇਊਂ ਪਾਤਸ਼ਾਹੀ' ਦੇ ਕੀਤੇ ਹੋਏ ਬਚਨਾਂ ਦਾ ਪੂਰਾ ਹੋਣਾ, ਤਕਰੀਬਨ 239 ਸਾਲਾਂ ਢਾਂਚੇ ਨੂੰ ਮੁਲੋਂ ਹੀ ਬਦਲ ਕੇ ਰੱਖ ਦਿਤਾ, ਜਿਸ ਨੂੰ ਨਿਆਰਾ ਖ਼ਾਲਸਾ ਕਹਿ ਕੇ ਸਤਿਕਾਰਿਆ ਗਿਆ ਤੇ ਸਤਿਕਾਰਿਆ ਜਾਂਦਾ ਰਹੇਗਾ।

**ਜਗਿਆਸੂ** – ਵਾਹ ਜੀ, ਹੁਣ ਕੋਈ ਕਰਨ ਵਾਲੀ ਗੱਲ ਤਾਂ ਨਹੀਂ ਪਿੱਛੇ ਰਹਿ ਗਈ ਪਰ ਸ਼ੰਕਾ ਜ਼ਰੂਰ ਐ ਕਿ ਆਹ 'ਸੰਘ ਪਰਵਾਰ' ਵਾਲੇ ਅਜੇ ਵੀ ਰੌਲਾ ਪਾਈ ਜਾਂਦੇ ਆ ਕਿ ਸਿੱਖ ਹਿੰਦੂਆਂ ਦਾ ਈ ਇਕ ਫਿਰਕਾ ਐ। ਇਹ ਕਿਉਂ?

**ਭਾਈ ਭਰਮਤੋੜ ਸਿੰਘ** – ਦੇਖੋ, ਇਨਸਾਨੀਅਤ ਦੇ ਨਾਤੇ ਅਸੀਂ ਸਾਰੇ ਭਾਈ–ਭਾਈ ਆਂ। ਗੁਰੂਸਾਹਿਬਾਂ ਦਾ ਉਪਦੇਸ਼ ਐ, "ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ।" ਕਿਉਂਕਿ ਸਾਡਾ ਧਰਮ–ਸਿਧਾਂਤ ਇਕ ਪਰਮਾਤਮਾ ਦੀ ਹਸਤੀ ਨੂੰ ਮੰਨਦਾ ਤੇ ਫਿਰ ਉਸ ਦੀ ਸਿਰਜੀ ਲੋਕਾਈ ਵਿਚ ਕੋਈ ਵਿਤਕਾਰ ਨਹੀਂ ਰਹਿ ਜਾਂਦਾ। ਜਿਥੋਂ ਤਕ ਧਰਮ ਦਾ ਸਵਾਲ ਐ, ਜਿਸ ਵਿਚ ਕਿਸੇ ਪੰਥ ਜਾਂ ਕੌਮ ਦੀਆਂ ਰੀਤਾਂ–ਰਸਮਾਂ, ਵਿਚਾਰਧਾਰਾ ਜਾਂ ਵਿਸ਼ਵਾਸ ਐ, ਉਸ ਵਿਚ ਬੁਨਿਆਦੀ ਫਰਕ ਜ਼ਰੂਰ ਐ। ਮੂਲ ਰੂਪ ਵਿਚ ਤਾਂ ਇਨਸਾਨ ਦਾ ਧਰਮ ਇਨਸਾਨੀਅਤ ਐ ਤੇ ਹਿੰਦੂ, ਮੁਸਲਿਮ, ਸਿੱਖ, ਈਸਾਈ ਜਾਂ ਬੋਧੀ, ਜੈਨੀ ਬਾਅਦ ਵਿਚ ਐ। ਇਨਸਾਨੀਅਤ ਦੇ ਨਾਤੇ ਬਹੁਗਿਣਤੀ ਵਾਲੀਆਂ ਕੌਮਾਂ ਦਾ ਘੱਟ ਗਿਣਤੀ ਵਾਲੀਆਂ ਕੌਮਾਂ ਨਾਲ ਈਰਖਾ ਜਾਂ ਵੈਰ–ਵਿਰੋਧ ਕਰਨਾ ਜਾਂ ਉਨ੍ਹਾਂ ਨੂੰ ਨਸ਼ਟ ਕਰਨ ਦੀਆਂ ਚਾਲਾਂ ਚੱਲਣਾ, ਇਹ ਵਿਚਾਰ ਤਾਂ ਫਿਰ ਕਿਸੇ ਵੀ ਧਰਮ ਵਿਚ ਪ੍ਰਵਾਨ ਨਹੀਂ। ਸੰਘ ਪਰਵਾਰ ਦਾ ਇਹ ਪ੍ਰਚਾਰ ਬਿਲਕੁਲ ਸ਼ਰਾਰਤਪੂਰਨ ਐ ਜਿਸ ਵਿਚ ਕੋਈ ਸੱਚਾਈ ਨਹੀਂ। ਤੂੰ ਪੰਛੀਆਂ ਦੀ ਕਹਾਣੀ ਨਹੀਂ ਸੁਣੀ....?

**ਜਗਿਆਸੂ** – ਉਹ ਕਿਹੜੀ ਮੈਨੂੰ ਵੀ ਸੁਣਾ ਦਿਓ ਜੀ....

**ਭਾਈ ਭਰਮਤੋੜ ਸਿੰਘ** – ਇਕ ਵਾਰੀ ਸੂਰਜ ਚੜ੍ਹੇ ਤੋਂ ਬਹੁਤ ਸਾਰੇ ਪੰਛੀ ਜੰਗਲ ਵਿਚ ਇਕੱਠੇ ਬੈਠੇ ਖੁਸ਼ੀ 'ਚ ਗੀਤ ਗਾ ਰਹੇ ਸੀ, ਨੱਚ ਖੇਡ ਰਹੇ ਸੀ। ਏਨੇ ਨੂੰ ਇਕ ਉੱਲੂਵੀ ਆ ਕੇ ਵਿਚ ਬਹਿ ਗਿਆ ਤੇ ਸਾਰਿਆਂ ਨੂੰ ਕਹਿੰਦਾ ਕਿ ਤੁਸੀਂ ਐਨੇ ਖੁਸ਼ ਕਿਉਂ ਹੋ? ਪੰਛੀ ਕਹਿੰਦੇ, ਰਾਤ ਦਾ ਹਨ੍ਹੇਰਾ ਮੁੱਕਿਆ, ਸੂਰਜ ਦੀ ਰੋਸ਼ਨੀ ਹੋਈ ਐ, ਅਸੀਂ ਧੁੱਪ ਵੇਖ

ਕੇ ਖੁਸ਼ ਹਾਂ। ਉੱਲੂ ਕਹਿੰਦਾ ਕਿਹੜਾ ਸੂਰਜ, ਕਿਹੜੀ ਰੋਸ਼ਨੀ, ਕਿਹੜੀ ਧੁੱਪ, ਐਵੇਂ ਝੂਠ ਨਾ ਮਾਰੋ! ਸਾਰੇ ਪੰਛੀ ਸਮਝਾਉਣ ਲੱਗੇ, ਕੋਈ ਕਵ੍ਹੇ ਕਿ ਸੂਰਜ ਗੋਲ-ਗੋਲ ਆ, ਕੋਈ ਕਵ੍ਹੇ ਇਹਦੀ ਚਿੱਟੀ-ਚਿੱਟੀ ਰੋਸ਼ਨੀ ਆਂ। ਪਰ ਉੱਲੂ ਦੀ ਮਜ਼ਬੂਰੀ ਕਿ ਉਹਨੂੰ ਦਿਨੇ ਦਿੱਸਦਾ ਨਹੀਂ, ਉਹ ਆਪਣੀ ਅੜੀ ਨਾ ਛੱਡੇ। ਅੰਤ ਅੱਕ-ਥੱਕ ਕੇ ਪੰਛੀਆਂ 'ਚੋਂ ਇਕ ਸਿਆਣਾ ਪੰਛੀ ਪਤਾ ਕੀ ਕਹਿੰਦਾ?

**ਜਗਿਆਸੂ** – ਕੀ ਕਹਿੰਦਾ?

**ਭਾਈ ਭਰਮਤੋੜ ਸਿੰਘ** – ਉਹ ਕਹਿੰਦਾ, ਚਲੋ ਆਪਾਂ ਉਡ ਚੱਲੀਏ, ਇਹ ਨਵਾਂ ਪਰਿੰਦਾ ਜਾਂ ਤਾਂ ਸ਼ੈਤਾਨ ਐਂ, ਜਾਂ ਅੰਨ੍ਹਾਂ ਐ ਤੇ ਜਾਂ ਫਿਰ ਪਾਗਲ ਐ। ਜੇ ਇਹ ਸ਼ੈਤਾਨ ਐ ਤਾਂ ਇਹਨੇ ਸੂਰਜ ਦੀ ਹੋਂਦ ਬਾਰੇ ਮੰਨਣਾ ਨਈਂ, ਜੇ ਅੰਨ੍ਹਾ ਤਾਂ ਇਹਨੇ ਵੇਖੇ ਬਿਨਾਂ ਸਮਝਣਾ ਨਈਂ, ਜੇ ਪਾਗਲ ਐ ਤਾਂ ਕਮਲ ਮਾਰਨਾ ਇਹਦੀ ਆਦਤ ਐ। ਹੁਣ ਭਾਈ, ਜੇ ਦੁਨੀਆਂ ਵਿਚ ਸਾਡੀ ਹੋਂਦ ਨਿਆਰਾ ਪੰਥ ਕਰਕੇ ਜਾਣੀ ਜਾਂਦੀ ਐ ਤਾਂ ਸਾਨੂੰ ਕਿਸੇ ਪਰਿੰਦੇ ਤੋਂ ਸੂਰਜ ਦੀ ਹੋਂਦ ਵਾਂਗ, ਕੌਮੀ ਹੋਂਦ ਦਾ ਸਰਟੀਫਿਕੇਟ ਲੈਣ ਦੀ ਲੋੜ ਨਹੀਂ ਐ, ਇਹ ਤਾਂ ਸਾਰੀ ਦੁਨੀਆਂ ਨੂੰ ਪਤਾ ਐ।

**ਜਗਿਆਸੂ** – ਫੇਰ ਵੀ ਕੋਈ ਗੱਲ ਕਰੇ ਤਾਂ ਸਿੱਖ ਇਨਕਲਾਬ ਦੇ ਪ੍ਰਸੰਗ ਵਿਚ ਉੱਤਰ ਦੇਣਾ ਈ ਪੈ ਸਕਦਾ, ਭਾਈ ਸਾਹਿਬ ਜੀ। ਉਹ ਵੀ ਕੁਝ ਦੱਸ ਵੱਡੋ ਨਾ!

**ਭਾਈ ਭਰਮਤੋੜ ਸਿੰਘ** – ਪਹਿਲੀ ਗੱਲ ਕਿ ਅਸੀਂ ਇਕ ਅਕਾਲ ਪੁਰਖ ਦੇ ਪੁਜਾਰੀ, ਪੂਜਾ ਕਰਕੇ ਈ ਦੂਜਿਆਂ ਤੋਂ ਵੱਖ ਆਂ। ਸਾਡੇ 'ਚ ਕੋਈ ਦੇਵੀ-ਦੇਵਤਿਆਂ, ਕਬਰਾਂ, ਮੜ੍ਹੀਆਂ-ਮਸਾਣਾਂ ਜਾਂ ਮੂਰਤੀਆਂ ਦੀ ਪੂਜਾ ਨਹੀਂ, ਹਰ ਤਰ੍ਹਾਂ ਦੇ ਕਰਮ-ਕਾਂਡਾਂ ਤੇ ਅਡੰਬਰਾਂ ਤੋਂ ਮੁਕਤ ਐ ਸਾਡਾ ਧਰਮ। ਸਾਡੇ ਗੁਰਦੁਆਰੇ ਵੱਖਰੇ, ਇਥੋਂ ਦੀ ਮਰਿਆਦਾ ਵੱਖਰੀ। ਸਾਡੇ ਧਰਮ ਗ੍ਰੰਥ, ਤੀਰਥ, ਪੂਜਾ, ਭੇਟਾ, ਪ੍ਰਸ਼ਾਦ ਵੱਖਰਾ। ਵਿਆਹ, ਜਨਮ, ਮਰਨ, ਸੰਸਕਾਰ ਤੇ ਤਿਉਹਾਰ ਵੱਖਰੇ। ਸਾਡਾ ਇਤਿਹਾਸ, ਸਭਿਆਚਾਰ, ਵਿਸ਼ਵਾਸ, ਫ਼ਤਹਿ, ਸਰੂਪ, ਬਾਣੀ-ਬਾਣਾ ਸਭ ਕੁਝ ਪੁਰਾਤਨ ਬੁਨਿਆਦੀ ਢਾਂਚੇ ਤੋਂ ਵੱਖਰਾ, ਇਹ ਨਵੇਂ ਰੂਪ 'ਚ ਇਨਕਲਾਬ ਨਹੀਂ ਤਾਂ ਹੋਰ ਕੀ ਐ? ਏਥੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖ਼ਾਲਸੇ ਨੂੰ ਤਾੜਨਾ ਕਰਕੇ ਪਤਾ ਕੀ ਉਪਦੇਸ਼ ਦਿੱਤਾ..?

**ਜਗਿਆਸੂ** – ਹਾਂ ਜੀ, ਕੀ ਉਪਦੇਸ਼ ਦਿੱਤਾ ਭਲਾ....?

**ਭਾਈ ਭਰਮਤੋੜ ਸਿੰਘ** – ਗੁਰੂ ਜੀ ਫ਼ਰਮਾਉਂਦੇ ਹਨ

> **"ਜਬ ਲਗ ਖ਼ਾਲਸਾ ਰਹੇ ਨਿਆਰਾ, ਤਬ ਲਗ ਤੇਜ ਦੀਓ ਮੈਂ ਸਾਰਾ।**
> **ਜਬ ਇਹ ਗਹੈ ਬਿਪਰਨ ਕੀ ਰੀਤ, ਮੈਂ ਨ ਕਰੋਂ ਇਨ ਕੀ ਪਰਤੀਤ ॥"**

ਇਹ ਬਿਪਰਵਾਦ ਤੋਂ ਵੱਖਰਾ ਗੁਰਮਤਿਵਾਦ ਹੀ ਤਾਂ ਸਿੱਖ ਇਨਕਲਾਬ ਐ। ਇਸ ਸੰਬੰਧੀ ਅਨੇਕਾਂ

ਉਦਾਹਰਨਾਂ ਜਿਵੇਂ ਰਹਿਤਨਾਮਾ ਭਾਈ ਚੌਪਾ ਸਿੰਘ ਵਿਚ ਲਿਖਿਆ, 'ਖਾਲਸਾ ਹਿੰਦੂ, ਮੁਸਲਮਾਨ ਤੋਂ ਨਿਆਰਾ ਰਹੇ।'

ਰਹਿਤਨਾਮਾ ਭਾਈ ਦਯਾ ਸਿੰਘ ਵਿਚ ਆਉਂਦਾ, 'ਖਾਲਸਾ ਹਿੰਦੂਮੁਸਲਮਾਨ ਕੀ ਕਾਣ ਕੋ ਮੇਟੇ।।' 'ਪੁਨ ਹਿੰਦੂਤੁਰਕਨ ਤੇ ਨਿਆਰਾ, ਰਚੋ ਪੰਥ ਯਹ ਬਲੀ ਅਪਾਰਾ।' ਗੁਰੂਪਿਆਰਿਆ! ਗੁਰਮਤਿ ਦੀ ਆਪਣੀ ਨਵੀਨ ਵਿਚਾਰਧਾਰਾ ਕਰਕੇ ਹੀ ਤਾਂ ਸੰਸਾਰ ਵਿਚ ਇਕ ਨਿਵੇਕਲੀ ਪਹਿਚਾਣ ਐਂ।

**ਜਗਿਆਸੂ** – ਏਸੇ ਕਰਕੇ ਸਿੱਖੀ ਨੂੰ ਨਵੇਂ ਯੁਗ ਦਾ ਧਰਮ ਵੀ ਕਿਹਾ ਜਾਂਦਾ ਐ....

**ਭਾਈ ਭਰਮਤੋੜ ਸਿੰਘ** – ਤੈਨੂੰ ਇਹ ਵੀ ਦੱਸਾਂ ਕਿ ਪੰਡਤਾਂ-ਪੱਤਰੀਆਂ ਪਿੱਛੇ ਲੱਗਣ ਵਾਲਾ ਮਾਨਸਕ ਤੌਰ 'ਤੇ ਪਹਿਲਾਂ ਈ ਬਿਮਾਰ ਹੁੰਦੈ ਤੇ ਉਹ ਬਿਲਕੁਲ ਠੀਕ, ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਸਿੱਖੀ ਬਾਰੇ ਲਿਖਦੇ ਹਨ ਕਿ ਗੁਰੂਨਾਨਕ ਪਾਤਸ਼ਾਹ ਨੇ ਜਿਵੇਂ ਧਰਮ ਨੂੰ ਸਮਝਿਆ ਹੈ, ਉਹ ਏਨਾ ਮਹਾਨ ਤੇ ਸਿੱਧਾ-ਸਾਦਾ ਹੈ ਕਿ ਹਰ ਆਦਮੀ ਸਹੀ ਅਰਥਾਂ ਵਿਚ ਧਾਰਮਕ ਵਿਅਕਤੀ ਬਣ ਸਕਦਾ ਹੈ। ਇਸੇ ਤਰ੍ਹਾਂ ਸੀ. ਐਚ. ਪੇਨ ਸਿੱਖ ਧਰਮ ਨੂੰ ਜੁਝਾਰੂਆਂ ਦਾ ਧਰਮ ਲਿਖਦਾ ਹੈ ਜੋ ਦੁਨੀਆਂ ਵਿਚ ਰਹਿ ਕੇ ਬਦੀ ਨਾਲ ਜੂਝਦੇ ਹਨ। ਸੰਸਾਰ-ਪ੍ਰਸਿੱਧ ਵਿਦਵਾਨ (ਇਤਿਹਾਸਕਾਰ ਆਰਨਲਡ ਟਾਇਨਬੀ) ਸਿੱਖ ਧਰਮ ਨੂੰ ਕੇਵਲ ਅੱਜ ਦਾ ਧਰਮ ਹੀ ਨਹੀਂ, ਸਗੋਂ ਕੱਲ੍ਹ ਦਾ ਧਰਮ ਵੀ ਸਵੀਕਾਰਦਾ ਹੈ। ਇਨ੍ਹਾਂ ਵਿਚਾਰਾਂ ਦਾ ਮਤਲਬ ਸਮਝ ਆਇਆ...?

**ਜਗਿਆਸੂ** – ਥੋੜ੍ਹਾ-ਥੋੜ੍ਹਾ ਆ ਗਿਆ, ਬਾਕੀ ਤੁਸੀਂ ਕਿਰਪਾ ਕਰ ਦਿਓ...

**ਭਾਈ ਭਰਮਤੋੜ ਸਿੰਘ** – ਇਸ ਤਰ੍ਹਾਂ ਦੇ ਗੈਰ ਸਿੱਖ ਵਿਦਵਾਨਾਂ ਦੇ ਬੇਅੰਤ ਵਿਚਾਰ ਸਿੱਖੀ ਪ੍ਰਤੀ ਮਿਲਦੇ ਹਨ ਜੋ ਉਨ੍ਹਾਂ ਸਮੁੱਚੇ ਧਰਮਾਂ ਦੇ ਡੂੰਘੇ ਅਧਿਐਨ ਤੋਂ ਬਾਅਦ ਪ੍ਰਗਟ ਕੀਤੇ ਹਨ। ਉਨ੍ਹਾਂ ਦੂਜੇ ਧਰਮਾਂ ਦੇ ਪ੍ਰਸੰਗ ਵਿਚ ਗੁਰਮਤਿ ਦੀ ਨਵੀਂ ਵਿਚਾਰਧਾਰਾ ਨੂੰ ਸਿੱਧੇ ਰੂਪ ਵਿਚ ਪ੍ਰਵਾਨਿਆ ਐ। ਬਾਕੀ ਵਧੇਰੇ ਜਾਣਕਾਰੀ ਲਈ 'ਸਿੱਖ ਰਹਿਤ ਮਰਯਾਦਾ' ਪੜ੍ਹ ਕੇ ਵੇਖੋ, ਜਿਸ ਵਿਚ ਗੁਰਮਤਿ ਦੀ ਵਿਲੱਖਣਤਾ ਤੇ ਨਿਵੇਕਲੇਪਣ ਦਾ ਗਿਆਨ ਹੁੰਦਾ ਐ। ਰਹਿਤ ਮਰਯਾਦਾ ਬਾਰੇ ਇੰਜ ਵੀ ਕਿਹਾ ਜਾ ਸਕਦਾ ਕਿ ਇਹ ਗੁਰਮਤਿ-ਅਨੁਸਾਰੀ ਸਿੱਖ ਇਨਕਲਾਬ ਦੇ ਵਾਰਸਾਂ ਦਾ ਸੰਖੇਪ ਸੰਵਿਧਾਨ ਐ, ਜਿਸ ਨੇ **'ਗੁਰੂਗ੍ਰੰਥ ਸਾਹਿਬ' ਜੀ** ਦੀ ਛਤਰ ਛਾਇਆ ਹੇਠ ਪੰਥਕ ਜੁਗਤ ਅਨੁਸਾਰ ਪੰਥ ਨੂੰ ਇਕ ਸੂਤਰ ਵਿਚ ਪਰੋ ਕੇ ਰੱਖਿਆ ਹੈ।

**ਜਗਿਆਸੂ** – ਇਹਦਾ ਮਤਲਬ ਸਿੱਖ ਇਨਕਲਾਬ ਨੂੰ ਆਪਣੀ ਅਸਲ ਹੋਂਦ ਵਿਚ ਆਉਣ ਤਕ ਦੋ ਸੌ ਉਨਤਾਲੀ ਸਾਲ ਲੱਗੇ ਹਨ। ਇਹ ਸਿਧਾਂਤ ਅੱਜ ਵੀ ਕਾਇਮ ਹਨ ਤੇ ਰਹਿੰਦੀ ਦੁਨੀਆਂ ਤਕ ਸਦਾ ਕਾਇਮ ਰਹਿਣਗੇ।

**ਭਾਈ ਭਰਮਤੋੜ ਸਿੰਘ** – ਬਿਲਕੁਲ! ਇਹ ਦਾਅਵੇ ਨਾਲ ਕਿਹਾ ਜਾ ਸਕਦਾ ਐ ਕਿ ਸੰਸਾਰ ਦੇ ਨਕਸ਼ੇ 'ਤੇ ਸਿੱਖ ਦੀ ਪਹਿਚਾਣ ਗੁਰਮਤਿ ਸਿਧਾਂਤਾਂ, ਬਾਣੀ-ਬਾਣੇ ਤੇ ਨਵੀਨ ਵਿਚਾਰਧਾਰਾ ਕਰਕੇ ਐ। ਦੱਸ, ਹੁਣ ਵੀ ਤੇਰੇ ਮਨ 'ਚੋਂ ਸਿੱਖ ਇਨਕਲਾਬ ਦੇ ਸਵਾਲ ਦੀ ਗੁੰਝਲ ਵਾਲਾ ਭਰਮ ਟੁੱਟਾ ਕਿ ਨਹੀਂ?

**ਜਗਿਆਸੂ** – ਹੁਣ ਤਾਂ ਜੀ ਮੈਂ ਸਿੱਖ ਇਨਕਲਾਬ ਬਾਰੇ ਆਮ ਲੋਕਾਂ ਨੂੰ ਵੀ ਵਿਸਥਾਰ ਸਹਿਤ ਸਮਝਾ ਸਕਦਾ ਹਾਂ। ਤੁਹਾਡਾ ਧੰਨਵਾਦ!!

✦✦✦✦✦

# ਚਰਚਾ – ਅਠਵੀਂ

## ਜਦੋਂ ਰਾਹੂ-ਕੇਤੂ, ਸ਼ਨੀ ਗ੍ਰਹਿ, ਮੰਗਲੀਕ ਆਦਿ ਭਰਮ-ਪਖੰਡਾਂ 'ਚ ਸਚਾਈ ਕੋਈ ਨਹੀਂ ਤਾਂ...

**ਜਗਿਆਸੂ** – ਕਿਉਂ ਭਾਈ ਸਾਹਿਬ ਜੀ! ਭਲਾ ਇਹ ਜੋਤਿਸ਼ ਵਿੱਦਿਆ ਕੀ ਹੁੰਦੀ ਐ?

**ਭਾਈ ਭਰਮਤੋੜ ਸਿੰਘ** – ਇਸ ਬਾਰੇ ਕਿਹਾ ਜਾਂਦਾ ਹੈ ਕਿ ਜਿਸ ਵਿੱਦਿਆ ਨਾਲ ਸੂਰਜ, ਚੰਦਰਮਾ, ਨਛੱਤਰ, ਪ੍ਰਿਥਵੀ ਆਦਿ ਦਾ ਪੂਰਨ ਗਿਆਨ ਹੋਵੇ, ਉਹਦਾ ਨਾਉਂ ਜੋਤਿਸ਼ ਐ।

**ਜਗਿਆਸੂ** – ਪਰ ਜੀ ਆਹ ਜਿਹੜੇ ਪਾਂਡੇ/ ਪੰਡਤ ਜਿਹੇ ਥਾਂ-ਥਾਂ ਪੱਤਰੀਆਂ ਜਿਹੀਆਂ ਰੱਖੀ ਗਾਹਕ ਫਸਾਈ ਬੈਠੇ ਹੁੰਦੇ ਆ ਜਾਂ ਪਿੰਡਾਂ ਕਸਬਿਆਂ 'ਚ ਬੀਬੀਆਂ ਮਾਈਆਂ ਨੂੰ ਵੀ ਠੱਗ ਜਾਂਦੇ ਆ, ਇਨ੍ਹਾਂ ਨੂੰ ਭਲਾ ਐਨਾ ਗਿਆਨ ਹੋਊਗਾ?

**ਭਾਈ ਭਰਮਤੋੜ ਸਿੰਘ** – ਇਨ੍ਹਾਂ ਬਾਰੇ ਸਮਝਣ ਲਈ ਸਾਨੂੰ ਜੋਤਿਸ਼ ਵਿੱਦਿਆ ਬਾਰੇ ਸਮਝਣਾ ਪਵੇਗਾ। ਜੋਤਿਸ਼ ਦੇ ਅੱਗੇ ਦੋ ਮੁੱਖ ਭੇਦ ਆ। ਇਕ ਐ 'ਗਣਿਤ' ਜਿਸ ਤੋਂ ਗ੍ਰਹਿਆਂ ਦੀ ਚਾਲ ਦਾ ਹਿਸਾਬ ਸਮਝੀਦਾ ਐ ਤੇ ਦੂਜਾ, ਸਵਾਰਥੀ ਲੋਕਾਂ ਦਾ ਕਲਪਿਆ ਹੋਇਐ ਐ 'ਫਲਿਤ'। ਇਹ ਫਲਿਤ ਦੇ ਨਾਂ 'ਤੇ ਈ ਬਹੁਤਿਆਂ ਦਾ ਤੋਰੀ-ਫੁਲਕਾ ਚਲਦਾ ਐ। ਕਿਸੇ ਨੂੰ ਦਾਨ-ਪੁਜਾ ਦਾ ਭਰਮ ਪਾ ਦਿਤਾ, ਕਿਸੇ ਨੂੰ ਮਨੋਰਥਾਂ ਦੀ ਸਿੱਧੀ ਦਾ, ਪਰ ਗੁਰਮਤਿ ਵਿਚ 'ਫਲਿਤ ਨੂੰ ਨਿਰੋਲ ਭਰਮ ਪਖੰਡ ਦੱਸਿਆ ਹੈ।

**ਜਗਿਆਸੂ** – ਭਰਮ ਪਖੰਡ ਕਿਉਂ ਦੱਸਿਆ?

**ਭਾਈ ਭਰਮਤੋੜ ਸਿੰਘ** – ਕਿਉਂਕਿ ਇਹ ਸਭ ਝੂਠ ਐ। ਆਪਣੀ ਰੋਟੀ-ਰੋਜ਼ੀ ਲਈ ਪੰਡਤ ਲੋਕ, ਲੋਕਾਂ ਨੂੰ ਭਰਮ ਪਾ ਕੇ ਝੂਠ ਬੋਲਦੇ ਐ ਤੇ ਭੋਲੇ-ਭਾਲੇ ਲੋਕਾਂ ਨੂੰ ਲੁੱਟਦੇ ਆ। ਗੁਰੂਨਾਨਕ ਪਾਤਸ਼ਾਹ ਜੀ ਨੇ ਐਸੇ ਹੀ ਪੰਡਤ ਨੂੰ ਸੰਬੋਧਨ ਕਰਕੇ ਕਿਹਾ ਸੀ, "ਝੂਠੁ ਨ ਬੋਲਿ ਪਾਡੇ, ਸਚੁ ਕਹੀਐ।" ਹੁਣ ਤੂੰ ਦੱਸ, ਇਹ ਨਵਾਂ ਮਸਲਾ ਕਿਵੇਂ ਲੈ ਆਇਆ?

**ਜਗਿਆਸੂ** – ਮੈਂ ਵੀ ਐਵੇਂ ਬਸ ਕਿਤੇ ਹੱਥ ਜਿਹਾ ਵਿਖਾ ਬੈਠਾ। ਪੰਡਤ ਜੀ ਨੇ ਭਰਮ ਜਿਹਾ ਪਾ ਦਿਤਾ ਕਿ ਤੇਰੇ 'ਤੇ ਕਸ਼ਟ ਬਹੁਤ ਆ ਰਿਹੈ ਤੇ ਰਾਹੂ-ਕੇਤੂਬਹੁਤ ਕ੍ਰੋਧਵਾਨ ਹੋ ਰਹੇ ਆ। ਮੈਂ ਤਾਂ ਕੱਲ੍ਹ ਦਾ ਈ ਬੜੀ ਚਿੰਤਾ 'ਚ ਪਿਆ ਹੋਇਆਂ।

**ਭਾਈ ਭਰਮਤੋੜ ਸਿੰਘ** – (ਹੱਸਦਾ ਹੈ) ਓ ਪਾਗਲਾ, ਮੈਨੂੰ ਤੇਰੀ ਅਕਲ 'ਤੇ ਹਾਸਾ ਆ ਰਿਹਾ। ਤੂੰ ਐਂ ਗੁਰੂਦਾ ਸਿੱਖ ਤੇ ਗੁਰਮਤਿ ਅਨੁਸਾਰ ਤਾਂ ਸਿੱਖ-ਸਿੱਖਣੀ ਨੂੰ ਇਹ ਭਰਮ ਪਖੰਡ ਮੰਨਣਾ ਈ ਨਹੀਂ ਚਾਹੀਦਾ। ਤੂੰ ਉਥੇ ਗਿਆ ਕੀ ਲੈਣ ਪੱਤਰੀਆਂ ਆਲਿਆਂ ਕੋਲ?

**ਜਗਿਆਸੂ** – ਓ ਜੀ ਮੈਂ ਨਹੀਂ ਗਿਆ, ਮੈਨੂੰ ਮੇਰਾ ਗੁਆਂਢੀ ਲੈ ਗਿਆ। ਉਹ ਕਹਿੰਦਾ, ਪੰਡਤ ਜੀ ਬੜੇ ਪਹੁੰਚੇ ਹੋਏ ਨੇ, ਚੱਲ ਤੇਰਾ ਹੱਥ ਵਿਖਾ ਕੇ ਲਿਆਵਾਂ। ਪੌਂ -ਬਾਰਾਂ ਹੋ ਜਾਣਗੀਆਂ । ਉਥੇ ਹੋਰ ਵੀ ਸੀਗੇ ਮੇਰੇ ਅਰਗੇ ਬਥੇਰੇ ਸਿਰ ਫਿਰੇ, ਪੰਡਤ ਜੀ ਅੱਗੇ ਹੱਥ ਅੱਡੀ ਬੈਠੇ...

**ਭਾਈ ਭਰਮਤੋੜ ਸਿੰਘ** – ਵੇਖ, ਸਾਡੇ ਕਈ ਸਿੱਖ ਪਰਵਾਰਾਂ ਵਿਚ ਏਹੋ ਈ ਘਾਟ ਐ ਕਿ ਅਸੀਂ ਗੁਰੂਗ੍ਰੰਥ ਸਾਹਿਬ ਜੀ ਨੂੰ ਗੁਰੂਤਾਂ ਮੰਨਦੇ ਆਂ ਪਰ ਗੁਰਬਾਣੀ ਨੂੰ ਵਿਚਾਰ ਕੇ ਤੇ ਫੇਰ ਅਮਲ ਨਹੀਂ ਕਰਦੇ। ਏਸੇ ਲਈ ਕਈ ਸਿੱਖ ਜੰਤਰਾਂ, ਮੰਤਰਾਂ, ਤੰਤਰਾਂ ਵਿਚ ਵਿਸ਼ਵਾਸ ਰੱਖਦੇ ਆ ਤੇ ਕਈ ਪਾਂਡੇ ਪੱਤਰੀਆਂ ਪਿੱਛੇ ਭੱਜਦੇ ਆ। ਏਸ ਭਟਕਣਾ ਵਿਚ ਸ਼ੈਤਾਨ ਲੋਕ ਵਹਿਮੀ ਲੋਕਾਂ ਨੂੰ ਲੁੱਟੀ ਜਾਂਦੇ ਆ। ਗੁਰੂਸਾਹਿਬ ਤਾਂ ਸਮਝਾਉਂਦੇ ਹਨ:

> **"ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥**
>
> **ਹੋਰ ਕਥਨੀ ਬਦਉ ਨ, ਸਗਲੀ ਛਾਰੁ ॥'**

**ਜਗਿਆਸੂ** – ਇਹਦਾ ਪੂਰਾ ਮਤਲਬ ਕੀ ਐ ਜੀ?

**ਭਾਈ ਭਰਮਤੋੜ ਸਿੰਘ** – ਕਿ ਗੁਰ ਸ਼ਬਦ ਦੀ ਵਿਚਾਰ ਸਭ ਤੋਂ ਉੱਪਰ ਐ। ਹੋਰ ਪਖੰਡੀਆਂ ਦੀ ਕਥਨੀ ਨਾ ਮੰਨੇ ਕਿਉਂਕਿ ਉਹ ਮਿਥਿਆ ਐ। ਅੱਗੇ ਸਮਝਾਉਂਦੇ ਹਨ ਕਿ 'ਗਣਤ ਗਣੀਐ ਸਹਸਾ ਦੁਖੁ ਜੀਐ' ਕਿ ਗ੍ਰਹਿ ਰਾਸ਼ੀਆਂ ਦੀ ਮਿਣਤੀ ਗਿਣਤ 'ਤੇ ਮਾਨਸਿਕ ਰੋਗ ਤੇ ਸੰਸੇ ਹੁੰਦੇ ਹਨ ਪਰ 'ਗੁਰ ਕੀ ਸਰਣਿ ਪਵੈ ਸੁਖੁ ਥੀਐ' ਤੇ ਗੁਰੂਦੀ ਸ਼ਰਨ ਪਿਆਂ ਸੁਖ ਹੀ ਸੁਖ ਐ। ਹੁਣ ਤੂੰ ਦੱਸ ਕਿ ਆਪਣੇ ਗੁਰੂਦਾ ਦਰ ਛੱਡ ਕੇ ਐਵੇਂ ਚਿੰਤਾ ਸਹੇੜ ਲਿਆਇਆਂ। ਕੀ ਖੱਟਿਆ ਜਾ ਕੇ?

**ਜਗਿਆਸੂ** – ਖੱਟਣਾ ਕੀ ਸੀ ਜੀ, ਮੈਂ ਤੇ ਸਗੋਂ ਲੁਟਾ ਆਇਆਂ ....

**ਭਾਈ ਭਰਮਤੋੜ ਸਿੰਘ** – ਤੈਨੂੰ ਅਕਲ ਦੀ ਗੱਲ ਦੱਸਾਂ, ਇਹ ਥਿੱਤਾਂ, ਵਾਰਾਂ, ਗ੍ਰਹਿਆਂ, ਪੂਜਾ, ਰਾਸ਼ੀਆਂ ਦਾ ਭਰਮ ਪਾ ਕੇ ਲੁੱਟਣਾ ਦਾ ਈ ਢੰਗ ਐ। ਇਸ ਵਿਚ ਸੱਚਾਈ ਕੋਈ ਨਹੀਂ। ਐਸੇ ਕਰਮ-ਕਾਂਡਾਂ ਤੇ ਭਰਮਾਂ ਤੋਂ ਸਾਨੂੰ ਗੁਰੂਸਾਹਿਬਾਂ ਨੇ ਪਹਿਲਾਂ ਈ ਸੁਚੇਤ ਕੀਤਾ ਐ। ਇਨ੍ਹਾਂ ਪੱਤਰੀਆਂ ਵਾਲਿਆਂ ਦੇ ਵੀ ਫ਼ਿਲਮਾਂ ਵਾਲਿਆਂ ਵਾਂਗ

ਡਾਇਲਾਗ ਈ ਰਟੇ ਹੁੰਦੇ ਆ। ਇਨ੍ਹਾਂ ਵਿੱਚੋਂ ਨੱਬੇ ਪਰਸੈਂਟ ਸਾਰਿਆਂ 'ਤੇ ਈ ਢੁੱਕਦੇ ਹੁੰਦੇ ਆ। ਇਨ੍ਹਾਂ ਗੱਲਾਂ ਕਰਕੇ ਸਧਾਰਨ ਲੋਕ ਇਨ੍ਹਾਂ 'ਤੇ ਵਿਸ਼ਵਾਸ ਕਰਨਾ ਸ਼ੁਰੂਕਰ ਦਿੰਦੇ ਆ। ਹੁਣ ਮੈਂ ਤੈਨੂੰ ਇਹ ਵੀ ਦੱਸ ਸਕਦਾਂ ਕਿ ਤੈਨੂੰ ਪੰਡਤ ਜੀ ਨੇ ਕੀ-ਕੀ ਦੱਸਿਆ!

**ਜਗਿਆਸੂ** – ਤੁਹਾਨੂੰ ਕਿਵੇਂ ਪਤਾ ਲੱਗ ਗਿਆ?

**ਭਾਈ ਭਰਮਤੋੜ ਸਿੰਘ** – ਇਹਦੇ 'ਚ ਪਤਾ ਲੱਗਣ ਵਾਲੀ ਕਿਹੜੀ ਗੱਲ ਐ? ਪਹਿਲੀ ਗੱਲ ਉਨ੍ਹੇ ਕੀਤੀ ਹੋਣੀ ਆਂ ਕਿ ਤੂੰ ਇਕ ਵਾਰੀ ਮਰਨ ਤੋਂ ਬੜੀ ਮੁਸ਼ਕਲ ਨਾਲ ਬਚਿਆ ਸੈਂ। ਹੁਣ ਇਹ ਘਟਨਾ ਤਕਰੀਬਨ ਹਰ ਆਦਮੀ ਦੀ ਜ਼ਿੰਦਗੀ ਵਿਚ ਕਦੀ ਨਾ ਕਦੀ ਜ਼ਰੂਰ ਵਾਪਰੀ ਹੁੰਦੀ ਆ। ਸੋਈਓ ਇਸ ਨਾਲ ਹਰ ਬੰਦਾ ਸਹਿਮਤ ਹੋ ਈ ਜਾਂਦਾ।

**ਜਗਿਆਸੂ** – ਗੱਲ ਤੁਹਾਡੀ ਠੀਕ ਆ ਜੀ, ਪੰਡਤ ਜੀ ਨੇ ਪੈਂਦੀ ਸੱਟੇ ਏਹੋ ਡਾਇਲਾਗ ਛੱਡਿਆ। ਮੈਨੂੰ ਵਿਸ਼ਵਾਸ ਹੋ ਗਿਆ ਕਿਉਂਕਿ ਮੈਂ ਨਿੱਕਾ ਹੁੰਦਾ ਇਕ ਵਾਰੀ ਛੱਪੜ 'ਚ ਡੁੱਬ ਕੇ ਮਰ ਚੱਲਿਆ ਸੀ, ਜੇ ਬਾਪੂ ਨਾ ਬਚਾਉਂਦਾ ਤਾਂ....

**ਭਾਈ ਭਰਮਤੋੜ ਸਿੰਘ** – ਤੇ ਦੂਜੀ ਗੱਲ ਪੰਡਤ ਜੀ ਨੇ ਦੱਸੀ ਹੋਣੀ ਆਂ ਕਿ ਤੁਹਾਡੇ ਕੋਲ ਪੈਸਾ ਤਾਂ ਬਹੁਤ ਆਉਂਦੈ ਪਰ ਠਹਿਰਦਾ ਬਿਲਕੁਲ ਨਹੀਂ ਐਂ। ਹੁਣ ਇਸ ਮਹਿੰਗਾਈ ਦੇ ਯੁੱਗ ਵਿਚ ਇਹ ਤਾਂ ਹਰ ਇਕ ਦੀ ਹੀ ਸਮੱਸਿਆ ਐ, ਜੋ ਬਹੁਤਿਆਂ 'ਤੇ ਈ ਢੁੱਕਦੀ ਐ...

**ਜਗਿਆਸੂ** – ਹਾਂ ਜੀ ਬਿਲਕੁਲ ਠੀਕ, ਮੇਰੀ ਵੀ ਮਸਾਂ ਆਈ-ਚਲਾਈ ਚੱਲਦੀ ਆ। ਏਸੇ ਲਈ ਮੇਰਾ ਹੋਰ ਵਿਸ਼ਵਾਸ ਬੱਝ ਗਿਆ।

**ਭਾਈ ਭਰਮਤੋੜ ਸਿੰਘ** – ਤੇ ਤੀਜਾ ਡਾਇਲਾਗ ਪੰਡਤ ਜੀ ਦਾ ਆਮ ਈ ਹੁੰਦੈ ਕਿ ਭਾਈ, ਤੂੰ ਤਾਂ ਸਾਰਿਆਂ ਦਾ ਈ ਭਲਾ ਕਰਦੈਂ, ਪਰ ਤੇਰਾ ਹਰ ਕੋਈ ਬੁਰਾ ਈ ਤੱਕਦਾ। ਇਹ ਵੀ ਮਾਨਸਕ ਤੌਰ 'ਤੇ ਹਰ ਬੰਦੇ ਨੂੰ ਵਹਿਮ ਐ ਕਿ ਮੈਂ ਨਹੀਂ ਕਿਸੇ ਦਾ ਬੁਰਾ ਕਰਦਾ ਪਰ ਲੋਕ ਮੇਰਾ ਬੁਰਾ ਤੱਕਦੇ ਐ।

**ਜਗਿਆਸੂ** – ਇਹ ਵੀ ਗੱਲ ਪੰਡਤ ਜੀ ਨੇ ਏਸੇ ਤਰ੍ਹਾਂ ਆਖੀ ਤੇ ਮੈਂ ਚੌਂਕੜੀ ਮਾਰ ਕੇ ਭਵਿੱਖ ਦੀਆਂ ਸੁਣਨ ਲਈ ਹੋਰ ਅੱਗੇ ਹੋ ਗਿਆ।

**ਭਾਈ ਭਰਮਤੋੜ ਸਿੰਘ** – ਤੇ ਨਿੱਕੀਆਂ-ਮੋਟੀਆਂ, ਏਧਰ ਓਧਰ ਦੀਆਂ ਮਾਰ ਕੇ ਪੰਡਤ ਜੀ ਮੁਰਗੀ ਫਸੀ ਵੇਖ ਕੇ ਅੰਤ ਕਹਿੰਦੇ ਹੁੰਦੇ ਆ ਕਿ ਹੁਣ ਤੂੰ ਠੀਕ ਟਿਕਾਣੇ ਪਹੁੰਚ ਗਿਐਂ, ਤੇਰੇ ਦੁੱਖ-ਦਲਿੱਦਰ, ਕਸ਼ਟ ਬਹੁਤ ਜਲਦੀ ਕੱਟੇ ਜਾਣੇ ਆਂ। 'ਹਮ ਆਪ ਕੋ ਉਪਾਅ ਬਤਾਤੇ ਹੈਂ, ਤੁਮ ਠੀਕ ਹੋ ਜਾਓਗੇ।' ਕਿਸੇ ਨੂੰ ਕਹਿਣਗੇ, 'ਤੈਨੂੰ ਧਨ ਦਾ ਦੱਬਿਆ ਖ਼ਜ਼ਾਨਾ ਮਿਲ ਜਾਣਾ'। ਇਉਂ ਹੀ ਕਿਸੇ ਦੀ ਲਾਟਰੀ ਨਿਕਲਣ ਦਾ ਲਾਰਾ, ਕਿਸੇ ਨੂੰ ਖੁਸ਼ਖਬਰੀ ਮਿਲਣ ਦੀ ਆਸ ਦੇ ਕੇ ਭਰਮਾ ਲੈਂਦੇ ਆ।

**ਜਗਿਆਸੂ** – ਇਹੋ ਗੱਲ, ਸੁਣ ਕੇ ਤਾਂ ਮੈਂ ਵੀ ਦਸਾਂ ਦਾ ਨੋਟ ਦਿੰਦੇ-ਦਿੰਦੇ ਵੀਹ ਦੇ 'ਤੇ, ਬਈ ਪੰਡਤ ਜੀ ਖੁਸ਼ ਹੋ ਜਾਣ!

**ਭਾਈ ਭਰਮਤੋੜ ਸਿੰਘ** – ਤੈਨੂੰ ਇਹ ਵੀ ਦੱਸਾਂ ਕਿ ਪੰਡਤਾਂ-ਪੱਤਰੀਆਂ ਪਿੱਛੇ ਲੱਗਣ ਵਾਲਾ ਮਾਨਸਕ ਤੌਰ 'ਤੇ ਪਹਿਲਾਂ ਈ ਬਿਮਾਰ ਹੁੰਦੈ ਤੇ ਉਹ ਪੰਡਤ ਜੀ ਦੀਆਂ ਗੱਲਾਂ ਸੁਣ ਕੇ ਛੇਤੀ ਹੀ ਵੱਸ 'ਚ ਹੋ ਜਾਂਦਾ। ਹੁਣ ਤੈਨੂੰ ਉਹਨ੍ਹਾਂ ਦੇ ਉਪਾਅ ਵੀ ਦੱਸ ਦਿੰਨੇ ਆਂ, ਉਹ ਵੀ ਅਮੀਰ-ਗਰੀਬ ਬੰਦੇ ਦੀ ਜਜਮੈਂਟ ਕਰ ਕੇ ਫੇਰ ਦੱਸਦੇ ਆ।

**ਭਾਈ ਭਰਮਤੋੜ ਸਿੰਘ** – ਪੰਡਤ ਜੀ ਦੀਆਂ ਗੱਲਾਂ ਸੁਣ ਕੇ ਛੇਤੀ ਹੀ ਵੱਸ 'ਚ ਹੋ ਜਾਂਦਾ। ਹੁਣ ਤੈਨੂੰ ਉਹਨਾਂ ਦੇ ਉਆਪ ਵੀ ਦੱਸ ਦਿੰਨੇ ਆਂ, ਉਹ ਵੀ ਅਮੀਰ-ਗਰੀਬ ਬੰਦੇ ਦੀ ਜਜਮੈਂਟ ਕਰ ਕੇ ਫੇਰ ਦੱਸਦੇ ਆ।

**ਜਗਿਆਸੂ** – ਤੁਹਾਨੂੰ ਪਤੈ, ਮੈਨੂੰ ਕੀ ਦੱਸਿਆ ਹੋਊ?

**ਭਾਈ ਭਰਮਤੋੜ ਸਿੰਘ** – ਵੇਖੋ, ਪੰਜ-ਸੱਤ ਈ ਉਪਾਅ ਹੁੰਦੇ ਆ। ਪਹਿਲੀ ਗੱਲ ਤਾਂ ਗਊਸ਼ਾਲਾਂ ਜਾ ਕੇ ਗਊਆਂ ਨੂੰ ਗੁੜ, ਆਟਾ ਜਾਂ ਪੱਠੇ ਜਾਰਿਆ ਕਰੋ। ਸ਼ਨੀ ਦੇ ਮੰਦਰ, ਸ਼ਨੀਵਾਰ ਤੇਲ ਤੇ ਮਾਂਹ ਚੜ੍ਹਾਇਆ ਕਰੋ।

**ਜਗਿਆਸੂ** – ਆਹ ਤੇਲ ਤੇ ਮਾਂਹ ਚੜ੍ਹਾਉਣ ਨਾਲ ਕੀ ਹੋ ਜਾਂਦਾ?

**ਭਾਈ ਭਰਮਤੋੜ ਸਿੰਘ** – ਹੋਣਾ ਕੀ ਆ, ਬੰਦਾ ਹੋਰ ਵਹਿਮੀ ਹੋ ਜਾਂਦਾ ਹੈ। ਜਦੋਂ ਗੁਰਮਤਿ ਵਿੱਚ ਇਕ ਅਕਾਲ ਪੁਰਖ ਤੋਂ ਇਲਾਵਾ ਹੋਰ ਕਿਸੇ ਦੇਵੀ-ਦੇਵਤੇ ਨੂੰ ਮੰਨਿਆ ਈ ਨਹੀਂ, ਫਿਰ ਘੱਟੋ-ਘੱਟ ਸਿੱਖਾਂ ਨੂੰ ਕੀ ਲੋੜ ਐ ਕਿ ਉਹ ਤੇਲ ਤੇ ਮਾਂਹ ਚੜ੍ਹਾਉਂਦੇ ਫਿਰਨ? ਇਹ ਸਭ ਗੁਰਮਤਿ ਵਿਰੋਧੀ ਕਰਮ-ਕਾਂਡ ਨੇ। ਇਨ੍ਹਾਂ ਬ੍ਰਾਹਮਣਵਾਦੀ ਰੀਤਾਂ ਤੋਂ ਈ ਤਾਂ ਗੁਰੂਸਾਹਿਬਾਂ ਸਾਨੂੰ ਵਾਰ-ਵਾਰ ਵਰਜਿਆ ਐ।

**ਜਗਿਆਸੂ** – ਇਕ ਨੂੰ ਕਹਿੰਦੇ ਆ ਕਿ ਤੇਰਾ ਮੁੰਡਾ ਮੰਗਲੀਕ ਐ, ਇਹਦਾ ਵਿਆਹ ਵੀ ਮੰਗਲੀਕ ਨਾਲ ਈ ਹੋਵੇ ਤਾਂ ਹੀ ਜੋੜ ਠੀਕ ਬੈਠੇਗਾ। ਇਹ ਜੀ ਮੰਗਲੀਕ ਕੀ ਹੁੰਦਾ?

**ਭਾਈ ਭਰਮਤੋੜ ਸਿੰਘ** – ਹੋਣਾਂ ਕੀ ਆ? ਪੰਡਤ ਜੀ ਦਾ ਪਖੰਡੀ ਸ਼ੋਸ਼ਾ ਹੁੰਦਾ। ਇਹ ਬਿਮਾਰੀ ਕਈ ਸਿੱਖ ਪਰਵਾਰਾਂ 'ਚ ਵੀ ਵੜਗੀ ਆ। ਕੱਲ੍ਹ ਕੋਈ ਕਹਿੰਦਾ ਕਿ ਕੁੜੀ ਦੀ ਕਿਤੇ ਦੱਸ ਪਾਓ, ਪਰ ਮੰਗਲੀਕ ਹੋਵੇ। ਮੈਂ ਕਿਹਾ, ਇਹ ਕੋਈ ਵਿਦਿਅਕ ਯੋਗਤਾ, ਬਈ ਮੰਗਲੀਕ ਹੋਵੇ? ਸਿੱਧਾ ਕਹੋ ਕਿ ਕੋਈ ਵਿਦਿਅਕ ਯੋਗਤਾ, ਬਈ ਮੰਗਲੀਕ ਹੋਵੇ? ਸਿੱਧਾ ਕਹੋ ਕਿ ਕੋਈ ਵਹਿਮੀ ਟੱਬਰ ਹੋਵੇ ਤੇ ਉਨ੍ਹਾਂ ਨੂੰ ਤੁਹਾਡੇ ਵਾਂਗ ਪੰਡਤ ਜੀ ਨੇ ਭਰਮ ਪਾਇਆ ਹੋਵੇ ਮੰਗਲੀਕ ਦਾ। ਫਿਰ ਦੋਵੇਂ ਵਹਿਮੀ ਪਰਵਾਰ ਪੰਡਤਾਂ ਦੇ ਘਰ ਭਰਦੇ ਰਹੋ ਸਾਰੀ ਉਮਰ!

**ਜਗਿਆਸੂ** – ਮੈਨੂੰ ਵੀ ਪੰਡਤ ਜੀ ਕਹਿੰਦੇ ਕਿ ਨਾਰੀਅਲ ਨੂੰ ਲਾਲ ਕੱਪੜੇ 'ਚ ਬੰਨ੍ਹ ਕੇ ਪਾਣੀ 'ਚ ਰੋੜ੍ਹਨਾ ਤੇ ਸਵਾ ਮਹੀਨਾ ਪਿੱਪਲ ਨੂੰ ਪਾਣੀ ਪਾਈਂ। ਕੀੜਿਆਂ ਦੇ ਭੌਣ 'ਤੇ ਤਿਲ ਚੌਲ ਪਾਈਂ ਤੇ ਚੜ੍ਹਦੇ ਸੂਰਜ ਨੂੰ ਸੁਬ੍ਹਾ ਉਠ ਕੇ ਪਾਣੀ ਦਿਆ ਕਰ।

**ਭਾਈ ਭਰਮਤੋੜ ਸਿੰਘ** – ਓ ਤੂੰ ਤਾਂ ਉੱਠ ਕੇ ਆਪ ਪਾਣੀ ਨਹੀਂ ਪੀਣ ਜੋਗਾ, ਤੇਰੇ ਵਰਗੇ ਆਲਸੀ ਬੰਦੇ ਨੇ ਸੂਰਜ ਨੂੰ ਸੁਬ੍ਹਾ ਉਠ ਕੇ ਪਾਣੀ ਕੀ ਦੇਣਾ? ਇਨ੍ਹਾਂ ਗੱਲਾਂ 'ਚ ਕੋਈ ਤਾਂ ਭਰਮ ਈ ਸਨ, ਊਂ ਇਹ ਸਾਰਾ ਕੁਝ ਗਾਹਕ ਦੇ ਮਨ ਦੀ ਸੰਤੁਸ਼ਟੀ ਲਈ ਹੁੰਦੈ।

**ਜਗਿਆਸੂ** – ਊਂ ਭਾਈ ਸਾਹਿਬ, ਪੰਡਤ ਜੀ ਬੰਦਾ-ਕੁਬੰਦਾ ਝੱਟ ਤਾੜ ਲੈਂਦੇ ਆ।

**ਭਾਈ ਭਰਮਤੋੜ ਸਿੰਘ** – ਤੈਨੂੰ ਦੱਸਾਂ, ਜੋ ਬੰਦੇ ਸਿਰਫ ਗੱਲਾਂ ਦਾ ਖੱਟਿਆ ਖਾਂਦੇ ਆ ਨਾ, ਉਨ੍ਹਾਂ ਦੀ ਅੱਖ ਤੇ ਜ਼ੁਬਾਨ ਬਹੁਤ ਤੇਜ ਹੁੰਦੀ ਆ। ਐਵੇਂ ਥੋੜ੍ਹਾ ਤੇਰੇ ਵਰਗੇ ਦੀ ਜੇਬ 'ਚੋਂ ਨੋਟ ਨਿਕਲ ਕੇ ਪੰਡਤ ਜੀ ਦੀ ਪੱਤਰੀ 'ਤੇ ਜਾ ਡਿੱਗਦੇ ਆ! ਏਸੇ ਤਰ੍ਹਾਂ ਦਲਾਲ, ਏਜੰਟ, ਪ੍ਰਾਪਰਟੀ ਡੀਲਰ, ਦੁਕਾਨਦਾਰ, ਵਪਾਰੀ ਇਨ੍ਹਾਂ ਦੀ ਅੱਖ ਕਾਂ ਵਰਗੀ ਹੁੰਦੀ ਆ।

**ਜਗਿਆਸੂ** – ਇਕ ਕਾਰ ਵਾਲਾ ਸੇਠ ਆ ਗਿਆ, ਉਹਨੂੰ ਪੰਡਤ ਜੀ ਕਹਿੰਦੇ, ਬਈ ਚਾਂਦੀ ਦੀ ਮੁੰਦਰੀ 'ਚ ਸੁੱਚਾ ਮੋਤੀ ਜਾਂ ਸੋਨੇ ਦੀ ਮੁੰਦਰੀ 'ਚ ਨੀਲਮ ਜਾਂ ਪੁਖਰਾਜ ਜੜਾ ਕੇ ਪਾਓ! ਸ਼ਨੀਵਾਰ ਕਾਲਾ ਕੱਪੜਾ ਨਾ ਪਾਇਓ! ਗਊਨੂੰ ਸਵਾ ਮਹੀਨਾ ਆਟੇ ਦਾ ਪੇੜਾ ਚਾਰਿਓ ਤੇ ਰਾਹੂ-ਕੇਤੂਫਿਰ ਐਂ ਭੱਜਣਗੇ ਜਿਵੇਂ ਬਿੱਲੀ, ਕੁੱਤੇ ਨੂੰ ਦੇਖ ਕੇ ਭੱਜਦੀ ਆ। ਇਹ ਜੀ, ਭਲਾ ਰਾਹੂ-ਕੇਤੂਕੀ ਇੱਲ ਬਲਾ ਐ?

**ਭਾਈ ਭਰਮਤੋੜ ਸਿੰਘ** – ਇਹ ਵੀ ਸਭ ਵਹਿਮੀ ਲੋਕਾਂ ਲਈ ਭਰਮ ਐਂ। ਜਦੋਂ ਰਾਹੂ-ਕੇਤੂਹੈ ਈ ਨਹੀਂ ਫਿਰ ਉਨ੍ਹਾਂ ਭੱਜਣਾ ਕਿਥੇ ਆ? ਉਹੋ ਗੱਲ, ਇਕ ਵਾਰੀ ਇਕ ਰਾਜੇ ਨੇ ਵਜ਼ੀਰ ਰੱਖਣਾ ਸੀ ਤੇ ਤਿੰਨ ਬੰਦੇ ਚੁਣੇ। ਤਿੰਨਾਂ ਨੂੰ ਕਮਰੇ 'ਚ ਬੰਦ ਕਰ ਦਿਤਾ, ਬਾਹਰ ਦਰਵਾਜ਼ਾ ਲਾ ਕੇ ਰਾਜਾ ਕਹਿੰਦਾ ਕਿ ਮੈਂ ਇਕ ਸਵਾਲ ਪਾਉਨਾ, ਜੀਹਨੇ ਤਿੰਨਾਂ 'ਚੋਂ ਪਹਿਲਾਂ ਹੱਲ ਕਰ ਤਾ ਤਾਂ ਬਾਹਰ ਲੱਗਾ ਜਿੰਦਰਾ ਆਪੇ ਖੁੱਲ੍ਹ ਜਾਊਤੇ ਉਹੀ ਮੇਰਾ ਵਜ਼ੀਰ ਬਣ ਜਾਊ। ਦੋ ਜਣੇ ਤਾਂ ਕਮਲੇ ਸਵਾਲ ਕੱਢੀ ਗਏ ਤੇ ਇਕ ਮੇਰੇ ਵਰਗਾ ਉਠਿਆ, ਉਨ੍ਹੇ ਦਰਵਾਜ਼ਾ ਖੋਲ੍ਹਿਆ ਤਾਂ ਖੁਲ੍ਹ ਗਿਆ। ਰਾਜੇ ਨੇ ਉਹ ਵਜ਼ੀਰ ਚੁਣ ਲਿਆ। ਦੂਜੇ ਦੋਵੇਂ ਪਰੇਸ਼ਾਨ ਕਿ ਇਨ੍ਹੇ ਸੁਆਲ ਤਾਂ ਕੋਈ ਕੱਢਿਆ ਈ ਨਹੀਂ! ਰਾਜਾ ਕਹਿੰਦਾ, ਤੂੰ ਕਿਵੇਂ ਕੀਤਾ? ਉਹ ਕਹਿੰਦਾ, ਮੈਂ ਆਖਿਆ ਵੇਖੀਏ ਤਾਂ ਸਹੀ ਬਾਹਰ ਜਿੰਦਰਾ ਲੱਗ ਵੀ ਆ ਕਿ ਨਹੀਂ, ਕਿਉਂਕਿ ਜਿੰਦਰਾ ਤਾਂ ਲਾਇਆ ਈ ਨਹੀਂ ਸੀ! ਰਾਜਾ ਹੱਸ ਕੇ ਕਹਿੰਦਾ ਕਿ ਮੈਂ ਵੀ ਅਕਲ ਵਾਲਾ ਈ ਵਜ਼ੀਰ ਭਾਲਦਾ ਸਾਂ ਜੋ ਪਹਿਲਾਂ ਮਸਲੇ ਨੂੰ ਸਮਝੇ। ਏਸੇ ਤਰ੍ਹਾਂ ਜਦੋਂ ਰਾਹੂ-ਕੇਤੂ, ਸ਼ਨੀ ਗ੍ਰਹਿ, ਮੰਗਲੀਕ ਤੇ ਹੋਰ ਭਰਮ-ਪਖੰਡਾਂ 'ਚ ਸਚਾਈ ਹੀ ਕੋਈ ਨਹੀਂ ਤਾਂ ਫੇਰ ਐਵੀਂ ਉਪਾਅ ਤੇ ਭਰਮ ਕਰੀ ਜਾਣੇ ਸਿਰਫ ਅਗਿਆਨਤਾ ਈ ਐ।

**ਜਗਿਆਸੂ** – ਅੱਜਕਲ੍ਹ ਤਾਂ ਜੀ ਕਹਿੰਦੇ, ਇਕ ਡੇਰੇ 'ਚ ਇਕ ਬੱਕਰੀ ਵੀ ਚਮਤਕਾਰੀ ਆ ਗਈ ਆ ਤੇ ਲੋਕੀ ਉਹਨੂੰ ਮੱਥਾ ਟੇਕੀ ਜਾਂਦੇ ਆ। ਏਸੇ ਤਰ੍ਹਾਂ ਕਦੇ ਸੋਟੀ ਆਲਾ ਬਾਬਾ, ਕਦੇ ਖੰਭ ਆਲਾ ਬਾਬਾ, ਕਦੀ ਕੜਿਆ ਆਲਾ, ਰੋਜ਼ ਨਵੀਆਂ ਅਫਵਾਹਾਂ ਸੁਣ ਲਈਦੀਆਂ....

**ਭਾਈ ਭਰਮਤੋੜ ਸਿੰਘ** – ਤੈਨੂੰ ਮੈਂ ਅੱਗੇ ਕਈ ਵਾਰੀ ਕਿਹਾ ਕਿ ਹਿੰਦੁਸਤਾਨ 'ਚ ਢੰਗ ਜਾਂ ਢੌਂਗ ਨਵਾਂ ਚਾਹੀਦਾ, ਦੁਨੀਆਂ ਤਾਂ ਲੁਟਵਾਉਣ ਨੂੰ ਤਿਆਰ ਈ ਪਈ ਆ। ਕੋਈ ਪੁੱਛਣ ਵਾਲਾ ਹੋਵੇ ਬਈ ਜੇ ਬੱਕਰੀ ਚਮਤਕਾਰੀ ਹੁੰਦੀ ਤਾਂ ਉਹਨੇ ਬੱਕਰੀ ਬਣ ਕੇ ਈ ਜੰਮਣਾ ਸੀ! ਦਰਅਸਲ ਜਦੋਂ ਕੋਈ ਡੇਰਾ ਫੇਲ੍ਹ ਹੋਣ ਲੱਗੇ ਤਾਂ ਇਸ ਤਰ੍ਹਾਂ ਦੀਆਂ ਅਫਵਾਹਾਂ ਨਾਲ ਫੇਰ ਚੱਲ ਪੈਂਦਾ ਹੈ। ਬਹੁਤ ਸਾਰੇ ਬਾਬਿਆਂ ਨੂੰ ਇਹ ਅਫਵਾਹਾਂ ਦਾ ਫਾਰਮੂਲਾ ਫਿੱਟ ਆ ਗਿਆ ਐ।

**ਜਗਿਆਸੂ** – ਉਂ ਦੁਨੀਆਂ ਵਿਚ ਮੰਨਤਾ ਵੀ ਬਹੁਤ ਭੇਖ ਤੇ ਪਾਖੰਡ ਦੀ ਜਿਆਦਾ ਐ। ਲੋਕਾਂ ਨੂੰ ਭਰਮ ਵੀ ਪਾਈ ਜਾਓ, ਮਾਇਆ ਜੋੜੀ ਜਾਓ ਤੇ ਗੱਪ ਰੋੜ੍ਹੀ ਜਾਓ, ਫੇਰ ਬੰਦਾ ਭੁੱਖਾ ਨਹੀਂ ਮਰਦਾ। ਚਲੋਂ ਅਗਿਆਨੀ ਲੋਕਾਂ ਦੀ ਤਾਂ ਗੱਲ ਛੱਡੋ, ਆਹ ਵੱਡੇ-ਵੱਡੇ ਰਾਜਨੀਤਕ ਤੇ ਸਮਾਜਕ ਆਗੂਵੀ ਜੰਤਰਾਂ-ਮੰਤਰਾਂ 'ਚੋਂ ਨਹੀਂ ਨਿਕਲਦੇ। ਇਹ ਕਿਉਂ?

**ਭਾਈ ਭਰਮਤੋੜ ਸਿੰਘ** – ਇਹ ਸਾਡੇ ਸਮਾਜ ਦਾ ਪੁਰਾਣਾ ਦੁਖਾਂਤ ਐ ਕਿ ਰਾਜ ਘਰਾਣਿਆਂ 'ਚ ਵੀ ਬ੍ਰਾਹਮਣ ਦੀ ਸਰਦਾਰੀ ਰਹੀ ਐ। ਉਨ੍ਹਾਂ ਦੇ ਭਰਮ-ਜਾਲ 'ਚੋਂ' ਲੋਕ ਹਾਲੇ ਨਿਕਲ ਨਹੀਂ ਸਕਦੇ। ਤਕਰੀਬਨ 239 ਸਾਲ ਗੁਰੂਸਾਹਿਬਾਂ ਨੇ ਸਿੱਖ ਦੀ ਘਾੜਤ ਘੜਦਿਆਂ ਲਾਏ ਤੇ ਸਿੱਖ ਨੂੰ ਸਿੱਖਿਆ ਦੇ-ਦੇ ਕੇ ਬਿਪਰਵਾਦ ਦੇ ਚੁੰਗਲ 'ਚੋਂ ਕੱਢਣ ਦੀ ਕੋਸ਼ਿਸ਼ ਕੀਤੀ ਪਰ ਤੇਰੇ ਵਰਗੇ ਕਈ ਵਹਿਮੀ ਸਿੱਖ ਅਜੇ ਵੀ ਪੱਤਰੀਆਂ ਕਢਾਉਂਦੇ ਫਿਰਦੇ ਰਹਿੰਦੇ ਆ।

**ਜਗਿਆਸੂ** – ਇਹਦਾ ਮਤਲਬ, ਪੱਤਰੀਆਂ ਤੇ ਗ੍ਰਹਿ ਰਾਸ਼ੀਆਂ ਵਾਲਾ ਭਰਮ ਈ ਪਾਇਆ ਜਾਂਦਾ, ਇਨ੍ਹਾਂ ਲੋਕਾਂ ਕੋਲ ਹੋਰ ਕੋਈ ਗੱਲ ਨਹੀਂ?

**ਭਾਈ ਭਰਮਤੋੜ ਸਿੰਘ** – ਹਾਂ, ਇਹ ਤਾਂ ਰੋਟੀਆਂ ਲਈ ਤਾਲ ਪੂਰਨ ਵਾਲੀ ਗੱਲ ਐ। ਇਕ ਕਹਾਣੀ ਆਉਂਦੀ ਆ ਨਾ ਕਿ ਇਕ ਵਾਰੀ ਰਾਤ ਦੇ ਹਨ੍ਹੇਰੇ 'ਚ ਇਕ ਜੋਤਸ਼ੀ ਖੂਹ 'ਚ ਡਿੱਗ ਪਿਆ। 'ਬਚਾਓ- ਬਚਾਓ' ਦੀ ਆਵਾਜ਼ ਸੁਣ ਕੇ ਇਕ ਬਜ਼ੁਰਗ ਖੂਹ 'ਤੇ ਗਿਆ ਤੇ ਕਹਿੰਦਾ, 'ਤੂੰ ਕੌਣ ਐਂ?' ਅੱਗੋਂ ਆਵਾਜ਼ ਆਈ, 'ਮੈਂ ਜੋਤਸ਼ੀ ਹਾਂ, ਮੈਨੂੰ ਇਕ ਵਾਰੀ ਬਾਹਰ ਕੱਢ ਦਿਓ, ਮੈਂ ਤੁਹਾਡੇ ਭਵਿੱਖ ਦੀਆਂ ਸਾਰੀਆਂ ਗੱਲਾਂ ਦੱਸ ਦਿਆਂਗਾ ਕਿ ਤੁਹਾਡੇ ਨਾਲ ਕੀ-ਕੀ ਹੋਣਾ ਐਂ।' ਅੱਗੋਂ ਬਜ਼ੁਰਗ ਬੋਲਿਆ ਕਿ ਤੂੰ ਮੈਨੂੰ ਭਵਿੱਖ ਬਾਰੇ ਕੀ ਦੱਸੇਂਗਾ, ਤੈਨੂੰ ਆਪ ਨੂੰ ਈ ਨਹੀਂ ਪਤਾ ਲੱਗਾ ਕਿ ਤੂੰ ਖੂਹ ਵਿਚ ਡਿੱਗ ਪਏਂਗਾ! ਤੇਰੇ ਵਰਗੇ ਪਾਖੰਡੀ ਬੰਦੇ ਨੂੰ ਮੈਂ ਖੂਹ 'ਚੋਂ ਨਹੀਂ ਕੱਢ ਸਕਦਾ, ਡਿੱਗਿਆ ਰਹਿ ਜਿਥੇ ਡਿੱਗਿਆਂ!

**ਜਗਿਆਸੂ** – ਵਾਹ ਭਾਈ ਸਾਹਿਬ ਜੀ, ਉਹ ਇਕ ਗੁਰੂਨਾਨਕ ਸਾਹਿਬ ਦੇ ਜੀਵਨ ਇਤਿਹਾਸ ਵਿੱਚ ਵੀ ਇਸ ਤਰ੍ਹਾਂ ਦੀ ਸਾਖੀ ਆਉਂਦੀ ਆ ਨਾ?

**ਭਾਈ ਭਰਮਤੋੜ ਸਿੰਘ** – ਆਹੋ, ਇਕ ਪਾਂਡੇ ਨੇ ਅੱਗੇ ਲੋਟਾ ਰੱਖਿਆ, ਅੱਖਾਂ ਮੀਚੀਆਂ ਤੇ ਲੋਕਾਂ ਨੂੰ ਕਹਿ ਰਿਹਾ ਸੀ, ਇਸ 'ਚ ਪੈਸੇ ਪਾਓ, ਮੈਂ ਤੁਹਾਨੂੰ ਸਵਰਗ ਲੋਕ ਦੇ ਦਰਸ਼ਨ ਕਰਵਾਵਾਂਗਾ। ਤੇਰੇ ਵਰਗੇ ਵਹਿਮੀ ਲੋਕ ਲੋਟੇ 'ਚ

ਪੈਸੇ ਪਾਈ ਜਾਣ। ਗੁਰੂਜੀ ਨੇ ਭਰਮ-ਭਾਂਡਾ ਭੰਨਣ ਲਈ ਪੰਡਤ ਜੀ ਦਾ ਲੋਟਾ ਚੱਕ ਕੇ ਉਹਦੇ ਈ ਪਿੱਛੇ ਰੱਖ 'ਤਾ। ਜਦੋਂ ਕਾਣੀ ਅੱਖ ਨਾਲ ਪੰਡਤ ਜੀ ਨੇ ਲੋਟਾ ਵੇਖਿਆ ਤਾਂ ਲੱਭਣ ਲਈ ਹੱਥ-ਪੈਰ ਮਾਰਨ ਲੱਗੇ ਤੇ ਰੌਲਾ ਪਾ ਦਿਤਾ ਕਿ ਸਾਡਾ ਪੈਸਿਆਂ ਵਾਲਾ ਲੋਟਾ ਕਿਥੇ ਐ? ਗੁਰੂਜੀ ਨੇ ਹੱਸ ਕੇ ਕਿਹਾ, ਬਈ ਤੂੰ ਤਾਂ ਸਵਰਗਾਂ ਦੇ ਦਰਸ਼ਨ ਕਰਾ ਦਿੰਨਾਂ, ਤੈਨੂੰ ਆਪਣੇ ਲੋਟੇ ਦਾ ਨਹੀਂ ਪਤਾ ਕਿ ਕਿੱਥੇ ਐ? ਤਾਂ ਫਿਰ ਜਾ ਕੇ ਕਿਤੇ ਲੋਕਾਂ ਨੂੰ ਗਿਆਨ ਹੋਇਆ ਕਿ ਇਹ ਤਾਂ ਵੱਡਾ ਠੱਗ ਐ!

**ਜਗਿਆਸੂ** - ਉੱਜ ਅੱਕਜਲ੍ਹ ਲੋਕੀਂ ਠੱਗੇ ਵੀ ਜਾ ਰਹੇ ਆ ਤੇ ਸਮਝਦੇ ਵੀ ਨਹੀਂ ਕਿ ਅਸੀਂ ਠੱਗੇ ਜਾ ਰਹੇ ਆਂ।

**ਭਾਈ ਭਰਮਤੋੜ ਸਿੰਘ** - ਓ ਗੁਰੂਪਿਆਰਿਆ, ਅਗਿਆਨੀ ਤੇ ਵਹਿਮੀ ਲੋਕਾਂ ਨੂੰ ਸ਼ੈਤਾਨ ਲੋਕ ਹਮੇਸ਼ਾ ਈ ਠੱਗਦੇ ਆਏ ਆ, ਠੱਗ ਰਹੇ ਆ ਤੇ ਠੱਗਦੇ ਰਹਿਣਗੇ। ਘੱਟੋ-ਘੱਟ ਕੁਝ ਕੁ ਭੁੱਲੇ-ਭਟਕੇ ਸਿੱਖ-ਸਿੱਖਣੀਆਂ ਨੂੰ ਗੁਰਮਤਿ ਵਿਚਾਰਧਾਰਾ ਨੂੰ ਸਮਝ ਕੇ ਐਸੇ ਫਜ਼ੂਲ ਅੰਧ-ਵਿਸ਼ਵਾਸਾਂ ਤੇ ਕਰਮ-ਕਾਂਡਾਂ ਦਾ ਤਿਆਗ ਕਰਨਾ ਚਾਹੀਦਾ ਐ। ਜੋਤਿਸ਼ ਵਿੱਦਿਆ ਇਕ ਅਲੱਗ ਵਿਸ਼ਾ ਹੈ ਐਪਰ ਜੋਤਿਸ਼ ਦੇ ਨਾਉਂ 'ਤੇ ਹੱਥ ਵੇਖਣੇ, ਟੇਵੇ ਲਾਉਣੇ, ਦਾਨ ਪੁਜਾ, ਰਾਹੂਕੇਤੂ, ਗ੍ਰਹਿਆਂ, ਰਾਸ਼ੀਆਂ ਤੇ ਪੱਤਰੀਆਂ ਦਾ ਭਰਮ ਤੇ ਉਪਾਅ ਬਿਲਕੁਲ ਫਜ਼ੂਲ ਐ। ਗੁਰਮਤਿ ਐਸੀ ਵਿਚਾਰਧਾਰਾ ਨੂੰ ਬਿਲਕੁਲ ਨਹੀਂ ਮੰਨਦੀ। ਹੁਣ ਤੂੰ ਦੱਸ ਕਿ ਤੇਰੇ ਮਨ ਦਾ ਭਰਮ ਟੁੱਟਾ ਕਿ ਨਹੀਂ?

**ਜਗਿਆਸੂ** - ਮੈਂ ਕਿਹਾ, ਜੀ ਸਾਰਾ ਈ ਭਰਮ ਟੁੱਟ ਗਿਆ ਤੇ ਹੁਣ ਮੈਂ ਹੋਰ ਕਈਆਂ ਦਾ ਭਰਮ ਵੀ ਤੋੜੂੰਗਾ। ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ।

✦✦✦✦✦

# ਵਿਚਾਰ- ਵਿਟਾਦਰਾਂ - ਨੌਂਵਾਂ

### ਜਦੋਂ ਗੁਰੂਤੋਂ ਸਿਖਿਆ ਲੈਣੀ ਕੋਈ ਨਹੀਂ ਫੇਰ ਸੁਧਾਰ ਕਿਵੇਂ ਹੋਊ?

**ਜਗਿਆਸੂ** - ਕਿਉਂ ਭਾਈ ਸਾਹਿਬ ਜੀ! ਕੱਲ੍ਹ ਇਕ ਸਿੱਖ ਕਹਿੰਦਾ ਕਿ ਗੁਰੂਗ੍ਰੰਥ ਸਾਹਿਬ ਸਾਡੇ ਗੁਰੂ ਨਹੀਂ ਹਨ ਤੇ ਦੇਹਧਾਰੀ ਗੁਰੂਤੋਂ ਬਿਨਾਂ ਮੁਕਤੀ ਨਹੀਂ ਹੋ ਸਕਦੀ।

**ਭਾਈ ਭਰਮਤੋੜ ਸਿੰਘ** - ਪਹਿਲੀ ਗੱਲ ਇਹ ਕਿ ਗੁਰੂਦੀ ਸਿੱਖਿਆ ਨੂੰ ਮੰਨਣ ਵਾਲਾ ਈ ਸਿੱਖ ਕਹਾਉਣ ਦਾ ਹੱਕਦਾਰ ਐ। ਏਹੋ ਜਿਹੇ ਅਗਿਆਨੀਆਂ ਨੂੰ ਸਿੱਖ ਕਹਿਣਾ ਵੀ ਸਿੱਖ ਸ਼ਬਦ ਦੀ ਨਿਰਾਦਰੀ ਐ। ਬਾਕੀ ਅੱਜ ਦੇ ਯੁੱਗ 'ਚ ਦੇਹਧਾਰੀ ਗੁਰੂ-ਡੰਮ੍ਹ ਦਾ ਢੰਡੋਰਾ ਪਿੱਟਣ ਵਾਲਿਆਂ ਦਾ ਇਹ ਪੱਕਾ ਡਾਇਲਾਗ ਐ...

**ਜਗਿਆਸੂ** – ਇਹ ਕਿਉਂ?

**ਭਾਈ ਭਰਮਤੋੜ ਸਿੰਘ** – ਇਹ ਇਸ ਲਈ ਕਿ ਅਗਿਆਨਤਾ ਹਮੇਸ਼ਾ ਫੈਲਦੀ ਈ ਤਾਂ ਐ ਜੇ ਗਿਆਨ ਵੱਲ ਪਿੱਠ ਕੀਤੀ ਜਾਵੇ ਜਾਂ ਭੰਡਿਆ ਜਾਵੇ। ਜੇ ਦੇਹਧਾਰੀ ਗੁਰੂਡੰਮ੍ਹ ਦੇ ਹਾਮੀ ਇਹ ਕਹਿਣ ਕਿ ਸਿੱਖਾਂ ਦੇ ਗੁਰੂ, ਗੁਰੂਗ੍ਰੰਥ ਸਾਹਿਬ ਹਨ ਤਾਂ ਉਨ੍ਹਾਂ ਦੀ ਮੰਨਤਾ ਬੰਦ ਹੋ ਜਾਊ। ਆਪਣੇ ਪੈਰੀਂ ਆਪ ਕੁਹਾੜਾ ਕੌਣ ਮਾਰਦਾ? ਕਈ ਆਪਣੇ ਵਿਰਸੇ ਤੋਂ ਅਨਜਾਣ ਲਾਈਲੱਗ ਅਖੌਤੀ ਸਿੱਖ ਵੀ ਏਹੋ ਕਹਿਣ ਲੱਗ ਪਏ ਕਿ ਦੇਹਧਾਰੀ ਗੁਰੂ ਬਿਨਾਂ ਮੁਕਤੀ ਨਹੀਂ ਹੋ ਸਕਦੀ।

**ਜਗਿਆਸੂ** – ਸਾਡੀ ਕੌਮ ਦਾ ਵੀ ਏਹੋ ਹਾਲ ਐ ਕਿ ਬਹੁਤਿਆਂ ਨੇ ਗੁਰਬਾਣੀ ਨੂੰ ਸਮਝਿਆ ਈ ਨਹੀਂ। ਨਾ ਸੁਣਨੀ, ਨਾ ਪੜ੍ਹਨੀ, ਨਾ ਵਿਚਾਰਨੀ ਤੇ ਨਾ ਅਮਲ ਕਰਨਾ, ਬਸ ਏਸੇ ਲਈ ਬਹੁਤਿਆਂ ਦੇ ਭਰਮ ਨਹੀਂ ਜਾਂਦੇ...

**ਭਾਈ ਭਰਮਤੋੜ ਸਿੰਘ** – ਗੁਰੂਪਿਆਰਿਆ, ਪੰਚਮ ਪਾਤਸ਼ਾਹ ਜੀ ਇਕ ਜਗ੍ਹਾ ਸੁਚੇਤ ਕਰਦੇ ਹਨ :

**ਨਾਨਕ ਕਚੜਿਆ ਸਿਉ ਤੋੜਿ, ਢੂਢਿ ਸਜਣ ਸੰਤ ਪਕਿਆ ॥**

**ਓਇ ਜੀਵੰਦੇ ਵਿਛੁੜਹਿ, ਓਇ ਮੁਇਆ ਨ ਜਾਹੀ ਛੋੜਿ॥**

**ਹੁਣ ਸ਼ਬਦ**– ਗੁਰੂਤਾਂ ਅਮਰ ਐ, ਜੋ ਅੰਤ ਤਕ ਸਹਾਈ ਐ ਤੇ ਰਹੇਗਾ, ਪਰ ਦੇਹਧਾਰੀ ਗੁਰੂਤਾਂ ਕੱਚਿਆਂ ਦਾ ਸਾਥ ਐ ਜੋ ਜਿਉਂਦੇ ਜੀਅ ਵਿਛੋੜਾ ਦੇ ਜਾਂਦੇ ਆ! ਬਾਕੀ ਤੂੰ ਸਾਹਮਣੀ ਦੁਕਾਨ ਵਾਲੇ ਦੇ ਵੇਖ ਈ ਲਿਆ ਕਿ ਮਰੇ ਬਾਬੇ ਦੀ ਫੋਟੋ ਲਾਹ ਕੇ ਹੁਣ ਜਿਉਂਦੇ ਦੀ ਲਾ ਲਈ ਆ ਤੇ ਇਹ ਵੀ ਹੁਣ ਕਿੰਨੇ ਕੁ ਸਾਲ ਚੱਲੂਗੀ?

**ਜਗਿਆਸੂ** – ਸਿੱਖ ਪੰਥ ਵਿਚ ਵਿਦਵਾਨਾਂ, ਸ਼ਰਧਾਲੂ ਸਿੱਖਾਂ ਤੇ ਸਿਦਕਵਾਨ ਸਿੰਘਾਂ ਦੀ ਵੀ ਘਾਟ ਨਹੀਂ ਐ ਪਰ ਕਈ ਵਾਰ ਦੁੱਖ ਵੀ ਹੁੰਦਾ ਜਦੋਂ ਗੁਰੂਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕਈ ਲੋਕ ਪੁੰਨਿਆ, ਮੱਸਿਆ ਲਾ ਕੇ ਡੋਲੀਆਂ ਖਿਡਾਈ ਜਾਂਦੇ ਆ...

**ਭਾਈ ਭਰਮਤੋੜ ਸਿੰਘ** – ਇਹ ਸਾਡੇ 'ਚ ਕੌਮੀ ਕਮਜ਼ੋਰੀ ਆ ਚੁੱਕੀ ਐ ਕਿ ਬਹੁਤੇ ਥਾਈਂ ਸੰਗਤ ਮੂਕ ਦਰਸ਼ਕ ਬਣ ਕੇ ਤਮਾਸ਼ਾ ਵੇਖ ਰਹੀਂ ਐ। ਭਲਿਓ, ਜਿਨ੍ਹਾਂ ਕਰਮ-ਕਾਂਡਾਂ ਤੇ ਅੰਧ-ਵਿਸ਼ਵਾਸਾਂ ਦਾ ਗੁਰਬਾਣੀ ਵਿਚ ਈ ਖੰਡਨ ਐ, ਉਸੇ ਗੁਰੂ ਦੀ ਹਜ਼ੂਰੀ ਵਿਚ ਗੁਰਮਤਿ-ਵਿਰੋਧੀ ਕਰਮ-ਕਾਂਡ ਹੋਈ ਜਾਂਦੇ ਆ। ਸ਼ੈਤਾਨ ਲੋਕ ਤਾਂ ਆਪਣਾ ਫਾਇਦਾ ਲਈ ਜਾਂਦੇ ਆ, ਪਰ ਸਾਡੀ ਧਰਮ ਫ਼ਿਲਾਸਫ਼ੀ 'ਤੇ ਪ੍ਰਸ਼ਨ ਚਿੰਨ੍ਹ ਲੱਗ ਰਹੇ ਹਨ।

**ਜਗਿਆਸੂ** – ਇਹ ਸਮਝ ਤਾਂ ਈ ਆਊ ਜਦੋਂ ਸਿੱਖ ਖੁਦ ਗੁਰਬਾਣੀ ਦਾ ਪਾਠ ਕਰਨਗੇ ਤੇ ਵਿਚਾਰ ਕਰਕੇ ਸਮਝਣਗੇ। ਪੈਸੇ ਦੇ ਕੇ ਪਾਠ ਕਰਾ ਲਏ, ਸੁਣਿਆ ਤੇ ਵਿਚਾਰਿਆ ਹੈ ਨਹੀਂ। ਫੇਰ ਕਰਮ-ਕਾਂਡ ਤੇ ਅੰਧ-ਵਿਸ਼ਵਾਸ ਵੀ ਤਾਂ ਉਵੇਂ ਦੇ ਉਵੇਂ ਈ ਰਹਿਣੇ ਆਂ, ਜਦੋਂ ਸੋਚ ਉਥੇ ਦੀ ਉਥੇ ਈ ਖੜ੍ਹੀ ਆ।

**ਭਾਈ ਭਰਮਤੋੜ ਸਿੰਘ** – ਪਹਿਲੀ ਗੱਲ ਐ ਗੁਰੂਗ੍ਰੰਥ ਸਾਹਿਬ ਜੀ ਦੇ ਮਾਣ-ਸਤਕਾਰ ਦੀ। ਆਹ ਸਧਾਰਨ ਆਦਮੀ, ਮੁਖੀ ਜਾਂ ਨੇਤਾ ਆਉਣਾ ਹੋਵੇ ਤਾਂ ਸਾਰੇ ਰਾਹ ਝੰਡੀਆਂ ਨਾਲ ਭਰ ਜਾਂਦੇ ਆ। ਕਿਧਰੇ ਸਫਾਈਆਂ, ਕਿਧਰੇ ਕਲੀਆਂ, ਕਿੰਨਾ ਜ਼ੋਰ ਲਾਇਆ ਜਾਂਦਾ! ਪਰ ਬਹੁਤੇ ਥਾਈਂ ਗੁਰੂਦਾ ਸਰੂਪ ਲਿਜਾਂਦਿਆਂ ਤੇ ਪ੍ਰਕਾਸ਼ ਅਸਥਾਨ ਦਾ ਖਿਆਲ ਈ ਨਹੀਂ ਕੀਤਾ ਜਾਂਦਾ। ਦੂਜੀ ਗੱਲ ਐ ਬਾਣੀ ਪੜ੍ਹਨੀ, ਸੁਣਨੀ, ਵਿਚਾਰਨੀ ਤੇ ਅਮਲ ਕਰਨਾ। ਇਨ੍ਹਾਂ ਵਿਚਾਰਾਂ ਦੀ ਘਾਟ ਕਰਕੇ ਸਧਾਰਨ ਬੁੱਧੀ ਵਾਲੇ ਬੰਦੇ ਦੇਹਧਾਰੀ ਗੁਰੂ-ਡੰਮ੍ਹ ਦੇ ਪਿਛਲੱਗ ਬਣ ਗਏ।

**ਜਗਿਆਸੂ** – ਕਈ ਸਿੱਖਾਂ ਨੇ ਵੀ ਗੁਰੂਗ੍ਰੰਥ ਸਾਹਿਬ ਜੀ ਨੂੰ ਰੀਤਾਂ-ਰਸਮਾਂ ਨਿਭਾਉਣ ਤਕ ਈ ਸਮਝਿਆ ਐ ਜੀ, ਬਈ ਜਨਮ ਵਿਆਹ ਤੇ ਮਰਨ ਸੰਸਕਾਰ ਨਿਭਾਉਣੇ ਤੇ ਖੁਸ਼ੀ, ਗਮੀ ਜਾਂ ਸੁੱਖਣਾ ਸੁੱਖ ਕੇ ਸਹਿਜ ਪਾਠ ਜਾਂ ਅਖੰਡ ਪਾਠ ਕਰਵਾਉਣਾ ਹੈ। ਕਰਮ-ਕਾਂਡ ਵੀ ਤਿਆਗਣੇ ਨਹੀਂ!

**ਭਾਈ ਭਰਮਤੋੜ ਸਿੰਘ** – ਗੁਰੂਪਿਆਰਿਆ, ਤੇਰੀ ਗੱਲ ਬਿਲਕੁਲ ਠੀਕ ਐ। ਆਮ ਫੰਕਸ਼ਨਾਂ 'ਚ ਦੇਖੋ, ਘਰੋਂ ਮਹਾਰਾਜ ਦਾ ਸਰੂਪ ਜਾਣ ਦੀ ਦੇਰ ਹੁੰਦੀ ਐ ਕਿ ਉਸੇ ਘਰ 'ਚ ਸ਼ਰਾਬ-ਮੀਟ ਤੇ ਨਾਚ ਸ਼ੁਰੂਹੋ ਜਾਂਦੇ ਆ ਤੇ ਨਾਲ-ਨਾਲ ਹੋਰ ਵੀ ਅਗਿਆਨਤਾ ਭਰਪੂਰ ਮੰਨਤਾਂ-ਮਨੌਤਾਂ ਵੀ ਹੋਈ ਜਾਣਗੀਆਂ । ਜਦੋਂ ਗੁਰੂਤੋਂ ਸਿੱਖਿਆ ਲੈਣੀ ਕੋਈ ਨਹੀਂ, ਫੇਰ ਸੁਧਾਰ ਕਿਵੇਂ ਹੋਊ?

**ਜਗਿਆਸੂ** – ਹੋਰ ਤਾਂ ਹੋਰ, ਕਈ ਬਾਬੇ ਤਾਂ ਮਹਾਰਾਜ ਦਾ ਪ੍ਰਕਾਸ਼ ਕਰਨ ਲੱਗੇ ਵੀ ਕਰਮਾਂ-ਕਾਂਡਾਂ 'ਚ ਪਾ ਦਿੰਦੇ ਆ। ਅਖੇ ਸਹਿਜ ਪਾਠ ਦਾ ਐਨਾ ਪੁੰਨ ਐ, ਅਖੰਡ ਪਾਠ ਦਾ ਐਨਾ ਪੁੰਨ ਐ ਤੇ ਸੰਪਟ ਪਾਠ ਦਾ ਸਭ ਤੋਂ ਜਿਆਦਾ ਪੁੰਨ ਐ!

**ਭਾਈ ਭਰਮਤੋੜ ਸਿੰਘ** – ਵੇਖ ਭਾਈ, ਸਾਡੀ 'ਸਿੱਖ ਰਹਿਤ ਮਰਯਾਦਾ' ਵਿਚ ਸਧਾਰਨ ਪਾਠ ਜਾਂ ਅਖੰਡ ਪਾਠ ਦਾ ਵੇਰਵਾ ਐ ਤੇ ਉਹ ਵੀ ਹਰ ਸਿੱਖ ਨੂੰ ਆਪ ਬਾਣੀ ਪੜ੍ਹਨ ਲਈ ਵਾਰ-ਵਾਰ ਤਾਕੀਦ ਕੀਤੀ ਐ ਜਾਂ ਫਿਰ ਕਿਸੇ ਚੰਗੇ ਪਾਠੀ ਕੋਲੋਂ ਬਹਿ ਕੇ ਸੁਣਨ ਦੀ ਪ੍ਰੇਰਨਾ ਐ। ਪਾਠੀ ਸਿੰਘਾਂ ਨੂੰ ਲਾ ਕੇ ਫੇਰ ਆਪ ਸੁਣਨਾ ਈ ਨਾ, ਇਹ ਮਰਯਾਦਾ ਨਹੀਂ ਐ। ਬਾਕੀ ਕੁਝ ਕੁ ਡੇਰੇਦਾਰਾਂ ਨੇ ਵੱਖੋ-ਵੱਖਰੇ ਮਹਾਤਮ ਦੱਸ ਕੇ 'ਸੰਪਟ ਪਾਠ' ਨੂੰ ਸਭ ਤੋਂ ਉਤਮ ਪ੍ਰਚਾਰਿਆ ਐ। ਇਹ ਗੱਲ ਨਿਰੋਲ ਮਨਮੱਤ ਐ ਜੋ 'ਬ੍ਰਾਹਮਣ ਦੇਵਤਾ' ਦੀ ਮੰਤਰ-ਵਿਧੀ ਦੀ ਨਕਲ ਐ।

**ਜਗਿਆਸੂ** – ਇਹ ਕੋਈ ਇਕ ਮਸਲਾ ਥੋੜ੍ਹਾ ਐ ਜੀ? ਕਈ ਅਖੰਡ ਪਾਠ ਸਾਹਿਬ ਦੇ ਨਾਲ ਜਪੁ ਜੀ ਸਾਹਿਬ ਦਾ ਪ੍ਰਕਾਸ਼ ਵੱਖਰਾ ਕਰਾਉਂਦੇ ਆ। ਜੇ ਪੁੱਛੋ ਤਾਂ ਕਹਿੰਦੇ ਕਿ ਕਈ ਵਾਰੀ ਅਖੰਡ ਪਾਠੀ ਸਾਹ ਲੈਂਦਾ ਐ ਤਾਂ ਬਾਣੀ ਖੰਡਨ ਹੋ ਜਾਂਦੀ ਐ।

**ਭਾਈ ਭਰਮਤੋੜ ਸਿੰਘ** – ਦੇਖੋ, ਜਿਸ ਬਾਣੀ ਵਿਚ ਕਿਸੇ ਭਰਮ-ਕਰਮ ਨੂੰ ਥਾਂ ਈ ਨਹੀਂ, ਉਸ ਦਾ ਪਾਠ ਕਰਨ ਵਾਲੇ, ਸਾਹ ਲੈਣ ਨਾਲ ਈ ਅਖੰਡ ਪਾਠ ਦਾ ਖੰਡਨ ਹੋਣਾ ਦੱਸ ਰਹੇ ਆ ਤਾਂ ਧਰਮ ਜਾਂ ਗੁਰਬਾਣੀ ਦਾ ਪ੍ਰਚਾਰ ਕੀ ਹੋਊ? ਇਹ ਤਾਂ ਹੋ ਸਕਦਾ ਕਿਸੇ ਸਮੇਂ ਨਵੇਂ ਸਿਖਿਆਰਥੀਆਂ ਨੂੰ ਦੋ ਘੰਟੇ ਬੈਠਣ ਦੀ ਸਿੱਖਿਆ ਦੇਣ ਲਈ ਕਿਸੇ

ਸਿਆਣੇ ਨੇ ਨਾਲ ਜਪੁ ਜੀ ਸਾਹਿਬ ਦਾ ਪਾਠ ਰਖਾ ਦਿਤਾ ਹੋਵੇ ਪਰ ਇਹ ਰਸਮ ਜਾਂ ਭਰਮ ਬਣਾ ਲੈਣਾ ਸ਼ੋਭਦਾ ਨਹੀਂ। ਹੁਣ ਜੇ ਕੋਈ ਪੁੱਛੇ, ਜੇ ਕਦੀ ਅਖੰਡ ਪਾਠੀ ਤੇ ਜਪੁਜੀ ਦੀ ਡਿਊਟੀ ਵਾਲਾ ਪਾਠੀ ਇਕੱਠੇ ਸਾਹ ਲੈ ਲੈਣ, ਫੇਰ ਕੀ ਬਣੂੰ? ਇਹਦਾ ਜਵਾਬ ਕੋਈ ਨਹੀਂ ਐ...

**ਜਗਿਆਸੂ** – ਕਈ ਡੇਰੇ ਦਾਰ ਤਾਂ ਧੂਫ-ਅਗਰਬੱਤੀ ਦੀ ਪਰਾਤ ਤਕ ਕੇ ਰੱਖ ਦਿੰਦੇ ਐ ਤੇ ਏਸੇ ਨੂੰ ਪੁੰਨ ਸਮਝਦੇ ਐ ਕਿ ਇਹ 48 ਘੰਟੇ ਬੁਝਣ ਨਹੀਂ ਦੇਣੀ। ਹੋਰ ਵੀ ਬਥੇਰੇ ਕੁੰਭ, ਜੋਤ, ਨਾਰੀਅਲ ਵਗੈਰਾ ਰਖਾ ਦਿੰਦੇ ਆ।

**ਭਾਈ ਭਰਮਤੋੜ ਸਿੰਘ** – ਦੇਖੋ, ਧੂਪ ਤੇ ਦੀਪ ਦਾ ਅਰਥ ਸਿਰਫ ਸੁਗੰਧ ਤੇ ਰੋਸ਼ਨੀ ਐ। ਇਹ ਰਸਮ ਨਹੀਂ ਐ। ਹੁਣ ਦਿਨ ਦੀ ਰੋਸ਼ਨੀ ਸਮੇਂ ਜੋਤ ਦੀ ਮਹਾਨਤਾ ਨਹੀਂ ਤੇ ਸਿਰਫ ਰਾਤ ਨੂੰ ਲੋੜ ਐ ਤੇ ਸੁਗੰਧੀ ਵਾਲੇ ਸਥਾਨ 'ਤੇ ਐਵੇਂ ਧੂਫ ਧੁਖਾਈ ਜਾਣਾ ਵੀ ਠੀਕ ਨਹੀਂ। ਬਾਕੀ 'ਸਿੱਖ ਰਹਿਤ ਮਰਯਾਦਾ' ਵਿਚ ਦਰਜ ਐ ਕਿ 'ਅਖੰਡ ਪਾਠ ਜਾਂ ਕਿਸੇ ਤਰ੍ਹਾਂ ਦੇ ਪਾਠ ਵੇਲੇ ਕੁੰਭ, ਜੋਤ, ਨਲੀਏਰ ਆਦਿ ਰੱਖਣਾ ਜਾਂ ਫਿਰ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ ਮਨਮੱਤ ਐ।' ਇਹ ਵੀ ਲਿਖਿਆ ਕਿ ਸੰਗਤ ਵਿਚ ਇਕ ਵਕਤ ਇਕੋ ਗੱਲ ਹੋਣੀ ਚਾਹੀਏ, ਕੀਰਤਨ ਜਾਂ ਕਥਾ-ਵਖਿਆਨ ਜਾਂ ਪਾਠ।'

**ਜਗਿਆਸੂ** – ਭਾਈ ਸਾਹਿਬ ਇਹ ਗੱਲ ਛੱਡੋ, ਕਈ ਤਾਂ ਟੱਲ ਖੜਕਾ ਕੇ, ਥਾਲ 'ਚ ਦੀਵੇ ਬਾਲ ਕੇ, ਆਰਤੀ ਕਰਨ ਲੱਗ ਪੈਂਦੇ ਆ...

**ਭਾਈ ਭਰਮਤੋੜ ਸਿੰਘ** – ਇਹ ਜਿਥੇ ਵੀ ਹੁੰਦਾ ਉਥੇ ਮਰਯਾਦਾ ਦੀ ਅਗਿਆਨਤਾ ਕਰਕੇ ਐ। ਜਦੋਂ 'ਸਿੱਖ ਰਹਿਤ ਮਰਯਾਦਾ' ਵਿਚ ਹਦਾਇਤ ਐ ਕਿ ਧੂਪ ਜਾਂ ਦੀਵੇ ਮਚਾ ਕੇ ਆਰਤੀ ਕਰਨੀ, ਭੋਗ ਲਾਉਣਾ, ਜੋਤਾਂ ਜਗਾਉਣੀਆਂ, ਟੱਲ ਖੜਕਾਉਣੇ ਆਦਿ ਕਰਮ ਗੁਰਮਤਿ ਅਨੁਸਾਰ ਨਹੀਂ ਤਾਂ ਫਿਰ 'ਗਗਨ ਮੈ ਥਾਲ' ਵਾਲਾ ਸ਼ਬਦ ਪੜਨਾ ਤਾਂ ਦੀਵਿਆਂ ਵਾਲੀ ਆਰਤੀ ਦਾ ਬਿਲਕੁਲ ਈ ਖੰਡਨ ਐ! ਇਹ ਦੋ ਆਪਾ-ਵਿਰੋਧੀ ਗੱਲਾਂ ਇਨ੍ਹਾਂ ਸ਼ਬਦਾਂ ਦੇ ਅਰਥਾਂ ਦੀ ਸਮਝ ਦਾ ਨਾ ਹੋਣਾ ਐ।

**ਜਗਿਆਸੂ** – ਊਂ ਜੀ ਕਈ ਲੋਕ ਰੀਤਾਂ-ਰਸਮਾਂ 'ਚ ਜ਼ਿਆਦਾ ਬੱਝ ਗਏ ਆ। ਗੁਰੂਗ੍ਰੰਥ ਸਾਹਿਬ ਦੇ ਪੰਘੂੜੇ ਦੇ ਪਾਵਿਆਂ ਨੂੰ ਮੁੱਠੀਆਂ ਭਰੀ ਜਾਣਗੇ, ਜੋਤਾਂ ਨੂੰ ਪਏ ਮੱਥੇ ਟੇਕਣਗੇ, ਕੰਧਾਂ ਜਾਂ ਥੜ੍ਹਿਆਂ 'ਤੇ ਈ ਨੱਕ ਰਗੜੀ ਜਾਣਗੇ। ਏਹੋ ਜਿਹੇ ਹੋਰ ਵੀ ਬਥੇਰੇ ਕਰਮ-ਕਾਂਡ ਕਰ ਸਕਦੇ ਆ।

**ਭਾਈ ਭਰਮਤੋੜ ਸਿੰਘ** – ਏਸੇ ਲਈ ਗੁਰੂਸਾਹਿਬਾਂ ਫ਼ੁਰਮਾਇਆ : ਬਾਣੀ ਬਿਰਲਉ ਬੀਚਾਰਸੀ।" ਪਾਠ, ਵਿਚਾਰ, ਸ਼ਰਧਾ ਤੇ ਅਮਲ ਇਕੱਠੇ ਹੋ ਜਾਣ ਤਾਂ ਸਮਝੋ ਮਨੁੱਖ ਤਰ ਗਿਆ। ਕਈਆਂ ਕੋਲ ਤਰਕ ਐ ਪਰ ਸ਼ਰਧਾ ਨਹੀਂ ਐ । ਕਈਆਂ ਕੋਲ ਸ਼ਰਧਾ ਤਾਂ ਹੈ ਪਰ ਵਿਚਾਰ ਜਾਂ ਤਰਕ ਨਹੀਂ ਐ । ਗੁਰਸਿੱਖ ਲਈ ਇਨ੍ਹਾਂ ਸਾਰਿਆਂ ਦਾ ਇਕੱਠੇ ਹੋਣਾ ਜ਼ਰੂਰੀ ਐ....

**ਜਗਿਆਸੂ** – ਇੱਕ ਜੀ ! ਆਹ ਝਗੜਾ ਜਿਹਾ ਰਹਿੰਦਾ ਬਈ ਇਕ ਤੋਂ ਦੂਜੀ ਥਾਂ ਗੁਰੂਗ੍ਰੰਥ ਸਾਹਿਬ ਜੀ ਦਾ ਸਰੂਪ ਲੈ ਜਾਣ ਲੱਗਿਆਂ ਨੰਗੇ ਪੈਰੀਂ ਜਾਣਾ ਜ਼ਰੂਰੀ ਐ?

**ਭਾਈ ਭਰਮਤੋੜ ਸਿੰਘ** – ਦੇਖੋ ! ਗੁਰੂਗ੍ਰੰਥ ਸਾਹਿਬ ਜੀ ਦਾ ਵੱਧ ਤੋਂ ਵੱਧ ਸਤਕਾਰ ਕਰਨਾ ਤਾਂ ਹਰ ਗੁਰਸਿੱਖ ਦਾ ਧਰਮ ਐ। 'ਸਿੱਖ ਰਹਿਤ ਮਰਯਾਦਾ' ਵਿਚ ਦਰਜ ਐ ਕਿ 'ਜਿਸ ਨੇ ਸਿਰ 'ਤੇ ਗੁਰੂਗ੍ਰੰਥ ਸਾਹਿਬ ਚੁੱਕਿਆ ਹੋਵੇ ਉਹ ਨੰਗੇ ਪੈਰੀਂ ਚੱਲੇ ਪਰ ਜੇਕਰ ਕਿਸੇ ਮੌਕੇ ਜੋੜੇ ਪਾਣ ਦੀ ਅਤਿ ਲੋੜ ਪੈ ਜਾਵੇ ਤਾਂ ਭਰਮ ਨਹੀਂ ਕਰਨਾ।' ਹੁਣ ਕਈ ਵਾਰੀ ਗਲੀਆਂ, ਬਜ਼ਾਰਾਂ ਵਿਚ ਚਿੱਕੜ ਜਾਂ ਗਾਰਾ ਹੋਵੇ ਤਾਂ ਲਿੱਬੜੇ ਪੈਰ ਲੈ ਕੇ ਪ੍ਰਕਾਸ਼ ਸਥਾਨ ਤਕ ਕਿਵੇਂ ਜਾਓਗੇ ਜਾਂ ਕੱਚ, ਕੰਡਿਆਂ ਤੋਂ ਪੈਰਾਂ ਦਾ ਨੁਕਸਾਨ ਵੀ ਹੋ ਸਕਦਾ। ਹਾਂ, ਵੱਡੀ ਗੱਲ ਕਿ ਪ੍ਰਕਾਸ਼ ਸਥਾਨ 'ਤੇ ਜੋੜੇ, ਜਰਾਬਾਂ ਉਤਾਰ ਕੇ ਸਾਫ-ਸੁਥਰੇ ਧੋਤੇ ਹੱਥਾਂ-ਪੈਰਾਂ ਨਾਲ ਜਾਣਾ ਜ਼ਰੂਰੀ ਐ।

**ਜਗਿਆਸੂ** – ਇਕ ਜੀ ਆਹ ਹੁਕਮਨਾਮਾ ਲੈਣ ਲੱਗਿਆਂ ਕਈਆਂ ਦੀ ਸਵੇਰ, ਦੁਪਹਿਰ, ਸ਼ਾਮ ਦੀ ਮਰਯਾਦਾ ਵੱਖ-ਵੱਖ ਹੈ, ਕੀ ਇਹ ਵੀ ਠੀਕ ਐ?

**ਭਾਈ ਭਰਮਤੋੜ ਸਿੰਘ** – ਵੇਖ ਪਿਆਰਿਆ ! ਹੈ ਤਾਂ ਸਾਰੀ ਗੁਰਬਾਣੀ ਤੇ ਗੁਰੂਸਿੱਖਿਆ ਐ ਪਰ ਪੰਥ ਦੀ ਮਰਯਾਦਾ ਇਕ ਕਰਨ ਲਈ ਸਾਂਝਾ ਨਿਯਮ ਤਾਂ ਜ਼ਰੂਰੀ ਐ ! **'ਸਿੱਖ ਰਹਿਤ ਮਰਯਾਦਾ'** ਵਿਚ ਦਰਜ ਹੈ ਕਿ, 'ਹੁਕਮ ਲੈਣ ਲੱਗਿਆਂ ਖੱਬੇ ਪੰਨੇ ਦੇ ਉਤਲੇ ਪਾਸਿਓਂ ਪਹਿਲਾ ਸ਼ਬਦ ਜੋ ਜਾਰੀ ਹੈ, ਮੁੱਢ ਤੋਂ ਪੜ੍ਹਨਾ ਚਾਹੀਏ। ਜੇ ਉਸ ਸ਼ਬਦ ਦਾ ਮੁੱਢ ਪਿਛਲੇ ਪੰਨੇ ਤੋਂ ਸ਼ੁਰੂਹੁੰਦਾ ਹੈ ਤਾਂ ਪੱਤਰਾ ਪਰਤ ਕੇ ਪੜ੍ਹਨਾ ਸ਼ੁਰੂਕਰੋ ਅਤੇ ਸਾਰਾ ਪੜ੍ਹੋ ! ਜੇ ਵਾਰ ਹੋਵੇ ਤਾਂ ਪਉੜੀ ਤੇ ਸਾਰੇ ਸਲੋਕ ਤੇ ਪਉੜੀ ਪੜ੍ਹਨੀ ਚਾਹੀਏ। ਸ਼ਬਦ ਦੇ ਅੰਤ ਵਿਚ ਜਿੱਥੇ 'ਨਾਨਕ' ਨਾਮ ਆ ਜਾਵੇ, ਉਸ ਤੁਕ 'ਤੇ ਭੋਗ ਪਾਇਆ ਜਾਵੇ।'

**ਜਗਿਆਸੂ** – ਇਕ ਨਵਾਂ ਮਸਲਾ ਹੋਰ ਖੜ੍ਹਾ ਹੋ ਗਿਆ ਜੀ ਕਿ ਗੁਰੂਗ੍ਰੰਥ ਸਾਹਿਬ ਦੇ ਬਰਾਬਰ 'ਦਸਮ ਗ੍ਰੰਥ' ਦਾ ਪਾਠ ਵੀ ਹੋ ਸਕਦਾ। ਇਹ ਕੀ ਬਣੂੰ?

**ਭਾਈ ਭਰਮਤੋੜ ਸਿੰਘ** – ਵੈਸੇ ਤਾਂ ਇਹ ਕੋਈ ਨਵਾਂ ਮਸਲਾ ਨਹੀਂ ਐਂ, ਇਹ ਤਾਂ ਕਾਫ਼ੀ ਪੁਰਾਣਾ ਐਂ ! ਪਰ ਕੁਝ ਚੁੰਝ-ਚਰਚਾ ਵਾਲਿਆਂ ਇਸ ਨੂੰ ਵੱਡਾ ਮਸਲਾ ਬਣਾ ਧਰਿਆ ਐ। ਪਹਿਲੀ ਗੱਲ ਕਿ ਗੁਰਗੱਦੀ ਤਾਂ ਦਸਮੇਸ਼-ਪਿਤਾ ਜੀ ਨੇ ਗੁਰੂਗ੍ਰੰਥ ਸਾਹਿਬ ਜੀ ਨੂੰ ਬਖਸ਼ੀ ਐ ! ਅਸੀਂ ਦੋਹਰਾ ਵੀ ਪੜ੍ਹਦੇ ਆਂ :

**'ਸਭ ਸਿਖਨ ਕੋ ਹੁਕਮ ਹੈ, ਗੁਰੂਮਾਨਿਓਂ ਗ੍ਰੰਥ।'**

ਹੁਣ ਕੱਲ੍ਹ ਨੂੰ ਕੋਈ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਅਖੰਡ ਪਾਠ ਰੱਖ ਕੇ ਬਹਿ ਜਾਏ ਕਿ ਇਹ ਗੁਰਬਾਣੀ ਦੀ ਕੁੰਜੀ ਐ, ਇਹ ਵੀ ਜ਼ਰੂਰੀ ਹੈ, ਤਾਂ, ਇਹ ਸਾਡੀ ਕੌਮੀ ਅਕਲ ਦਾ ਦੀਵਾਲੀਆਪਣ ਹੀ ਹੋਵੇਗਾ ! ਦਸਮ ਗ੍ਰੰਥ ਜਾਂ ਵਾਰਾਂ ਭਾਈ ਗੁਰਦਾਸ ਇਹ ਸਾਡੇ ਸਤਿਕਾਰਤ ਗ੍ਰੰਥ ਹਨ: ਇਨ੍ਹਾਂ ਨੂੰ ਪੜ੍ਹ ਕੇ ਗਿਆਨ ਪ੍ਰਾਪਤ

ਕਰਨਾ ਹਰ ਗੁਰਸਿੱਖ ਦਾ ਫਰਜ਼ ਐ ਪਰ ਜੇ ਦਸਮ ਗ੍ਰੰਥ ਨੂੰ ਗੁਰੂਗ੍ਰੰਥ ਸਾਹਿਬ ਦੇ ਬਰਾਬਰ ਦਰਜਾ ਦੇਵਾਂਗੇ ਤਾਂ ਭਵਿੱਖ ਦੀਆਂ ਸਮੱਸਿਆਵਾਂ ਹੋਰ ਪੀਡੀਆਂ ਹੋ ਜਾਣਗੀਆਂ।

**ਜਗਿਆਸੂ** – ਇਹ ਤਾਂ ਜੀ ਜਿਵੇਂ ਕਹਿੰਦੇ ਕਿ ਸਾਡੇ ਘਰ ਨੂੰ ਅੱਗ ਘਰ ਦੇ ਚਿਰਾਗਾਂ ਤੋਂ ਈ ਲੱਗੀ ਆ। ਸਾਡੇ ਸਿੱਖ ਵਿਦਵਾਨਾਂ ਨੂੰ ਪਤਾ ਨਹੀਂ ਕੀ ਹੋ ਗਿਆ, ਕੋਈ ਗੁਰ-ਇਤਿਹਾਸ 'ਤੇ ਈ ਉਲਟੀ ਖੋਜ ਕਰੀ ਜਾਂਦਾ, ਕੋਈ ਦਸਮ ਗ੍ਰੰਥ ਦਾ ਵਿਵਾਦ ਲੈ ਕੇ ਬਹਿ ਜਾਂਦਾ! ਕੀ ਇਨ੍ਹਾਂ ਗੱਲਾਂ ਦਾ ਜਾਂ ਚੁੰਝ-ਚਰਚਾ ਦਾ ਧਰਮ ਪ੍ਰਚਾਰ ਦੇ ਵਿਕਾਸ ਵਿਚ ਕੋਈ ਯੋਗਦਾਨ ਹੋਵੇਗਾ?

**ਭਾਈ ਭਰਮਤੋੜ ਸਿੰਘ** – ਦੇਖੋ! ਵਿਚਾਰ -ਚਰਚਾ ਜਾਂ ਆਲੋਚਨਾ ਉਸਾਰੂਜਾਂ ਹਾਂ-ਪੱਖੀ ਹੋਵੇ ਤਾਂ ਕੋਈ ਗੱਲ ਨਹੀਂ। ਪਰ ਜਦੋਂ ਕੌਮ ਦੇ ਕਰਨਯੋਗ ਜ਼ਰੂਰੀ ਕਾਰਜਾਂ ਤੋਂ ਧਿਆਨ ਹਟਾ ਕੇ ਹੋਰ ਮਸਲਿਆਂ ਵਿਚ ਉਲਝਾ ਛੱਡੋ ਤਾਂ ਸਿਟਾਣਪ ਜਾਂ ਵਿਦਵਤਾ ਵੀ ਕੌ ਨਹੀਂ। ਜਦੋਂ ਕੌਮ ਦੀ ਨੌਜਵਾਨ ਪੀੜ੍ਹੀ ਨਸ਼ਿਆਂ 'ਚ ਗਰਕ ਹੋ ਰਹੀ ਹੋਵੇ, ਪੰਥਕ ਮਰਯਾਦਾ 'ਚ ਵੰਡੀਆਂ ਪਾਈਆਂ ਜਾ ਰਹੀਆਂ ਹੋਣ, ਸਿੱਖ ਅਖਵਾਉਣ ਵਾਲੇ ਦੇਹਧਾਰੀ ਗੁਰੂ-ਡੰਮ੍ਹ ਜਾਂ ਕਰਮ-ਕਾਂਡਾਂ 'ਚ ਉਲਝ ਰਹੇ ਹੋਣ, ਪੰਥ-ਦੋਖੀ ਤਾਕਤਾਂ ਨਿਤ ਦਿਨ ਨਵੀਆਂ ਚਾਲਾਂ ਚੱਲ ਰਹੀਆਂ ਹੋਣ ਤਾਂ ਫੇਰ ਆਪਣਿਆਂ ਤੇ ਬਿਗਾਨਿਆਂ ਦੇ ਕੰਮ-ਕਾਜ ਵਿਚ ਅੰਤਰ ਕੀ ਰਹਿ ਗਿਆ?

**ਜਗਿਆਸੂ** – ਤੁਹਾਡੀ ਗੱਲ ਬਿਲਕੁਲ ਠੀਕ ਆ ਜੀ। ਸਾਡੀਆਂ ਵੱਖ-ਵੱਖ ਅਕਲਾਂ, ਦਲੀਲਾਂ ਨੇ ਸਾਡੀ ਮਰਯਾਦਾ ਵਿਚ ਵੱਟਾਂ ਪਾ ਦਿੱਤੀਆਂ। ਅਸੀਂ ਦੁਸ਼ਮਣ ਨਾਲ ਕੀ ਲੜਨਾ? ਸਗੋਂ ਆਪਸ ਵਿਚ ਈ ਮੋਰਚੇ ਲਾਈ ਬੈਠੇ ਆਂ। ਹੁਣ ਜੇ ਸਾਡੀ ਮਰਯਾਦਾ ਇਕ ਹੋ ਜਾਵੇ, ਵਿਦਵਾਨ ਸੱਜਣ ਧਰਮ ਪ੍ਰਚਾਰ ਲਈ ਉਦਮ ਕਰਨ ਤਾਂ ਸਾਰੇ ਮਸਲੇ ਈ ਖ਼ਤਮ ਹੋ ਜਾਣ! ਇਕ ਗੱਲ ਹੋਰ ਰਹਿ ਗਈ ਕਿ ਕਈ ਗੁਰੂਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪ੍ਰਸ਼ਾਦ ਲਿਆ ਕੇ ਅਰਦਾਸ ਕਰਨਗੇ ਕਿ ਆਪ ਜੀ ਨੂੰ ਭੋਗ ਲੱਗੇ ਜਾਂ 'ਲਾਓ ਭੋਗ ਹਰਿ ਰਾਇ' ਤੁਕ ਵੀ ਪੜ੍ਹ ਦਿੰਦੇ ਆ। ਕੀ ਇਹ ਠੀਕ ਆ?

**ਭਾਈ ਭਰਮਤੋੜ ਸਿੰਘ** – ਇਹ ਤਾਂ 'ਸਿੱਖ ਰਹਿਤ ਮਰਯਾਦਾ' ਵਿਚ ਦਰਜ ਐ ਕਿ ਅਰਦਾਸਾ ਸੋਧਣ ਤੋਂ ਬਾਅਦ ਕੜਾਹ ਪ੍ਰਸ਼ਾਦ ਪ੍ਰਵਾਨਗੀ ਲਈ ਕਿਰਪਾਨ ਭੇਟ ਹੋਵੇ।' ਉਹ ਵੀ ਅਰਦਾਸ ਕਰਕੇ ਹੁਕਮਨਾਮਾ ਲੈਣ ਤੋਂ ਬਾਅਦ ਕਿਰਪਾਨ ਭੇਟ ਹੋਵੇ ਨਾ ਕਿ ਜਦੋਂ ਅਰਦਾਸੀਆ ਕਹੇ ਕਿ ਦਰ ਪਰਵਾਨ ਹੋਵੇ ਤਾਂ ਉਸ ਸਮੇਂ ਹੀ ਕਿਰਪਾਨ ਭੇਟ ਕਰਨੀ ਐਂ। ਭੋਗ ਤਾਂ ਪੰਡਤ ਲੋਕ ਮੂਰਤੀਆਂ ਨੂੰ ਲਵਾਉਂਦੇ ਸਨ ਜੋ ਕਿ ਕਈ ਡੇਰੇਦਾਰਾਂ ਨੇ 'ਆਪ ਜੀ ਕੋ ਭੋਗ ਲੱਗੇ' ਸ਼ਬਦ ਅਰਦਾਸ ਵਿਚ ਸ਼ਾਮਲ ਕਰ ਲਏ ਤੇ ਇਹ ਵੀ ਪ੍ਰਚਾਰ ਕੀਤਾ ਕਿ ਸਾਡੇ ਬਾਬਾ ਜੀ ਗੁਰੂਗ੍ਰੰਥ ਸਾਹਿਬ ਨੂੰ ਪ੍ਰਸ਼ਾਦ ਖਵਾਉਂਦੇ ਰਹੇ ਹਨ। ਇਨ੍ਹਾਂ ਕਾਲਪਨਿਕ ਕਹਾਣੀਆਂ ਨੂੰ ਮੰਨਣ ਵਾਲੇ ਜੋ ਸ਼ਰਧਾਲੂਹੋਣਗੇ ਉਨ੍ਹਾਂ ਦਾ ਰੱਬ ਈ ਰਾਖਾ!

**ਜਗਿਆਸੂ** – ਕਈ ਤਾਂ ਜੀ ਏਥੋਂ ਤਕ ਪਹੁੰਚ ਗਏ ਕਿ ਜੇ ਹੁਕਮਨਾਮਾ ਮਿਰਤਕ ਜਾਂ ਸੰਸਾਰ ਦੀ ਨਾਸ਼ਮਾਨਤਾ ਬਾਰੇ ਆ ਜਾਏ ਤਾਂ ਹੁਕਮਨਾਮਾ ਮੋੜ ਦਿੰਦੇ ਆ ਅਤੇ ਹੋਰ ਲੈਣ ਲਈ ਅਰਦਾਸ ਕਰਦੇ ਆ। ਕੀ ਇਹ ਠੀਕ ਐ?

**ਭਾਈ ਭਰਮਤੋੜ ਸਿੰਘ** – ਗੁਰੂਪਿਆਰਿਆ! ਜੇ ਐਸੇ ਸਿੱਖਾਂ ਨੂੰ ਗੁਰਬਾਣੀ 'ਤੇ ਵੀ ਸ਼ੰਕਾ ਐ ਤਾਂ ਸਿੱਖ ਕਾਹਦੇ ਹੋਏ? ਇਹਦਾ ਮਤਲਬ ਕਿ ਗੁਰਬਾਣੀ 'ਚ ਹੁਕਮਨਾਮੇ ਸਾਡੇ ਵਿਰੋਧੀ ਵੀ ਹਨ। ਇਹ ਤਾਂ ਨਿਰੋਲ ਕਰਮ-ਕਾਂਡ ਤੇ ਭਰਮ ਐ। ਗੁਰਬਾਣੀ ਸਿੱਖ ਲਈ ਜੀਵਨ-ਜਾਚ ਐ। ਇਹਨੂੰ ਸਿਰਫ ਪੜ੍ਹਨਾ, ਸੁਣਨਾ ਜਾਂ ਵਿਚਾਰਨਾ ਹੀ ਕਾਫ਼ੀ ਨਹੀਂ ਸਗੋਂ ਵਾਰ-ਵਾਰ ਅਮਲ ਕਰਨ ਦੀ ਪ੍ਰੇਰਨਾ ਦਿੱਤੀ ਐ। ਹੁਕਮਨਾਮਾ ਮੋੜਨਾ ਆਪੂੰ ਬਣਾਈਆਂ ਰੀਤਾਂ ਹਨ ਤੇ ਇਹ ਕੋਈ ਪੰਥਕ ਮਰਯਾਦਾ ਨਹੀਂ ਐ।

**ਜਗਿਆਸੂ** – ਕਈ ਥਾਈਂ ਹੋਰ ਰਿਵਾਜ ਵੀ ਚੱਲ ਪਿਆ ਕਿ 101 ਜਾਂ 51 ਅਖੰਡ ਪਾਠਾਂ ਦੀ ਲੜੀ ਦੇ ਭੋਗ ਪਾਏ ਜਾ ਰਹੇ ਹਨ।

**ਭਾਈ ਭਰਮਤੋੜ ਸਿੰਘ** – ਇਹ ਕੋਈ ਪੰਥਕ ਮਰਯਾਦਾ ਨਹੀਂ ਐ। ਜਦੋਂ ਇਕ ਸਮੇਂ ਇਕ ਹੀ ਸਰੂਪ ਤੋਂ ਪਾਠ ਹੋਣਾ ਤੇ ਸੁਣਿਆ ਜਾਣਾ ਤਾਂ ਫਿਰ ਇਕ ਲੜੀ ਵਿਚ 100 ਸਰੂਪ ਹੋਰ ਪ੍ਰਕਾਸ਼ ਕਰਨੇ ਕੋਈ ਅਹਿਮੀਅਤ ਨਹੀਂ ਰੱਖਦੇ। ਇਹ ਸਗੋਂ ਸੰਗਤਾਂ ਵਿਚ ਦਵੰਦ ਖੜ੍ਹਾ ਹੋ ਜਾਂਦਾ ਹੈ। ਮੰਨ ਲਓ, ਇਕ ਸ਼ਰਧਾਲੂ ਨੇ ਅਰਦਾਸ ਕਰਕੇ ਮੱਥਾ ਟੇਕਣਾ ਐ। ਕੀ ਉਹ 101 ਜਾਂ 51 ਜਗ੍ਹਾ ਵੱਖ-ਵੱਖ ਟੇਕੇਗਾ। ਬਹੁਤ ਚੰਗੀ ਗੱਲ ਇਹ ਐ ਕਿ ਮਹਾਰਾਜ ਦੇ ਇਕ ਸਰੂਪ ਨੂੰ ਹੀ ਸੁੰਦਰ ਸਿੰਘਾਸਨ 'ਤੇ ਸੁਸ਼ੋਭਿਤ ਕੀਤਾ ਜਾਵੇ ਤੇ ਬਾਕੀ ਮਾਇਆ, ਗੁਰਬਾਣੀ ਦੇ ਪ੍ਰਚਾਰ 'ਤੇ ਲਾਈ ਜਾਵੇ!

**ਜਗਿਆਸੂ** – ਭਾਈ ਸਾਹਿਬ, ਸਾਡੇ 'ਚ ਵੀ ਪੁਜਾਰੀ ਵਰਗ ਨੇ ਪੰਥਕ ਮਰਯਾਦਾ ਤੋਂ ਵੱਖਰੀਆਂ ਵੱਖ-ਵੱਖ ਰੀਤਾਂ-ਰਸਮਾਂ ਬਣਾ ਲਈਆਂ ਹਨ। ਕਈ ਥਾਈਂ ਰੁਮਾਲਾ ਚੱਕ ਕੇ ਮਹਾਰਾਜ ਦੇ ਦਰਸ਼ਨ ਕਰਾਉਂਦੇ ਹਨ, ਕੀ ਇਹ ਠੀਕ ਐ?

**ਭਾਈ ਭਰਮਤੋੜ ਸਿੰਘ** – ਮਹਾਰਾਜ ਦੇ ਦਰਸ਼ਨ ਗੁਰਬਾਣੀ ਨੂੰ ਪੜ੍ਹਨਾ, ਸੁਣਨਾ ਤੇ ਵਿਚਾਰਨਾ ਐ। ਗੁਰੂਸਾਹਿਬ ਤਾਂ ਸਮਝਾਉਂਦੇ ਹਨ:

**ਸਤਿਗੁਰ ਨੋ ਸਭੁ ਕੋ ਦੇਖਦਾ, ਜੇਤਾ ਜਗਤੁ ਸੰਸਾਰੁ ॥**

**ਡਿਠੈ ਮੁਕਤਿ ਨ ਹੋਵਈ, ਜਿਚਰੁ ਸਬਦਿ ਨ ਕਰੇ ਵੀਚਾਰੁ ॥**

ਇਹ ਦੁਨੀਆ ਦਾ ਸੱਚ ਐ ਕਿ ਸਮਾਜ ਵਿਚ ਜਾਂ ਕਿਸੇ ਦੇ ਜੀਵਨ ਵਿਚ ਪਰਿਵਰਤਨ ਉਦੋਂ ਹੀ ਆਇਆ ਜਦੋਂ ਕਿਸੇ ਵਿਚਾਰ ਨੂੰ ਪੜ੍ਹ-ਸੁਣ ਕੇ ਤੇ ਵਿਚਾਰ ਕੇ ਅਮਲ ਕੀਤਾ ਐ। ਅਸੀਂ ਤਾਂ ਇਹ ਕਹਿਨੇ ਆਂ:

**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥**

ਪਰ ਅਸੀਂ ਇਕ ਰਹਿਤ ਮਰਯਾਦਾ ਤੋਂ ਮੁਨਕਰ ਹੋ ਕੇ ਵੱਖ-ਵੱਖ ਧੜਿਆਂ 'ਚ ਵੰਡੇ ਹੋਏ ਆਂ। ਸਾਡੀ ਏਸੇ ਕਮਜ਼ੋਰੀ ਦਾ ਫਾਇਦਾ ਪੰਥ-ਵਿਰੋਧੀ ਤਾਕਤਾਂ ਲੈ ਰਹੀਆਂ ਹਨ। ਜਦੋਂ ਸਾਡਾ ਗੁਰੂ ਇੱਕ, ਬਾਣੀ ਇੱਕ, ਸਿਧਾਂਤ ਇੱਕ ਤੇ ਫੇਰ ਵੀ ਸਾਡਾ ਇੱਕ ਨਾ ਹੋਣਾ, ਸਾਡੇ ਮਨਮੁਖ ਹੋਣ ਦੀ ਮੂੰਹ-ਬੋਲਦੀ ਤਸਵੀਰ ਐ।

**ਜਗਿਆਸੂ** – ਤੁਸੀਂ ਭਾਈ ਸਾਹਿਬ ਕੀ ਸਮਝਦੇ ਓ ਕਿ ਗੁਰੂਗ੍ਰੰਥ ਸਾਹਿਬ ਜੀ ਦਾ ਵੱਧ ਤੋਂ ਵੱਧ ਪ੍ਰਚਾਰ ਤੇ ਸਤਕਾਰ ਕਿਵੇਂ ਹੋਵੇ?

**ਭਾਈ ਭਰਮਤੋੜ ਸਿੰਘ** – ਪਹਿਲੀ ਗੱਲ ਤਾਂ ਹਰ ਸਿੱਖ ਨੂੰ ਗੁਰਬਾਣੀ ਉਪਰ ਪੂਰਨ ਨਿਸ਼ਚਾ ਹੋਣਾ ਚਾਹੀਦਾ ਐ ਤੇ ਪੱਕਾ ਵਿਸ਼ਵਾਸ ਐਨਾ ਹੋਵੇ ਕਿ 'ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ॥' ਦੂਜੀ ਗੱਲ ਹਰ ਗੁਰਸਿੱਖ ਨੂੰ ਗੁਰਬਾਣੀ ਦਾ ਸ਼ੁੱਧ ਪਾਠ, ਵਿਚਾਰ ਸਹਿਤ ਕਰਨਾ ਚਾਹੀਦਾ ਤੇ ਫੇਰ ਅਮਲੀ ਜੀਵਨ ਦੀ ਮਹਿਕ ਵੀ ਆਵੇ! ਭਾਈ ਗੁਰਦਾਸ ਜੀ ਨੇ ਇਕ ਜਗ੍ਹਾ ਬਹੁਤ ਸੁੰਦਰ ਲਿਖਿਆ:

**ਗਾਏ ਸੁਨੈ ਆਂਖੇ ਮੀਚੈ ਪਾਈਐ ਨ ਪਰਮ ਪਦੁ,**

**ਗੁਰ ਉਪਦੇਸੁ ਗਹਿ ਜਉ ਲਉ ਨ ਕਮਾਈਐ।**

**ਜਗਿਆਸੂ** – ਇਸ ਦਾ ਕੀ ਮਤਲਬ ਐ ਜੀ?

**ਭਾਈ ਭਰਮਤੋੜ ਸਿੰਘ** – ਕਿ ਹੇ ਭਾਈ! ਸਿਰਫ ਗਾਉਣ, ਸੁਣਨ ਤੇ ਅੱਖਾਂ ਮੀਚਿਆਂ ਪਰਮ ਪਦ ਪ੍ਰਾਪਤ ਨਹੀਂ ਹੁੰਦਾ, ਜਦੋਂ ਤਕ ਗੁਰੂਦਾ ਉਪਦੇਸ਼ ਦ੍ਰਿੜ੍ਹਤਾ ਨਾਲ ਧਾਰਨ ਨਹੀਂ ਕੀਤਾ ਜਾਂਦਾ।

**ਜਗਿਆਸੂ** – ਬਿਲਕੁਲ ਭਾਈ ਸਾਹਿਬ ਜੀ, ਗੱਲ ਤਾਂ ਦ੍ਰਿੜ੍ਹਤਾ ਤੇ ਵਿਸ਼ਵਾਸ ਦੀ ਐ! ਗਿਆਨਵਾਨ ਜੀਵਨ ਵਾਲੇ ਸਿੱਖ ਤਾਂ ਨਹੀਂ ਡੋਲਦੇ ਪਰ ਕਈ ਸਿੱਖ ਵੀ ਅਖਵਾਉਂਦੇ ਆ ਪਰ ਗੁਰਮਤਿ-ਵਿਰੋਧੀ ਵਿਚਾਰ ਵੀ ਮੰਨੀ ਜਾਂਦੇ ਆ।

**ਭਾਈ ਭਰਮਤੋੜ ਸਿੰਘ** – ਵੇਖ ਪਿਆਰਿਆ, ਗੁਰੂਦੀ ਮੱਤ ਮੰਨਣ ਵਾਲਾ ਹੀ ਸਿੱਖ ਹੋ ਸਕਦਾ। ਅਨਮੱਤੀਆਂ ਪਿੱਛੇ ਲੱਗਣਾ ਜਾਂ ਮਨਮੱਤ ਕਰਨੀ ਇਹੋ ਹੀ ਅਗਿਆਨਤਾ ਐ। ਗੁਰੂਗ੍ਰੰਥ, ਪੰਥ ਤੇ ਪੰਥਕ ਮਰਯਾਦਾ ਤੋਂ ਟੁੱਟਣਾ ਨਾ ਤਾਂ ਕੋਈ ਸਿਆਣਪ ਐ, ਨਾ ਕੌਮ ਦੀ ਭਲਾਈ ਐ ਸਗੋਂ ਸਿਰਫ ਖੁਆਰੀ ਐ। ਸਤਿਗੁਰ ਕੀ ਆਗਿਆ ਨੂੰ ਸਤਿ ਕਰਕੇ ਮੰਨਣ ਵਾਲਿਆਂ ਦਾ ਹੀ ਜੀਵਨ ਸਫਲਾ ਐ। ਗੁਰੂਰਾਮਦਾਸ ਜੀ ਦਾ ਫ਼ੁਰਮਾਨ ਸਦਾ ਯਾਦ ਰੱਖਣਾ:

**ਸੇਵਕ ਸਿਖ ਪੂਜਣ ਸਭਿ ਆਵਹਿ,**

**ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥**

**ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ,**

**ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥**

ਗੁਰੂਸਾਹਿਬ ਨੇ ਤਾਂ ਸਿੱਖ ਦੇ ਸਾਰੇ ਸ਼ੰਕੇ ਨਵਿਰਤ ਕਰਕੇ ਭਰਮਾਂ 'ਚੋਂ ਕੱਢਿਆ ਐ! ਜਿਨ੍ਹਾਂ ਨੇ ਗੁਰ ਸਿੱਖਿਆ ਗ੍ਰਹਿਣ ਨਹੀਂ ਕੀਤੀ, ਉਹ ਆਪ ਈ ਅਗਿਆਨਤਾ ਵਿਚ ਮਕੜੀ ਦੇ ਜਾਲ ਵਾਂਗ ਉਲਝੇ ਹੋਏ ਆ ਜਾਂ ਗੁਰਮਤਿ-ਵਿਰੋਧੀ ਕੁਝ ਸ਼ੈਤਾਨ ਲੋਕਾਂ ਨੇ ਉਲਝਾਏ ਹੋਏ ਆ। ਹੁਣ ਦੱਸ, ਤੇਰੇ ਮਨ ਦਾ ਭਰਮ ਟੁੱਟ ਗਿਆ ਕਿ ਨਹੀਂ?

**ਜਗਿਆਸੂ** – ਬਿਲਕੁਲ ਟੁੱਟ ਗਿਆ ਜੀ, ਬਹੁਤ-ਬਹੁਤ ਮਿਹਰਬਾਨੀ।

# ਵਿਚਾਰ- ਵਿਟਾਦਰਾਂ - ਦਸਵਾਂ

**ਚੈਨਲਾਂ ਵਾਲਿਆਂ ਨੂੰ ਵੀ ਆਪਣਾ ਫਰਜ਼ ਪਛਾਣਨਾ ਚਾਹੀਦਾ ਕਿ**

**ਉਹ ਇਸ ਨੂੰ ਸਿੱਖਿਆਦਾਇਕ ਤੇ ਗਿਆਨ ਭਰਪੂਰ ਬਣਾਉਣ...**

**ਜਗਿਆਸੂ** - ਕਿਉਂ ਭਾਈ ਸਾਹਿਬ ਜੀ? ਬਾਕੀ ਗੱਲਾਂ ਛੱਡੋ, ਅੱਜਕਲ੍ਹ ਟੀ. ਵੀ. ਚੈਨਲਾਂ ਵਾਲੇ ਤਾਂ ਵੱਟ ਕੱਢੀ ਜਾਂਦੇ ਆ!

**ਭਾਈ ਭਰਮਤੋੜ ਸਿੰਘ** - (ਹੱਸਦੇ ਹੋਏ) ਕੋਈ ਸ਼ੱਕ ਨਹੀਂ।

**ਜਗਿਆਸੂ** - ਤੁਸੀਂ ਹੱਸੇ ਕਿਉਂ?

**ਭਾਈ ਭਰਮਤੋੜ ਸਿੰਘ** - ਹੱਸਦਾਂ ਇਸ ਕਰਕੇ ਕਿ ਤੇਰਾ ਸਵਾਲ ਵਧੀਆ। ਇਸੇ ਤਰ੍ਹਾਂ ਸਾਡੇ ਮੁਹੱਲੇ 'ਚ ਕੋਈ ਨਵਾਂ-ਨਵਾਂ ਧੋਬੀ ਆਇਆ, ਉਹਨੂੰ ਪ੍ਰੈਸ ਵਿਚ ਕੋਲੇ ਪਾਉਣ ਦਾ ਚੱਜ ਨਈਂ ਸੀ। ਲੋਹੇ ਦੀ ਪ੍ਰੈਸ ਗਰਮ ਜ਼ਿਆਦਾ ਕਰ ਲਈ। ਤੇਰੇ ਵਰਗੇ ਇਕ ਸੇਠ ਨੇ ਸਹੁਰੀਂ ਜਾਣਾ ਸੀ। ਕਹਿੰਦਾ, ਬਈ ਧੋਤੀ ਇਸ ਤਰ੍ਹਾਂ ਪ੍ਰੈਸ ਕਰ ਦੇਹ ਕਿ ਵੱਟ ਕੱਢ ਦੇ!

**ਜਗਿਆਸੂ** - ਫੇਰ ਉਹਨੇ ਕੱਢ 'ਤੇ?

**ਭਾਈ ਭਰਮਤੋੜ ਸਿੰਘ** - ਹਾਂ, ਉਹਨੇ ਐਸੇ ਵੱਟ ਕੱਢੇ ਕਿ ਧੋਤੀ ਸੜ ਕੇ ਰੁਮਾਲ ਜਿੱਡੀ ਰਹਿ ਗਈ। ਉਸੇ ਤਰ੍ਹਾਂ ਸਾਡੇ ਪੰਜਾਬੀ ਅਮੀਰ ਸਭਿਆਚਾਰ ਦੇ ਟੀ. ਵੀ. ਵਾਲਿਆਂ ਲੱਚਰਤਾ ਦੀ ਪ੍ਰੈਸ ਨਾਲ ਸਾੜ-ਸਾੜ ਕੇ ਵੱਟ ਕੱਢ 'ਤੇ ਆ ਕਿ ਇਹਨੂੰ ਅਸਭਿਆਚਾਰ ਬਣਾ ਕੇ ਰੱਖ 'ਤਾ।

**ਜਗਿਆਸੂ** - ਉਹ ਤਾਂ ਜੀ ਤੁਸੀਂ ਆਪੇ ਈ ਕਹਿਨੇ ਹੁੰਨੇਂ ਆਂ ਕਿ ਵਪਾਰ ਦੇ ਖੇਤਰ ਵਿਚ ਕੋਈ ਕਿਸੇ ਨੂੰ ਅਕਲ ਜਾਂ ਸਿੱਖਿਆ ਨਹੀਂ ਦਿੰਦਾ ਹੁੰਦਾ-ਪੈਸਾ ਮੁੱਖ ਆ।

**ਭਾਈ ਭਰਮਤੋੜ ਸਿੰਘ** - ਤੂੰ ਤੇ ਭਾਈ ਆਪ ਈ ਸਿਆਣਾਂ ਕਿ ਇਹ ਮੀਡੀਆ ਵਪਾਰੀਆਂ ਦੇ ਹੱਥ ਆ ਤੇ ਉਨ੍ਹਾਂ ਨੂੰ ਪਤਾ ਕਿ ਬਹੁਤੀ ਜਨਤਾ ਕਿਸ ਅਮਲ 'ਤੇ ਲੱਗੀ ਆ। ਅੰਧ-ਵਿਸ਼ਵਾਸੀ ਸੀਰੀਅਲ, ਅਸ਼ਲੀਲ ਫ਼ਿਲਮਾਂ, ਗੰਦੇ ਗੀਤ ਤੇ ਘਟੀਆ ਪੇਸ਼ਕਾਰੀ। ਬਾਕੀ ਸਭ ਲੋਕਾਂ ਦਾ ਸੁਭਾਅ ਬਣ ਗਿਆ ਕਿ ਸੇਬ ਖਰੀਦਣਗੇ ਤਾਂ ਕਹਿਣਗੇ, 'ਬੱਲੇ! ਕਿੰਨੇ ਮਹਿੰਗੇ! ਪੱਚੀ ਰੁਪਏ ਕਿਲੋ!' ਤੇ ਸ਼ਰਾਬ ਦੀ ਬੋਤਲ ਇਕ ਸੌ ਪੱਚੀਆਂ ਦੀ ਬਿਨਾਂ ਰੇਟ ਕੀਤਿਆਂ ਬਾਰੀ ਵਿਚ ਦੀ ਫੜ ਲੈਣਗੇ। ਜਦੋਂ ਤਨ ਦੀ ਖੁਰਾਕ ਦਾ ਖਿਆਲ ਨਹੀਂ ਤਾਂ ਮਨ ਦੀ ਖੁਰਾਕ ਬਾਰੇ ਵੀ ਕਿੰਨਾ ਕੁ ਸੋਚੂ ਕੋਈ?

**ਜਗਿਆਸੂ** – ਬਾਕੀਆਂ ਦੀ ਤਾਂ ਵੱਖਰੀ ਗੱਲ ਐ, ਆਹ ਪੰਜਾਬੀ ਸਭਿਆਚਾਰ ਦਾ ਰਾਖਾ ਅਖਵਾਉਣ ਵਾਲਾ ਜਲੰਧਰ ਦੂਰਦਰਸ਼ਨ ਈ ਸਾਡੇ ਸਭਿਆਚਾਰ ਦੀ ਜੱਖਣਾ ਪੁੱਟੀ ਜਾਂਦੈ। ਕਈ ਸਾਹਿਬ-ਸਭਾਵਾਂ ਨੇ ਇਥੇ ਧਰਨੇ ਵੀ ਦਿੱਤੇ ਨੇ ਕਿ ਇਹ ਆਪਣੇ ਫਰਜ਼ ਪਛਾਣੇ, ਪਰ...

**ਭਾਈ ਭਰਮਤੋੜ ਸਿੰਘ** – ਗੱਲ ਤਾਂ ਉਹੋ ਹੋਈ ਕਿ ਬੁੱਢਾ ਬਾਪੂ ਮੰਜੇ 'ਤੇ ਪਿਆ ਪੋਤਰੇ ਨੂੰ ਕਹਿੰਦਾ, ਬਈ ਪਤੰਗ ਉੱਚੀ ਨਾ ਉਡਾ ਪਰ ਪੋਤਰਾ ਡੋਰ ਲੈ ਕੇ ਕੋਠੇ 'ਤੇ ਚੜ੍ਹਿਆ। ਹੁਣ ਜੀਹਦੇ ਹੱਥ ਡੋਰ ਆ ਉਹ ਮਰਜੀ ਕਰੀ ਜਾਂਦਾ। ਰੋਜ਼ਾਨਾ ਹੀ ਅਖਬਾਰਾਂ ਵਿਚ ਕਿੰਨੇ ਲੋਕ ਚਰਚਾ ਕਰਦੇ ਆ ਕਿ ਦੂਰਦਰਸ਼ਨ ਦੇ ਪ੍ਰੋਗਰਾਮਾਂ ਵਿਚੋਂ ਸਭਿਆਚਾਰ ਦੀ ਮਹਿਕ ਨਹੀਂ ਸਗੋਂ ਅਸਭਿਆਚਾਰ ਦੀ ਬਦਬੋ ਆ ਰਹੀ ਐ! ਨਾਲੇ ਨਵੀਂ ਪੀੜ੍ਹੀ ਦਾ ਭੱਠਾ ਬਿਠਾਈ ਜਾਂਦੇ ਆ।

**ਜਗਿਆਸੂ** – ੳ ਨਵੀਂ ਪੀੜ੍ਹੀ ਤਾਂ ਜੀ ਇਨ੍ਹਾਂ ਚੈਨਲਾਂ ਤੋਂ ਈ ਪੀੜਤ ਐ!

**ਭਾਈ ਭਰਮਤੋੜ ਸਿੰਘ** – ਕਈਆਂ ਨੂੰ ਤਾਂ ਇਨ੍ਹਾਂ ਘਟੀਆ ਪ੍ਰੋਗਰਾਮਾਂ ਦਾ ਨਸ਼ੱਈਆਂ ਵਾਂਗ ਨਸ਼ਾ ਹੋ ਗਿਆ। ਭਾਵੇਂ ਹਰ ਬੰਦਾ ਮਨੋਰੰਜਨ ਚਾਹੁੰਦਾ ਪਰ ਚੌਵੀ ਘੰਟੇ ਦਾ ਮਨੋਰੰਜਨ ਬੌਧਿਕ ਵਿਕਾਸ ਦੇ ਰਾਹ ਵਿਚ ਵੱਡੀ ਰੁਕਾਵਟ ਹੁੰਦਾ। ਨਾਲੇ ਸਿਆਣੇ ਕਹਿੰਦੇ ਕਿ ਹਮੇਸ਼ਾ ਸੜਕ 'ਚ ਸਪੀਡ ਬਰੇਕਰ ਬਣਾਈਦੇ ਆ ਪਰ ਜਦੋਂ ਸਪੀਡ ਬਰੇਕਰਾਂ 'ਚ ਸੜਕ ਬਣਨ ਲੱਗ ਜਾਵੇ ਤਾਂ ਫਿਰ ਇਨ੍ਹਾਂ 'ਤੇ ਚੱਲਣ ਵਾਲੀਆਂ ਗੱਡੀਆਂ ਦਾ ਰੱਬ ਈ ਰਾਖਾ!

**ਜਗਿਆਸੂ** – ਉਂਜ ਭਾਈ ਸਾਹਿਬ ਜੀ, ਜਦੋਂ ਟੀ. ਵੀ. ਮੀਡੀਏ ਦਾ ਜਨਤਾ ਦੇ ਮਨਾਂ 'ਤੇ ਐਨਾ ਪ੍ਰਭਾਵ ਐ ਤਾਂ ਫਿਰ ਬਣਾਉਣ ਵਾਲਿਆਂ ਨੂੰ ਗਿਆਨ-ਭਰਪੂਰ ਸੀਰੀਅਲਾਂ ਦੀ ਗਿਣਤੀ ਵਧਾਉਣੀ ਚਾਹੀਦੀ ਆ।

**ਭਾਈ ਭਰਮਤੋੜ ਸਿੰਘ** – ਗੱਲ ਤਾਂ ਤੇਰੀ ਗੁਰਮੁਖਾ ਸਿਆਣੀ ਆਂ, ਪਰ ਸਾਡੇ ਦੇਸ਼ ਦਾ ਇਹ ਵੀ ਇਕ ਵੱਡਾ ਦੁਖਾਂਤ ਐ ਕਿ ਇਥੇ ਭੀੜ ਇੱਕਠੀ ਕਰਨ ਵਾਲਿਆਂ ਦਾ ਹਮੇਸ਼ਾ ਬੋਲਬਾਲਾ ਰਿਹਾ ਹੈ। ਇਹੋ ਦੌੜ ਅੱਜਕਲ੍ਹ ਵੱਖ-ਵੱਖ ਚੈਨਲਾਂ ਦੀ ਲੱਗੀ ਆ। ਏਥੇ ਤਾਂ ਉਹ ਗੱਲ ਐ ਕਿ ਚੰਗੀਆਂ ਗਿਆਨਮਈ ਕਿਤਾਬਾਂ ਵੇਚਣ ਵਾਲੇ ਦੇ ਕੋਲ ਘੱਟ ਜਾਣਗੇ ਪਰ ਕੋਈ ਪੱਥਰ, ਕੱਪੜੇ 'ਚ ਵਲੇਟ ਕੇ, ਸਿਰ 'ਤੇ ਰੱਖ ਕੇ ਹੋਕਾ ਦੇ ਦੇਵੇ ਤਾਂ ਉਸ ਦੇ ਪਿੱਛੇ ਜ਼ਿਆਦਾ ਲੱਗਣਗੇ।

**ਜਗਿਆਸੂ** – ਅੱਜਕਲ੍ਹ ਕੋਈ ਚੈਨਲ ਲਾ ਲੋ, ਮਿਥਿਹਾਸਕ ਕਹਾਣੀਆਂ ਤੇ ਕਰਾਮਾਤੀ ਭੂਤਾਂ-ਪ੍ਰੇਤਾਂ ਦੀਆਂ ਕਹਾਣੀਆਂ ਦੇ ਸੀਰੀਅਲ ਹੀ ਜ਼ਿਆਦਾ ਚੱਲਦੇ ਆ ਜਿਨ੍ਹਾਂ ਵਿਚ ਗਿਆਨ ਦੀ ਗੱਲ ਹੀ ਕੋਈ ਨਹੀਂ, ਸਿਰਫ ਸਮਾਂ ਈ ਬਰਬਾਦ ਆ। ਦੂਜਾ, ਹਰ ਕੋਈ ਸਿੱਧੇ ਜਾਂ ਅਸਿੱਧੇ ਢੰਗ ਨਾਲ ਆਪੋ ਆਪਣੀ ਗੱਲ ਅਜੋਕੇ ਮੀਡੀਏ ਰਾਹੀਂ ਕਰ ਰਿਹੈ ਪਰ ਸਿੱਖ ਇਤਿਹਾਸ, ਗੁਰਬਾਣੀ ਜਾਂ ਗੁਰ ਫ਼ਿਲਾਸਫ਼ੀ ਦੀ ਗੱਲ ਬਹੁਤ ਘੱਟ ਵੇਖਣ/ਸੁਣਨ ਨੂੰ ਮਿਲਦੀ ਆ।

**ਭਾਈ ਭਰਮਤੋੜ ਸਿੰਘ** – ਗੱਲ ਇਹ ਆ ਪਿਆਰਿਆ ਪਹਿਲਾਂ ਤਾਂ ਸਾਡੇ ਪੰਥਕ ਵਾਰਸਾਂ ਨੇ ਇਹਨੂੰ ਗੌਲਿਆ ਹੀ ਨਹੀਂ ਤੇ ਹੁਣ ਵੀ ਹਰ ਚੈਨਲ 'ਤੇ ਸਿਰਫ ਕੀਰਤਨ ਹੀ ਜ਼ਿਆਦਾਤਰ ਰਿਲੇਅ ਹੋ ਰਿਹੈ। ਭਾਵੇ ਕਲਯੁਗ ਵਿਚ

ਕੀਰਤਨ ਪ੍ਰਧਾਨ ਹੈ ਪਰ ਬਹੁਤੀ ਸੰਗਤ ਨੂੰ ਇਸ ਪ੍ਰਤੀ ਗਿਆਨ, ਵਿਚਾਰ ਜਾਂ ਵਿਆਖਿਆ ਨਾ ਹੋਣ ਕਰਕੇ ਉਨ੍ਹਾਂ ਦੇ ਮਨ ਦੇ ਸ਼ੰਕੇ ਤੇ ਅੰਧ-ਵਿਸ਼ਵਾਸ ਉਥੇ ਦੇ ਉਥੇ ਈ ਰਹਿੰਦੇ ਆ ਤੇ ਏਹੋ ਹੀ ਹਾਲ ਸਾਡੀਆਂ ਧਾਰਮਿਕ ਫ਼ਿਲਮਾਂ ਦਾ ਹੋਇਆ।

**ਜਗਿਆਸੂ** – ਧਾਰਮਿਕ ਫ਼ਿਲਮਾਂ ਤਾਂ ਕਈ ਬਣੀਆਂ, ਤੁਸੀਂ ਨਹੀਂ ਵੇਖੀਆਂ ਜੀ?

**ਭਾਈ ਭਰਮਤੋੜ ਸਿੰਘ** – ਸਭ ਵੇਖੀਆਂ ਪਿਆਰਿਆ, ਬਹੁਤੀਆਂ ਦਾ ਨਾਮ ਹੀ ਧਾਰਮਕ ਹੋਣ ਦਾ ਭੁਲੇਖਾ ਪੈਂਦਾ, ਪਰ ਵਿਸ਼ੇ ਤੇ ਪੇਸ਼ਕਾਰੀ ਪੱਖੋਂ ਉਹ ਆਮ ਬਾਕੀ ਫ਼ਿਲਮਾਂ ਦਾ ਰੂਪ ਹਨ। ਕੋਈ ਵੀ ਗੁਰਮਤਿ ਸਿਧਾਂਤ, ਇਤਿਹਾਸ ਜਾਂ ਮਰਯਾਦਾ ਦਾ ਪ੍ਰਚਾਰ ਘੱਟ ਈ ਵੇਖਣ ਨੂੰ ਮਿਲਿਆ। ਇਸੇ ਕਰਕੇ ਉਨ੍ਹਾਂ ਫ਼ਿਲਮਾਂ ਨੂੰ ਸੰਗਤ ਵਿਚ ਵਿਖਾਉਣ ਲੱਗਿਆਂ ਬਹੁਤੇ ਸੀਨ ਕੱਟਣੇ ਪੈਂਦੇ ਆ। ਇਸ ਤੋਂ ਸਿਵਾ ਬਹੁਤਿਆਂ ਨੇ ਖ਼ਾਲਸੇ ਦੇ ਬੌਧਿਕ ਜਾਂ ਗਿਆਨ ਦੇ ਪੱਖ ਨੂੰ ਨਹੀਂ ਪੇਸ਼ ਕੀਤਾ ਸਗੋਂ ਸਿਰਫ ਲੜਨ-ਮਰਨ ਤੇ ਜੈਕਾਰਿਆਂ ਤਕ ਹੀ ਸੀਮਤ ਰੱਖਿਆ ਜਦੋਂ ਕਿ ਸਿੱਖ ਧਰਮ ਦੇ ਬਾਨੀ ਗੁਰੂਨਾਨਕ ਸਾਹਿਬ ਜੀ ਨੇ ਵੱਡੀ ਲੜਾਈ ਅਗਿਆਨਤਾ ਰੂਪੀ ਫ਼ੌਜ ਖਿਲਾਫ਼ ਗਿਆਨ ਦੀ ਤੇਗ ਨਾਲ ਲੜੀ।

**ਜਗਿਆਸੂ** – ਤੁਹਾਡਾ ਮਤਲਬ ਕਿ ਸਾਡੇ ਅਸਲ ਅਮੀਰ ਪੱਖ ਨੂੰ ਮੀਡੀਏ ਨੇ ਹਮੇਸ਼ਾ ਈ ਅੱਖੋਂ ਪਰੋਖੇ ਕੀਤਾ?

**ਭਾਈ ਭਰਮਤੋੜ ਸਿੰਘ** – ਬਿਲਕੁਲ! ਲੜਨਾ ਮਰਨਾ ਸਾਡਾ ਕੋਈ ਪੰਥਕ ਸ਼ੁਗਲ ਨਹੀਂ ਐ, ਇਹ ਤਾਂ ਅੰਤਮ ਫੈਸਲਾ ਹੈ ਜਦੋਂ ਸਾਰੇ ਹੀਲੇ-ਵਸੀਲੇ ਖ਼ਤਮ ਹੋ ਜਾਣ! ਦੂਜੀ ਗੱਲ ਕਿ ਪੁਸਤਕਾਂ ਜਾਂ ਸਾਹਿਤ ਪੜ੍ਹਨ ਦੀ ਪੰਜਾਬੀਆਂ 'ਚ ਪਹਿਲਾਂ ਹੀ ਕਮੀ ਸਮਝੀ ਜਾਂਦੀ ਐ ਤੇ ਇਸ ਤਰ੍ਹਾਂ ਆਪਣੀ ਵਿਰਾਸਤ ਤੋਂ ਮੂੰਹ ਫੇਰਨਾ ਸਾਡੀ ਕਮਜ਼ੋਰੀ ਬਣ ਗਿਆ। ਏਸੇ ਕਰਕੇ ਸਾਡੀ ਸਿੱਖ ਨੌਜਵਾਨ ਪੀੜ੍ਹੀ ਸੰਗਤ ਵਿਚ ਨਾ-ਮਾਤਰ ਈ ਵੇਖਣ ਨੂੰ ਮਿਲਦੀ ਆ...

**ਜਗਿਆਸੂ** – ਕਈ ਸੰਸਥਾਵਾਂ ਤਾਂ ਜੀ ਬੱਚਿਆਂ ਦੇ ਵੱਖ-ਵੱਖ ਮੁਕਾਬਲੇ ਗੁਰਮਤਿ ਸੰਬੰਧੀ ਕਰਵਾਉਂਦੀਆਂ ਕਿ ਉਹ ਧਰਮ ਨਾਲ ਜੁੜਨ....

**ਭਾਈ ਭਰਮਤੋੜ ਸਿੰਘ** – ਇਹ ਉਨ੍ਹਾਂ ਦਾ ਬਹੁਤ ਸ਼ਲਾਘਾਯੋਗ ਉੱਦਮ ਐ ਤੇ ਬਾਕੀ ਸਭਾ-ਸੁਸਾਇਟੀਆਂ ਨੂੰ ਵੀ ਇਸ ਪਾਸੇ ਵੱਧ ਤੋਂ ਵੱਧ ਉੱਦਮ ਕਰਨਾ ਚਾਹੀਦਾ ਐ।

**ਜਗਿਆਸੂ** – ਪਰ ਗੱਲ ਤਾਂ ਮਾਡਰਨ ਮੀਡੀਏ ਦੀ ਐ ਕਿ ਸਿੱਖੀ ਦੇ ਪ੍ਰਚਾਰ ਲਈ ਕਿਵੇਂ ਸਹਾਈ ਹੋ ਸਕਦਾ ਐ?

**ਭਾਈ ਭਰਮਤੋੜ ਸਿੰਘ** – ਇਹ ਤਾਂ ਪਿਆਰਿਆਂ ਜਿੰਨਾ ਚਿਰ ਸਿੱਖਾਂ ਦਾ ਕੋਈ ਆਪਣਾ ਚੈਨਲ ਨਹੀਂ ਓਨਾ ਚਿਰ ਕੋਈ ਪੂਰੀ ਗੱਲ ਸੰਤੁਸ਼ਟੀ ਵਾਲੀ ਨਹੀਂ ਹੋ ਸਕਦੀ....

**ਜਗਿਆਸੂ** – ਗੱਲ ਤਾਂ ਇਹ ਆ ਜੀ ਕਿ ਦੂਜੇ ਧਰਮਾਂ ਵਾਲਿਆਂ ਕਿਹੜੇ ਆਪਣੇ ਚੈਨਲ ਚਲਾਏ ਆ?

**ਭਾਈ ਭਰਮਤੋੜ ਸਿੰਘ** – ਇਸ ਦਾ ਜਵਾਬ ਵੀ ਹੈਗਾ ਕਿ ਉਨ੍ਹਾਂ ਦਾ ਕੰਮ ਤਾਂ ਆਪਣੇ ਆਪ ਈ ਹੋ ਰਿਹੈ, ਉਨ੍ਹਾਂ ਨੂੰ ਲੋੜ ਵੀ ਕੀ ਐ? ਹੁਣ ਕਿਸੇ ਨੂੰ ਦੁੱਧ, ਦਹੀਂ ਵਰਤੋਂ ਜੋਗਾ ਬੈਠੇ-ਬਿਠਾਏ ਨੂੰ ਮਿਲ ਜਾਏ ਤਾਂ ਉਹਦਾ ਸਿਰ ਫਿਰਿਆ ਕਿ ਐਵੇਂ ਮੱਝ-ਗਾਂ, ਸਾਂਭਦਾ ਫਿਰੇ? ਕਹਿਣ ਤੋਂ ਭਾਵ ਕਿ ਹਿੰਦੂਮੱਤ ਦਾ ਪ੍ਰਚਾਰ ਤਾਂ ਆਪ ਈ ਹੋ ਰਿਹੈ। ਇਸਲਾਮਦਾ ਵੱਖ ਦੇਸ਼ ਐ। ਉਹ ਰੇਡੀਓ, ਟੀ.ਵੀ., ਫ਼ਿਲਮਾਂ ਨੂੰ ਆਪਣੇ ਮਜ਼ਹਬ ਦੇ ਪ੍ਰਚਾਰ ਲਈ ਪੂਰਾ ਵਰਤਦੇ ਆ। ਸਾਡੇ ਤਾਂ ਗੁਰਬਾਣੀ ਦੇ ਸ਼ਬਦ ਦੇ ਪ੍ਰਚਾਰ ਲਈ ਪੂਰਾ ਵਰਤਦੇ ਆ। ਸਾਡੇ ਤਾਂ ਗਬਰਬਾਣੀ ਦੇ ਸ਼ਬਦ ਵੀ ਦੂਰਦਰਸ਼ਨ ਵਾਲੇ ਸੈਂਸਰ ਦੀ ਆਗਿਆ ਤੋਂ ਬਿਨਾਂ ਨਹੀਂ ਗਾਇਣ ਕਰਨ ਦਿੰਦੇ। ਪਰ ਜਦੋਂ ਸਾਡੇ ਸਰੂਪ 'ਤੇ ਵਿਅੰਗ ਕਰਨਾ ਹੋਵੇ ਤਾਂ ਪੁਰਾਣੀਆਂ ਫ਼ਿਲਮਾਂ ਵਿਚ ਪੱਗਾਂ ਵਾਲਿਆਂ ਨੂੰ ਸਿਰਫ ਜੋਕਰ ਜਾਂ ਮਜ਼ਾਹੀਆ ਪਾਤਰ ਹੀ ਬਣਾਇਆ ਜਾਂਦਾ ਰਿਹੈ। ਇਸ ਲਈ ਚੈਨਲ ਸਾਡੀ ਲੋੜ ਆ। ਨਾਲੇ ਸਿਆਣੇ ਕਹਿੰਦੇ, ਬਈ ਕਿਸੇ ਦੀ ਲੰਮੀ ਲਕੀਰ ਮਿਟਾਉਣ ਨਾਲੋਂ ਲਾਗੇ ਉਸ ਤੋਂ ਲੰਮੀ ਲਕੀਰ ਖਿੱਚ ਦਿਓ, ਇਸ ਵਿਚ ਹੀ ਸਿਆਣਪ ਐ।

**ਜਗਿਆਸੂ** – ਪਰ ਸਾਡੇ ਕੋਲ ਐਨੇ ਗੁਰਦੁਆਰੇ ਨੇ, ਪ੍ਰਚਾਰ ਦੇ ਲਈ ਸਾਨੂੰ ਗੁਰਦੁਆਰਿਆਂ ਨੂੰ ਅਧਾਰ ਬਣਾਉਣ ਚਾਹੀਦਾ ਐ...

**ਭਾਈ ਭਰਮਤੋੜ ਸਿੰਘ** – ਦਰਅਸਲ ਅਸੀਂ ਗ੍ਰੰਥੀ ਅਤੇ ਗੁਰਦੁਆਰਿਆਂ ਦਾਂ ਅਸਲ ਮੰਤਵ ਭੁੱਲ ਗਏ ਆਂ। ਇਥੇ ਗੁਰਬਾਣੀ ਸੰਥਿਆ, ਪੰਜਾਬੀ, ਕੀਰਤਨ ਕਲਾਸਾਂ, ਧਰਮ ਵਿੱਦਿਆ ਤੇ ਹਿਕਮਤ ਵਰਗ ਕਾਰਜ ਧਰਮਸ਼ਾਲਾ ਦਾ ਮਿਸ਼ਨ ਹੁੰਦਾ ਸੀ। ਹੁਣ ਵਿਦੇਸ਼ੀ ਗੁਰਦੁਆਰਿਆਂ ਵਿਚ ਤਾਂ ਫਿਰ ਵੀ ਕੁਝ ਹੈ ਪਰ ਪੰਜਾਬ ਵਿਚ ਨਾ-ਮਾਤਰ ਈ ਐ। ਸਾਡੀ ਨੌਜਵਾਨ ਪੀੜ੍ਹੀ ਲਈ ਸਾਡੇ ਸਿਰਫ ਧਾਰਮਕ ਦੀਵਾਨ ਪ੍ਰੇਰਨਾ ਸਰੋਤ ਨਹੀਂ ਬਣ ਸਕੇ ਕਿਉਂਕਿ ਸਾਡਾ ਪ੍ਰੰਪਰਾਵਾਦੀ ਢੰਗ ਇਕੋ ਹੀ ਚੱਲ ਰਿਹਾ।

ਜਗਿਆਸੂ – ਤੁਹਾਡੇ ਮੁਤਾਬਿਕ ਬਦਲਾਉ ਕੀ ਹੋ ਸਕਦੈ?

**ਭਾਈ ਭਰਮਤੋੜ ਸਿੰਘ** – ਧਾਰਮਕ ਦੀਵਾਨਾਂ ਦੇ ਨਾਲ-ਨਾਲ ਪਿੰਡਾਂ ਤੇ ਸ਼ਹਿਰਾਂ ਦੇ ਗੁਰਦੁਆਰਿਆਂ ਵਿਚ ਵਿਦਿਆਰਥੀਆਂ ਭਾਵ ਨੌਜਵਾਨਾਂ ਦੀਆਂ ਧਾਰਮਕ ਕਲਾਸਾਂ ਲੱਗਣ ਜਿਥੇ ਧਾਰਮਕ ਸਿੱਖਿਆ, ਭਾਸ਼ਣ, ਕਵਿਤਾ, ਗਤਕਾ, ਛੋਟੇ-ਛੋਟੇ ਸਿਖਿਆਦਾਇਕ ਵਾਰਤਾਲਾਪ, ਕੋਰੀਓਗ੍ਰਾਫੀ, ਕੁਇਜ਼ ਪ੍ਰੋਗਰਾਮ, ਸ਼ਬਦ ਕੀਰਤਨ, ਵਾਰਾਂ, ਕਵੀਸ਼ਰੀ, ਮੌਲਿਕ ਸਿਰਜਨਾ, ਗੁਰਬਾਣੀ ਜਾਂ ਇਤਿਹਾਸ ਸੰਬੰਧੀ ਸੁੰਦਰ ਲਿਖਾਈ, ਸੁੰਦਰ ਦਸਤਾਰ ਬੰਨ੍ਹਣ ਦੇ ਮੁਕਾਬਲੇ, ਵਧੀਆ ਸਾਹਿਤ ਪੜ੍ਹਨ ਦੀ ਪ੍ਰੇਰਨਾ, ਘਰੇਲੂਲਾਇਬ੍ਰੇਰੀ ਆਦਿ ਬਾਰੇ ਸਿੱਖਿਆ ਦਿੱਤੀ ਜਾਵੇ ਅਤੇ ਜੇਤੂਆਂ ਨੂੰ ਇਨਾਮ ਦਿੱਤੇ ਜਾਣ। ਇਸ ਤਰ੍ਹਾਂ ਅਸੀਂ ਨਵੀਂ ਪੀੜ੍ਹੀ ਨੂੰ ਪ੍ਰੇਰ ਸਕਦੇ ਆਂ। ਪਰ ਸਾਡੇ ਹਰ ਇੱਕ ਪ੍ਰਚਾਰਕ ਕੋਲ ਨਾਮ ਸਿਮਰਨ ਤੇ ਅੰਮ੍ਰਿਤ ਛਕਣ ਦਾ ਭਾਸ਼ਣ ਐ ਤੇ ਇਹ ਵੀ ਵਿਚਾਰਨਾ ਚਾਹੀਦਾ ਕਿ ਕਿਸੇ ਨੂੰ ਰੋਟੀ ਪਕਾਉਣ ਦੀ ਟ੍ਰੇਨਿੰਗ ਦੇਣ ਤੋਂ ਪਹਿਲਾਂ ਉਸ ਨੂੰ ਆਟਾ ਛਾਣਨਾ, ਗੁੰਨ੍ਹਣਾ, ਪਾਣੀ ਦਾ ਹਿਸਾਬ, ਪੇੜਾ ਕਰਨਾ, ਅੱਗ ਬਾਲਣੀ, ਤਵਾ, ਚਕਲਾ ਆਦਿ ਬਾਰੇ ਦੱਸਣਾ ਤੇ ਮਾਨਸਕ ਤੌਰ 'ਤੇ ਤਿਆਰ ਕਰਨਾ ਵੀ ਕਿੰਨਾ ਜ਼ਰੂਰੀ ਐ!

**ਜਗਿਆਸੂ** – ਪਰ ਇਹ ਉੱਦਮ ਕਿਵੇਂ ਹੋ ਸਕਦਾ ਆ?

**ਭਾਈ ਭਰਮਤੋੜ ਸਿੰਘ** – ਇਹ ਸਭ ਕੁਝ ਹੋ ਸਕਦਾ ਆ ਤੇ ਇੰਜ ਹੀ ਸਿੱਖੀ ਪ੍ਰਚਾਰ ਦੇ ਲਈ ਚੈਨਲ ਨੂੰ ਹੋਂਦ ਵਿਚ ਲਿਆ ਸਕਦਾ ਆ। ਇਹ ਵੀ ਗੱਲ ਐ ਕਿ ਇਹ ਕਾਰਜ ਮਿਸ਼ਨਰੀ ਸਪਿਰਿਟ ਵਾਲੇ ਸੱਜਣ ਕਰ ਸਕਦੇ ਆ, ਸਿਰਫ ਤਨਖਾਹਦਾਰ ਮੁਲਾਜ਼ਮ ਨਹੀਂ ਕਰ ਸਕਣਗੇ। ਦੂਜਾ ਸੱਚ ਇਹ ਵੀ ਕਿ ਲੱਚਰਪੁਣੇ ਨੂੰ ਰੋਕ ਵੀ ਲੱਗੇਗੀ ਤੇ ਕਰਮ-ਕਾਂਡੀ, ਅੰਧ-ਵਿਸ਼ਵਾਸੀ ਸੀਰੀਅਲਾਂ ਦਾ ਜਵਾਬ ਵੀ ਹੋਣੇਗਾ। ਅਸੀਂ ਇਹ ਤਾਂ ਸਾਰੇ ਈ ਕਹਿਨੇ ਆਂ ਕਿ ਇਹ ਲੱਚਰ ਪ੍ਰੋਗਰਾਮ ਤੇ ਘਟੀਆ ਸੀਰੀਅਲ ਬੰਦ ਕਰੋ ਪਰ 'ਚੰਗਾ ਕੀ ਹੋਵੇ ਜਾਂ ਅਸੀਂ ਕੀ ਦੇ ਸਕਦੇ ਆਂ', ਇਹ ਬਿੱਲੀ ਗੱਲ ਟੱਲੀ ਪਾਉਣ ਵਾਂਗ ਕੋਈ ਅੱਗੇ ਨਹੀਂ ਆ ਰਿਹਾ। ਇਹ ਠੀਕ ਹੈ ਕਿ ਚੈਨਲਾਂ ਵਾਲਿਆਂ ਨੂੰ ਵੀ ਆਪਣਾ ਫ਼ਰਜ਼ ਪਛਾਣਨਾ ਚਾਹੀਦਾ ਕਿ ਉਹ ਇਸ ਨੂੰ ਸਿੱਖਿਆਦਾਇਕ ਤੇ ਗਿਆਨ-ਭਰਪੂਰ ਬਣਾਉਣ ਪਰ ਇਸ ਦੇ ਨਾਲ-ਨਾਲ ਅਸੀਂ ਪੰਜਾਬੀ ਆਪਣੇ ਅਮੀਰ ਸਭਿਆਚਾਰ ਨੂੰ ਕਾਇਮ ਰੱਖੀਏ, ਇਹ ਸਾਡਾ ਵੀ ਸਭ ਦਾ ਫ਼ਰਜ਼ ਐ।

✦✦✦✦✦

# ਚਰਚਾ – ਗਿਆਰ੍ਹਵੀਂ

## ਧਮਾਣ ਜਾਂ ਛਟੀ, ਧਨ -ਮਾਣ ਦੀ ਪ੍ਰਦਰਸ਼ਨੀ ਆਂ.... ਬੱਚੇ ਦੇ ਜਨਮ ਸਮੇਂ ਸ਼ਰਾਬਾਂ... ਪੈਸੇ ਵਾਲਿਆਂ ਦੀਆਂ ਖੇਡਾਂ ਐਂ!

**ਜਗਿਆਸੂ** – ਕਿਉਂ ਭਾਈ ਸਾਹਿਬ ਜੀ! ਆਹ ਬੱਚੇ ਦੇ ਜਨਮ ਤੋਂ ਪਹਿਲਾਂ ਤੇ ਬਾਅਦ ਵਿਚ ਜੋ ਤਰ੍ਹਾਂ-ਤਰ੍ਹਾਂ ਦੇ ਕਰਮ-ਕਾਡ ਤੇ ਵਹਿਮ-ਵਿਚਾਰਾਂ ਕੀਤੀਆਂ ਜਾਂਦੀਆਂ, ਇਨ੍ਹਾਂ ਦੀ ਕੋਈ ਮਹਾਨਤਾ ਜਾਂ ਪਿਛੋਕੜ ਹੈ?

**ਭਾਈ ਭਰਮਤੋੜ ਸਿੰਘ** – ਵੇਖ ਪਿਆਰਿਆ! ਪੁਰਾਤਨ ਸਮੇਂ ਤੋਂ ਹੀ ਬਹੁਤ ਸਾਰੀਆਂ ਵਿਚਾਰਾਂ ਦੇ ਮੰਨਣ ਪਿੱਛੇ ਸਿੱਖਿਆਦਾਇਕ ਕਾਰਨ ਵੀ ਸਨ ਪਰ ਹੌਲੀ-ਹੌਲੀ ਸਿੱਖਿਆ ਤਾਂ ਗੁੰਮ ਹੋ ਗਈ ਤੇ ਇਹ ਵਿਚਾਰਾਂ, ਫੋਕਟ ਕਰਮ-ਕਾਂਡ ਬਣ ਕੇ ਰਹਿ ਗਈਆਂ ਤੇ ਪੀੜ੍ਹੀ-ਦਰ-ਪੀੜ੍ਹੀ ਮੰਨਣ ਨਾਲ ਇਹ ਰਸਮਾਂ ਬਣ ਗਈਆਂ।

**ਜਗਿਆਸੂ** – ਗੱਲ ਤਾਂ ਇਹ ਆ ਜੀ ਕਿ ਅਸੀਂ ਇਨ੍ਹਾਂ ਨੂੰ ਮੰਨੀਏ ਕਿ ਨਾ ਮੰਨੀਏ?

**ਭਾਈ ਭਰਮਤੋੜ ਸਿੰਘ** – ਵੇਖੋ, ਸਾਡਾ ਸਿੱਖ ਪੰਥ ਦੇ ਮੰਨਣ ਜਾਂ ਨਾ ਮੰਨਣ ਦਾ ਤਾਂ ਗੁਰਮਤਿ ਤੇ ਪੰਥਕ ਮਰਯਾਦਾ ਦੇ ਨਜ਼ਰੀਏ ਅਨੁਸਾਰ ਹੀ ਫ਼ੈਸਲਾ ਲਿਆ ਜਾ ਸਕਦਾ।

**ਜਗਿਆਸੂ** – ਨਾ ਭਾਈ ਸਾਹਿਬ, ਜੇ ਗੁੱਸਾ ਨਾ ਕਰੋ ਤਾਂ ਕੀ ਅੱਗੇ ਸਾਡੀ ਸਾਰੀ ਸਿੱਖ ਕੌਮ ਜਾਂ ਡੇਰੇ ਸੰਪਰਦਾਵਾਂ ਇੱਕ ਮਰਯਾਦਾ ਅਨੁਸਾਰ ਈ ਚੱਲਦੀਆਂ?

**ਭਾਈ ਭਰਮਤੋੜ ਸਿੰਘ** – ਜੇ ਨਹੀਂ ਚਲਦੀਆਂ ਤਾਂ ਅਸੀਂ ਖੱਖੜੀਆਂ, ਕਰੇਲੇ ਵੀ ਤਾਂ ਹੋਏ ਪਏ ਆਂ, ਤੇ ਸਾਡੀਆਂ ਧਾਰਮਕ ਤੇ ਰਾਜਨੀਤਕ ਪਾਰਟੀਆਂ ਦਾ ਹਾਲ ਵੀ ਕਿਸੇ ਤੋਂ ਰੁੱਝਾ ਨਹੀਂ ਐ। 'ਅਖੇ ਕੁੱਕੜ ਖੇਹ ਉਡਾਈ ਤੇ ਆਪਣੇ ਸਿਰ ਪਾਈ।'

**ਜਗਿਆਸੂ** – ਉਹ ਤੇ ਠੀਕ ਆ ਜੀ, ਆਪਾਂ ਆਪਣੀ ਪਹਿਲੀ ਗੱਲ 'ਤੇ ਆਈਏ ਤੇ ਮਸਲਾ ਵਿਚਾਰੀਏ

**ਭਾਈ ਭਰਮਤੋੜ ਸਿੰਘ** – ਵੇਖ ਗੁਰੁਪਿਆਰਿਆ! ਉਂਜ ਤਾਂ ਹਰ ਇਲਾਕੇ ਦੀਆਂ ਰਸਮਾਂ-ਰਵਾਇਤਾਂ ਵਿਚ ਇਕ ਦੂਜੇ ਤੋਂ ਕੁਝ ਨਾ ਕੁਝ ਭਿੰਨਤਾ ਹੁੰਦੀ ਐ ਪਰ ਜਦੋਂ ਕੌਮੀ ਪੱਧਰ ਦਾ ਸਵਾਲ ਖੜ੍ਹਾ ਹੁੰਦਾ ਤਾਂ ਫਿਰ ਜਨਮ, ਅਨੰਦ, ਮੌਤ, ਸੰਸਕਾਰਾਂ ਵਿਚ ਜਿਥੇ ਵੀ ਗੁਰੁਨਾਨਕ ਨਾਮ-ਲੇਵਾ ਸਿੱਖ ਵੱਸਦਾ, ਉਥੇ ਭਿੰਨਤਾ ਨਹੀਂ ਹੋਣੀ ਚਾਹੀਦੀ ਕਿਉਂਕਿ ਅੱਜਕਲ੍ਹ ਹਰ ਕੋਈ 'ਕਿਉਂ-ਕਿਵੇਂ' ਦਾ ਸਵਾਲ ਜ਼ਰੂਰ ਕਰਦਾ। ਜਿਵੇਂ ਕੋਈ ਸੱਸ ਕਹਿੰਦੇ, ਆਟਾ ਗੁੰਨ ਕੇ ਪਹਿਲਾ ਪੇੜਾ ਕੋਠੇ ਦੀ ਛੱਤ 'ਤੇ ਸਿੱਟਦੀ ਹੁੰਦੀ ਸੀ, ਪਰ ਨਵੀਂ-ਨਵੀਂ ਆਈ ਨੂੰਹ ਨੇ ਪੁੱਛ ਲਿਆ ਕਿ ਇਹਦਾ ਕੀ ਮਤਲਬ ਐ? ਸੱਸ ਪਤਾ ਅੱਗੋਂ ਕੀ ਕਹਿੰਦੀ?

**ਜਗਿਆਸੂ** – ਕੀ ਕਹਿੰਦੀ?

**ਭਾਈ ਭਰਮਤੋੜ ਸਿੰਘ** – ਕਹਿੰਦੀ, ਨੂੰਹ ਰਾਣੀ! ਤੇਰੇ ਵਾਂਗ ਮੈਂ ਵੀ ਆਪਣੀ ਸੱਸ ਨੂੰ ਪੁੱਛ ਬੈਠੀ ਸਾਂ, ਉਹ ਕਹਿੰਦੀ ਮੇਰੀ ਵੀ ਸੱਸ ਸਿੱਟਦੀ ਹੁੰਦੀ ਸੀ, ਇਸ ਕਰਕੇ ਹੁਣ ਤੂੰ ਵੀ ਸਿੱਟ ਦਿਆ ਕਰ, ਜੜ੍ਹ ਫੜ ਕੇ ਕੀ ਲੈਣਾਂ? ਏਸੇ ਤਰ੍ਹਾਂ ਸਾਡੇ ਇਨ੍ਹਾਂ ਸੰਸਕਾਰਾਂ ਦੇ ਨਾਲ ਕਈ ਫੋਕਟ ਰਸਮਾਂ ਵੀ ਸ਼ਾਮਲ ਹੋ ਗਈਆਂ ਜਿਨ੍ਹਾਂ ਨੂੰ ਤਿਆਗਣਾ ਵੀ ਜ਼ਰੂਰੀ ਐ....

**ਜਗਿਆਸੂ** – ਗੱਲ ਤਾਂ ਇਹ ਆ ਜੀ ਕਿ ਗੁਰੁਸਾਹਿਬਾਂ ਨੇ ਸਾਨੂੰ ਗਿਆਨ ਦਾ ਭੰਡਾਰ ਗੁਰਬਾਣੀ ਬਖਸ਼ੀ ਪਰ ਸਾਡੀ ਕੌਮ ਫਿਰ ਵੀ ਕਈ ਤਰ੍ਹਾਂ ਦੇ ਪਖੰਡਾਂ ਵਿਚ ਪੈ ਗਈ। ਕਈ ਤਾਂ ਬੱਚੇ ਦੇ ਜਨਮ ਲੈਣ ਤੋਂ ਪਹਿਲਾਂ ਹੀ ਪੰਜਾਹ ਥਾਈਂ ਸੁੱਖਣਾ ਸੁੱਖ ਲੈਂਦੇ ਆ ਤੇ ਫੇਰ ਪਾਂਧਿਆਂ-ਪੰਡਤਾਂ ਕੋਲੋਂ ਪੱਤਰੀਆਂ ਵੀ ਤਿਆਰ ਕਰਵਾ ਲੈਂਦੇ ਆ।

**ਭਾਈ ਭਰਮਤੋੜ ਸਿੰਘ** – ਵੇਖੋ, ਸਿੱਖ ਇੱਕ ਅਕਾਲ ਪੁਰਖ ਦਾ ਪੁਜਾਰੀ ਐ ਤੇ ਉਸ ਪ੍ਰਭੂ ਦਾ ਨਾਮ ਸਿਮਰਨਾ ਅਤੇ ਉਸ ਦੀ ਰਜ਼ਾ ਵਿਚ ਰਹਿਣਾ ਗੁਰੁਸਾਹਿਬਾਂ ਦਾ ਉਪਦੇਸ਼ ਐ। ਫ਼ਰਮਾਨ ਹੈ : "ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥" ਜੇ ਪਰਮੇਸ਼ਰ ਦੀ ਦਾਤ ਐ ਤਾਂ ਫਿਰ ਉਸ ਦਾ ਹੀ ਸ਼ੁਕਰਾਨਾ ਕਰਨਾ ਚਾਹੀਦਾ ਹੈ। ਇਸ ਵਿਚ ਪਾਂਪੇ-ਪੱਤਰੀਆਂ ਜਾਂ ਫੂਕਾਂ-ਫਾਂਡਿਆਂ ਦਾ ਕੀ ਕੰਮ?

**ਜਗਿਆਸੂ** – ਓ ਕਈ ਤਾਂ ਜੀ ਦਿਨਾਂ ਵਾਰਾਂ ਦੀਆਂ ਗਿਣਤੀਆਂ-ਮਿਣਤੀਆਂ ਵਿਚ ਈ ਪਏ ਰਹਿੰਦੇ ਆ ਤੇ ਕਈ ਸੂਤਕ-ਪਾਤਕ ਨੂੰ ਬਹੁਤ ਮੰਨਦੇ ਆ....

**ਭਾਈ ਭਰਮਤੋੜ ਸਿੰਘ** – ਬਈ ਦਿਨਾਂ-ਦਿਹਾਰਾਂ ਦਾ ਭਰਮ ਕਰਨਾ, ਗੁਰਮਤਿ ਵਿਚ ਪਖੰਡ ਮੰਨਿਆ ਐਂ ਤੇ ਸੂਤਕ-ਪਾਤਕ ਬਾਰੇ ਗੁਰੁਸਾਹਿਬ ਫ਼ੁਰਮਾਉਂਦੇ ਹਨ :

**ਮਨਮੁਖਿ ਸੂਤਕੁ ਕਬਹਿ ਨ ਜਾਇ ॥**

**ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ ॥** (ਪੰਨਾ 229)

**ਜਗਿਆਸੂ** – ਉਂਜ ਸੂਤਕ-ਪਾਤਕ ਹੁੰਦਾ ਕੀ ਐ?

**ਭਾਈ ਭਰਮਤੋੜ ਸਿੰਘ** – ਜਨਮ ਤੇ ਮਰਨ ਸਮੇਂ ਵਰਨਾਂ ਦਾ ਭੇਦ ਕਰਕੇ ਹਿੰਦੂਧਰਮ ਸ਼ਾਸਤਰਾਂ ਦਾ ਥਾਪੀ ਹੋਈ ਅਸ਼ੁੱਧੀ ਦਾ ਨਾਉਂ ਸੂਤਕ-ਪਾਤਕ ਐ। ਅਖੇ ! ਬ੍ਰਾਹਮਣ ਦੇ 12 ਦਿਨ, ਛੱਤ੍ਰੀ ਦੇ 13 ਦਿਨ, ਵੈਸ਼ਯ ਦੇ 17 ਦਿਨ ਤੇ ਸ਼ੂਦਰ ਤੇ 30 ਦਿਨ ਅਸ਼ੁੱਧੀ ਰਹਿੰਦੀ ਐ। ਹੁਣ ਗੁਰਮਤਿ ਵਿਚ ਸੂਤਕ-ਪਾਤਕ ਕੀ, ਵਰਨ ਭੇਦ ਦਾ ਵਿਤਕਰਾ ਵੀ ਨਹੀਂ ਐ।

**ਜਗਿਆਸੂ** – ਭਾਈ ਸਾਹਿਬ ਜੀ, ਸਿੱਖ ਰਹਿਤ ਮਰਯਾਦਾ ਵਿਚ ਬੱਚੇ ਦੇ ਜਨਮ ਤੇ ਨਾਮ-ਸੰਸਕਾਰ ਸੰਬੰਧੀ ਕੀ ਲਿਖਿਆ ਐ?

**ਭਾਈ ਭਰਮਤੋੜ ਸਿੰਘ** – ਉਸ ਵਿਚ ਦਰਜ ਹੈ ਕਿ ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ਜਦ ਮਾਤਾ ਉੱਠਣ-ਬੈਠਣ ਤੇ ਇਸ਼ਨਾਨ ਕਰਨ ਦੇ ਯੋਗ ਹੋਵੇ ਤਾਂ ਟੱਬਰ ਤੇ ਸੰਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦ ਲੈ ਕੇ ਜਾਣ ਜਾਂ ਕਰਾਉਣ। ਇਸ ਵਿਚ ਦਿਨਾਂ ਦੀ ਕੋਈ ਗਿਣਤੀ-ਮਿਣਤੀ ਨਹੀਂ ਅਤੇ ਗੁਰੂਜੀ ਦੇ ਹਜ਼ੂਰ "ਪਰਮੇਸਰਿ ਦਿਤਾ ਬੰਨਾ", "ਸਤਿਗੁਰ ਸਾਚੈ ਦੀਆਂ ਭੇਜਿ" ਆਦਿ ਖੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ। ਉਪਰੰਤ ਜੇਕਰ ਗੁਰੂਗ੍ਰੰਥ ਸਾਹਿਬ ਜੀ ਦਾ ਪਾਠ ਰਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ ਅਤੇ ਫਿਰ ਵਾਕ ਲਿਆ ਜਾਵੇ।

**ਜਗਿਆਸੂ** – ਫੇਰ ਜੀ ਬੱਚੇ ਦਾ ਨਾਮ ਕਿਵੇਂ ਰੱਖਣਾ?

**ਭਾਈ ਭਰਮਤੋੜ ਸਿੰਘ** – ਅੱਗੇ ਵੀ ਸੁਣ ਕਿ ਵਾਕ ਦੇ ਆਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ। ਲੜਕੇ ਦੇ ਨਾਉਂ ਪਿੱਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਮ ਪਿੱਛੇ 'ਕੌਰ' ਸ਼ਬਦ ਲਗਾਇਆ ਜਾਵੇ। ਉਪਰੰਤ ਅਨੰਦ ਸਾਹਿਬ (ਛੇ ਪਉੜੀਆਂ) ਮਗਰੋਂ ਬੱਚੇ ਦੇ ਨਾਮ ਸੰਸਕਾਰਾਂ ਦੀ ਖੁਸ਼ੀ ਦਾ ਯੋਗ ਸ਼ਬਦਾਂ ਵਿਚ ਅਰਦਾਸਾ ਕਰ ਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ।

**ਜਗਿਆਸੂ** – ਸਾਡੇ ਸਮਾਜ ਦਾ ਇਕ ਫੈਸ਼ਨ ਵੀ ਬਣ ਗਿਆ ਕਿ ਇੱਕ ਵਾਰੀ ਤਾਂ ਨਾਮ ਰੱਖਣਗੇ ਪੂਰਾ, ਫੇਰ ਅਧੂਰਾ ਨਾਮ ਲੈਣਗੇ ਟੀਟੂ, ਬੀਟੂ, ਰਿੰਕੂ, ਟਿੰਕੂ ਤੇ ਫੇਰ ਸਾਰੀ ਉਮਰ ਪੂਰੇ ਨਾਮ ਨਾਲ ਕੋਈ ਬੁਲਾਉਂਦਾ ਹੀ ਨਹੀਂ ਉਹਨੂੰ।

**ਭਾਈ ਭਰਮਤੋੜ ਸਿੰਘ** – ਇਹ ਛੋਟੇ ਨਾਉਂ ਬਚਪਨ ਵਿਚ ਤਾਂ ਚੰਗੇ ਲਗਦੇ ਆ ਪਰ ਸਿਆਣੀ ਉਮਰੇ ਸ਼ੋਭਦੇ ਨਹੀਂ ਤੇ ਫਿਰ ਆਪਣੇ ਕਰਮ ਸਿਉਂ ਨੰਬਰਦਾਰ ਵਾਂਗੂੰ ਲੋਕੀਂ ਕਾਕਾ ਲੰਬੜਦਾਰ ਈ ਕਹਿੰਦੇ ਆ–ਭਾਵੇਂ ਉਹ ਬੁੱਢਾ ਹੋ ਗਿਆ। ਬਾਕੀ ਸਾਡੇ ਵਿਆਹ–ਸ਼ਗਨਾਂ ਦੇ ਕਾਰਡ ਵੇਖ ਲਉ, ਉਥੇ ਵੀ ਸਿੰਘ ਤੇ ਕੌਰ ਤੋਂ ਬਿਨਾਂ ਬਹੁਤੇ ਥਾਈਂ ਅਧੂਰਾ ਨਾਉਂ ਛਪਿਆ ਹੁੰਦਾ ਜੋ ਬਹੁਤ ਵੱਡੀ ਗਲਤੀ ਹੈ ਤੇ ਸਿੱਖ ਪਰਵਾਰ ਕਰੀ ਜਾ ਰਹੇ ਆ।

**ਜਗਿਆਸੂ** – ਕਈ ਪਰਵਾਰ ਗੁਰੂਗ੍ਰੰਥ ਸਾਹਿਬ ਦੇ ਰੁਮਾਲੇ ਤੋਂ ਬੱਚੇ ਨੂੰ ਚੋਲਾ ਬਣਾ ਕੇ ਪਾਉਂਦੇ ਨੇ, ਕੀ ਇਹ ਠੀਕ ਆ?

**ਭਾਈ ਭਰਮਤੋੜ ਸਿੰਘ** – ਵੇਖੋ, ਇਸ ਬਾਰੇ 'ਸਿੱਖ ਰਹਿਤ ਮਰਯਾਦਾ' ਵਿਚ ਵੀ ਦਰਜ ਐ ਕਿ ਗੁਰੂਗ੍ਰੰਥ ਸਾਹਿਬ ਜੀ ਦੇ ਰੁਮਾਲੇ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨਮੱਤ ਹੈ। ਇਸ ਕਰਕੇ ਸਿੱਖ ਪਰਵਾਰਾਂ ਨੂੰ ਐਸੀ ਮਨਮੱਤ ਨਹੀਂ ਕਰਨੀ ਚਾਹੀਦੀ।

**ਜਗਿਆਸੂ** – ਕਈ ਇਹ ਵੀ ਕਹਿੰਦੇ ਆ ਕਿ ਬੱਚੇ ਵੱਲ ਉਸ ਦੀ ਮਾਂ ਪਿੱਠ ਕਰਕੇ ਨਾ ਪਵੇ ਅਤੇ ਇਸ ਨਾਲ ਕਈ ਡਰਾਉਣੀਆਂ ਕਹਾਣੀਆਂ ਵੀ ਜੋੜੀਆਂ ਹੋਈਆਂ।

**ਭਾਈ ਭਰਮਤੋੜ ਸਿੰਘ** – ਇਹ ਕਹਾਣੀਆਂ ਪਿਛੇ ਅਸਲ ਭਾਵਨਾ ਇਹ ਸੀ ਕਿ ਮਾਂ ਬੱਚੇ ਦਾ ਪੂਰਾ ਖ਼ਿਅਲ ਰੱਖੇ ਕਿਉਂਕਿ ਅਨਭੋਲ ਬੱਚੇ ਦਾ ਹਰ ਸਮੇਂ ਖ਼ਿਆਲ ਰੱਖਣਾ ਜ਼ਰੂਰੀ ਐ। ਉਹ ਦੁੱਧ ਵੀ ਸਿੱਟਦਾ, ਟੱਟੀ–ਪਿਸ਼ਾਬ ਵੀ ਕਰਦਾ, ਮੱਛਰ–ਮੱਖੀ ਤੋਂ ਵੀ ਬਚਾਉਣਾ, ਗਰਮੀ–ਸਰਦੀ ਤੋਂ ਵੀ ਬਚਾਅ ਕਰਨਾ ਆਦਿ ਇਨ੍ਹਾਂ ਗੱਲਾਂ ਪ੍ਰਤੀ ਥੋੜ੍ਹੀ ਜਿਹੀ ਅਣਗਹਿਲੀ ਵੱਡੀ ਬਿਮਾਰੀ ਜਾਂ ਕਸ਼ਟ ਦਾ ਕਾਰਨ ਬਣ ਜਾਂਦੀ ਆ।

**ਜਗਿਆਸੂ** – ਪਰ ਹੁਣ ਤਾਂ ਜੀ ਵੇਖ ਲਓ ਹਸਪਤਾਲਾਂ ਵਿਚ ਕੋਈ ਇਹਨਾਂ ਗੱਲਾਂ ਦੀ ਵਿਚਾਰ ਨਹੀਂ ਕਰਦਾ।

**ਭਾਈ ਭਰਮਤੋੜ ਸਿੰਘ** – ਉਹ ਏਸ ਲਈ ਕਿ ਇਲਾਜ, ਖੋਜ ਤੇ ਸਮੇਂ ਦਾ ਦੌਰ ਬਦਲ ਗਿਐ। ਹੁਣ ਜਦੋਂ ਜੰਮਦਿਆਂ ਨੂੰ ਕਈ ਤਰ੍ਹਾਂ ਦੀਆਂ ਦਵਾਈਆਂ ਤੇ ਟੀਕੇ ਲੱਗ ਜਾਂਦੇ ਆ ਤਾਂ ਦੇਸੀ ਓਹੜ–ਪੋਹੜ ਦੀ ਲੋੜ ਆਪੇ ਈ ਘਟ ਗਈ।

**ਜਗਿਆਸੂ** – ਇਕ ਗੱਲ ਤਾਂ ਰਹਿ ਈ ਗਈ ਕਿ ਪਿੰਡਾਂ ਵਿਚ ਰੋਂਦੇ ਬੱਚੇ ਨੂੰ ਬਿਨਾਂ ਕਾਰਨ ਸਮਝੇ ਈ ਕਈ ਬਾਬਿਆਂ ਕੋਲ ਤਵੀਤ ਤੇ ਜਲ ਕਰਾਉਣ ਤੁਰ ਪੈਂਦੇ ਆ ਜਾਂ ਲਾਲ ਮਿਰਚਾਂ ਵਾਰਨਗੇ ਕਿ ਫਲਾਣੇ ਦੀ ਨਜ਼ਰ ਲੱਗ ਗਈ ਹੋਣੀ ਆਂ। ਇਸ ਵਿਚ ਕੋਈ ਸਚਾਈ ਹੈਗੀ ਆ?

**ਭਾਈ ਭਰਮਤੋੜ ਸਿੰਘ** – ਦੇਖੋ! ਛੋਟਾ ਬੱਚਾ ਬੋਲ ਤੇ ਸਕਦਾ ਨਹੀਂ ਤੇ ਨਾ ਈ ਸਮਝਾ ਸਕਦੈ। ਹੁਣ ਜੇ ਉਹ ਭੁੱਖਾ ਹੋਵੇ ਜਾਂ ਦੁੱਧ ਈ ਜ਼ਿਆਦਾ ਚੁੰਘ ਜਾਏ ਜਾਂ ਕੋਈ ਹੋਰ ਤਕਲੀਫ ਹੋਵੇ ਤਾਂ ਸਿਰਫ ਪ੍ਰੇਸ਼ਾਨ ਹੋ ਕੇ ਰੋ ਈ ਸਕਦਾ ਆ। ਸਾਡੇ ਲੋਕ ਬਿਨਾਂ ਸਮਝੇ ਬੁਰੀ ਰੂਹ ਜਾਂ ਨਜ਼ਰ ਦੀ ਕਲਪਨਾ ਕਰ ਲੈਂਦੇ ਆ ਤੇ ਭਰਮਾਂ 'ਚ ਪੈ ਕੇ ਪਾਖੰਡੀ ਬਾਬਿਆਂ ਤੋਂ ਧਾਗੇ, ਤਵੀਤ ਜਾਂ ਪਾਣੀ ਕਰਾਉਣ ਤੁਰ ਪੈਂਦੇ ਆ ਜਦ ਕਿ ਇਹਦੇ ਪਿੱਛੇ ਕਾਰਨ ਬੱਚੇ ਦੀ ਸਰੀਰਕ ਪ੍ਰੇਸ਼ਾਨੀ ਹੁੰਦੀ

ਆ। ਪਹਿਲਾਂ-ਪਹਿਲ ਬੱਚੇ ਨੂੰ ਲੰਮੇ ਸਮੇਂ ਤਕ ਰਾਹ ਖਹਿੜੇ ਨਹੀਂ ਸੀ ਲਿਜਾਣ ਦਿੱਤਾ ਜਾਂਦਾ, ਏਥੋਂ ਤਕ ਕਿ ਪਹਿਲਾ ਬੱਚਾ ਤਿੰਨ ਜਾਂ ਛੇ ਮਹੀਨੇ ਦਾ ਨਾਨਕੀ ਹੀ ਹੋ ਜਾਂਦਾ ਸੀ ਤੇ ਬਾਅਦ ਵਿਚ ਲੜਕੀ ਸਹੁਰੇ ਘਰ ਲਿਜਾਂਦੀ ਸੀ ਕਿਉਂਕਿ ਛੋਟੇ ਬੱਚੇ ਨੂੰ ਹਰ ਕੋਈ ਚੁੱਕਣ, ਚੁੰਮਣ ਤੇ ਖਿਡਾਉਣ ਲਈ ਉਤਾਵਲਾ ਹੁੰਦਾ। ਇਸ ਲਈ ਡਰ-ਭਉ ਪਾ ਕੇ ਬੱਚੇ ਨੂੰ ਲੰਮੇ ਸਮੇਂ ਤਕ ਸੀਮਤ ਦਾਇਰੇ ਵਿਚ ਰੱਖਿਆ ਜਾਂਦਾ ਸੀ। ਉਹਦੇ ਚੁੰਮਣ, ਖਿਡਾਉਣ, ਵਰਾਉਣ ਸੰਬੰਧੀ ਵਿਚਾਰਾਂ ਵੀ ਬੱਚੇ ਦੀ ਸੁਰੱਖਿਆ ਨੂੰ ਮੁੱਖ ਰੱਖ ਕੇ ਬਣਾਈਆਂ ਗਈਆਂ ਸੀ।

**ਜਗਿਆਸੂ** – ਉਂ ਭਾਵੇ ਮਨੁੱਖ ਜਿੰਨੀ ਮਰਜ਼ੀ ਤਰੱਕੀ ਕਰ ਗਿਆ ਪਰ ਮੁੰਡੇ-ਕੁੜੀ ਦੇ ਜਨਮ ਦੀਆਂ ਰਸਮਾਂ ਪ੍ਰਤੀ ਤੇ ਖ਼ਾਸ ਕਰਕੇ ਲੜਕੀ ਦੇ ਜਨਮ ਦਾ ਵਿਤਕਰਾ ਸਾਡੇ ਸਮਾਜ ਨੇ ਹਾਲੇ ਤਕ ਨਹੀਂ ਛੱਡਿਆ। ਪਹਿਲੇ ਸਮਿਆਂ ਵਿਚ ਤਾਂ ਲੜਕੀ ਜੰਮੀ ਹੋਈ ਨੂੰ ਮਾਰਦੇ ਸੀ ਪਰ ਹੁਣ ਜਨਮ ਲੈਣ ਤੋਂ ਪਹਿਲਾਂ ਈ ਮਾਰ ਦਿੰਦੇ ਐ...

**ਭਾਈ ਭਰਮਤੋੜ ਸਿੰਘ** – ਇਹ ਪਿਆਰਿਆ! ਸਾਡਾ ਸੱਭਿਆਚਾਰ ਈ ਐਸਾ ਬਣ ਗਿਆ ਕਿ ਧੀ ਨੂੰ ਹਮੇਸ਼ਾ ਬਗਾਨਾ ਧਨ ਈ ਸਮਝਿਆ ਗਿਆ ਤੇ ਮੁੰਡੇ ਨੂੰ ਪੀੜ੍ਹੀ ਜਾਂ ਖਾਨਦਾਨ ਦਾ ਵਾਰਸ। ਇਸ ਪਿੱਛੇ ਮਨੋਵਿਗਿਆਨਕ ਕਾਰਨ ਵੀ ਸਨ ਕਿ ਪੁਰਾਤਨ ਸਮੇਂ ਤੋਂ ਧਾੜਵੀਆਂ ਦੀਆਂ ਲੁੱਟਾਂ ਤੇ ਭਾਰਤੀ ਇਸਤਰੀਆਂ ਦੀ ਬੇਪਤੀ, ਜਨਤਾ ਦੀ ਕਾਇਰਤਾ ਤੇ ਕਿਰਸਾਨੀ ਕਿੱਤੇ ਵਿਚ ਜਾਂ ਹੋਰਨਾਂ ਕਿੱਤਿਆ ਵਿਚ ਬੰਦੇ ਦੀ ਜ਼ਰੂਰਤ, ਪਿਓ ਦਾ ਹੱਥ ਵਟਾਉਣਾ ਤੇ ਉਹਦੇ ਮਰਨ ਦੀ ਰਸਮ ’ਤੇ ਮੁੰਡੇ ਦਾ ਨਾ ਹੋਣਾ ਮੁਕਤੀ ਵਿਚ ਰੁਕਾਵਟ ਸਮਝਣਾ ਤੇ ਹੋਰ ਕਈ ਕਾਰਨਾਂ ਨੇ ਕੁੜੀ ਦੇ ਜੰਮਣ ਨੂੰ ਮਨਹੂਸ ਸਮਝ ਛੱਡਿਆ।

**ਜਗਿਆਸੂ** – ਪਰ ਹੁਣ ਤਾਂ ਜੀ ਇਨ੍ਹਾਂ ਵਿਚ ਕੋਈ ਵੀ ਮਸਲਾ ਨਹੀਂ ਐਂ, ਫਿਰ ਵੀ ਲੜਕੀ ਦੇ ਜਨਮ ’ਤੇ ਸੋਗ ਕਿਉਂ?

**ਭਾਈ ਭਰਮਤੋੜ ਸਿੰਘ** – ਮਸਲੇ ਹੁਣ ਵੀ ਹਨ ਪਰ ਉਨ੍ਹਾਂ ਦਾ ਰੂਪ ਬਦਲ ਗਿਐ। ਅੱਜ ਵੀ ਦਾਜ-ਦਹੇਜ ਵਰਗੀਆਂ ਅਲਾਮਤਾਂ, ਸਹੁਰਿਆਂ ਵੱਲੋਂ ਨੂੰਹਾਂ ਸਾੜਨ ਦੀਆਂ ਖ਼ਬਰਾਂ, ਬਲਾਤਕਾਰ ਵਰਗੀਆਂ ਕੋਝੀਆਂ ਹਰਕਤਾਂ, ਲੜਕੀ ਦੀ ਸਵੈ-ਸੁਰੱਖਿਆ ਤੇ ਵਧ ਰਹੀਆਂ ਕਈ ਸਮਾਜਕ ਬੁਰਾਈਆਂ ਮਾਨਸਿਕ ਤੌਰ ’ਤੇ ਮਾਂ-ਬਾਪ ਦੇ ਮਨਾਂ ਵਿਚ ਧੀਆਂ ਪ੍ਰਤੀ ਫ਼ਰਕ ਨਹੀਂ ਮਿਟਣ ਦਿੰਦੀਆਂ ਜਦਕਿ ਪੜ੍ਹਾਈ, ਨੌਕਰੀ ਤੇ ਲਿਆਕਤ ਵਿਚ ਅੱਜ ਲੜਕੀਆਂ, ਲੜਕਿਆਂ ਤੋਂ ਬਹੁਤ ਅੱਗੇ ਆ ਤੇ ਸਾਨੂੰ ਇਹ ਵਿਤਕਰਾ ਬਿਲਕੁਲ ਨਹੀਂ ਕਰਨਾ ਚਾਹੀਦਾ।

**ਜਗਿਆਸੂ** – ਇਕ ਜੀ ਆਹ ਧਮਾਣ, ਛਟੀ ਜਾਂ ਦਸਤਾਰਬੰਦੀ ਦੀਆਂ ਰਸਮਾਂ ਵੇਖਾ-ਵੇਖੀ ਬਣਾ ਲਈਆਂ ਐਂ। ਇਨ੍ਹਾਂ ਦੀ ਕੀ ਜ਼ਰੂਰਤ ਆ?

**ਭਾਈ ਭਰਮਤੋੜ ਸਿੰਘ** – ਵੇਖੋ ਧਮਾਣ ਜਾਂ ਛਟੀ, ਧਨ-ਮਾਣ ਦੀ ਪ੍ਰਦਰਸ਼ਨੀ ਆਂ। ਬੱਚੇ ਦੇ ਜਨਮ ਦਾ ਸ਼ੁਕਰਾਨਾ ਗੁਰਬਾਣੀ ਦੇ ਜਾਪ ਜਾਂ ਕੀਰਤਨ ਨਾਲ ਹੋ ਸਕਦਾ, ਪਰ ਬਾਅਦ ਵਿਚ ਸ਼ਰਾਬਾਂ-ਕਬਾਬਾਂ ਦਾ ਵਰਤਣਾਂ ਜਾਂ ਗਾਉਣ

ਵਾਲੀ ਦਾ ਅਖਾੜਾ ਇਹ ਸਭ ਪੈਸੇ ਵਾਲਿਆਂ ਦੀਆਂ ਖੇਡਾਂ ਐਂ! ਏਸੇ ਤਰ੍ਹਾਂ ਦਸਤਾਰਬੰਦੀ ਦੀ ਰਸਮ ਬਣ ਗਈ ਆ, ਹਲਾਂ ਕਿ ਜਦ ਬੱਚਾ ਪੱਗ ਬੰਨ੍ਹਣ ਦੇ ਯੋਗ ਹੋ ਜਾਵੇ ਤਾਂ ਉਹਨੂੰ ਪੱਗ ਲੈ ਦੇਣੀ ਚਾਹੀਦੀ ਐ। ਇਹਦੇ ਲਈ ਵੱਡੇ-ਵੱਡੇ ਅਡੰਬਰਾਂ 'ਤੇ ਖਰਚੇ ਕਰਨ ਦੀ ਕੋਈ ਲੋੜ ਨਹੀਂ ਐ। ਪਰ ਸਾਡੇ ਸਮਾਜਕ ਵਿਖਾਵੇ ਨੇ ਬਹੁਤ ਸਾਰੀਆਂ ਫਜ਼ੂਲ ਰੀਤਾਂ-ਰਸਮਾਂ ਨੂੰ ਜਨਮ ਦੇ ਦਿੱਤੈ ਜੋ ਸਿੱਖ ਪੰਥ ਨੂੰ ਤਿਆਗਣੀਆਂ ਚਾਹੀਦੀਆਂ।

**ਜਗਿਆਸੂ** – ਵਾਹ ਭਾਈ ਸਾਹਿਬ ਜੀ! ਤੁਹਾਡੀ ਗੱਲ ਦਾ ਤੱਤਸਾਰ ਇਹ ਐ ਕਿ ਸਿੱਖ ਨੂੰ ਪਰਮਾਤਮਾ 'ਤੇ ਭਰੋਸਾ ਅਤੇ ਗੁਰਬਾਣੀ ਪ੍ਰਤੀ ਵਿਚਾਰ, ਅਮਲ ਤੇ ਪੂਰਨ ਵਿਸ਼ਵਾਸ ਕਰਕੇ 'ਸਿੱਖ ਰਹਿਤ ਮਰਯਾਦਾ' ਅਨੁਸਾਰ ਬੱਚੇ ਦਾ 'ਜਨਮ ਤੇ ਨਾਮ ਸੰਸਕਾਰ' ਕਰਨਾ ਚਾਹੀਦਾ ਤੇ ਬਾਕੀ ਦੀਆਂ ਫਜ਼ੂਲ ਰੀਤਾਂ-ਰਸਮਾਂ ਨੂੰ ਤਿਆਗ ਦੇ ਸਾਦ-ਮੁਰਾਦਾ ਤੇ ਵਿਖਾਵੇ ਤੋਂ ਰਹਿਤ ਜੀਵਨ ਜੀਣਾ ਚਾਹੀਦਾ ਐ। ਤੁਸੀਂ ਮੇਰੇ ਮਨ ਦੇ ਕਈ ਸ਼ੰਕੇ ਤੇ ਭਰਮ ਦੂਰ ਕੀਤੇ-ਤੁਹਾਡਾ ਧੰਨਵਾਦ ਭਾਈ ਸਾਹਿਬ ਜੀ।

✦✦✦✦✦

# ਚਰਚਾ – ਬਾਰ੍ਹਵੀਂ

## ਸਿੱਖਾਂ ਨੂੰ ਅਨੰਦ-ਕਾਰਜ ਦੀ ਗੁਰਮਤਿ ਰੀਤ ਹੀ ਨਿਭਾਉਣੀ ਚਾਹੀਦੀ ਐ, ਅਣਮੱਤੀਆਂ ਦੇ ਪਿਛਲੱਗ ਨਹੀਂ ਬਣਨਾ ਚਾਹੀਦਾ!

**ਜਗਿਆਸੂ** – ਕਿਉਂ ਭਾਈ ਸਾਹਿਬ ਜੀ! ਅੱਜਕਲ੍ਹ ਕਈ ਸਿੱਖ ਪਰਵਾਰਾਂ ਵਿਚ ਵੀ 'ਅਨੰਦ ਸੰਸਾਕਾਰ' ਸਮੇਂ ਬੜਾ ਕੁਝ ਗ਼ਲਤ ਮਲਤ ਹੁੰਦੈ!

**ਭਾਈ ਭਰਮਤੋੜ ਸਿੰਘ** – ਭਲਾ ਕਿਉਂ ਹੁੰਦੈ, ਇਹ ਵੀ ਸੋਚਿਆ ਜੇ ਕਦੇ?

**ਜਗਿਆਸੂ** – ਤੁਸੀਂ ਦੱਸੋ?

**ਭਾਈ ਭਰਮਤੋੜ ਸਿੰਘ** – ਇਹ ਇਸ ਕਰਕੇ ਕਿ ਜਦੋਂ ਸਿੱਖ, ਗੁਰਮਤਿ ਵਿਸਾਰ ਕੇ ਮਨਮੱਤੀਏ ਬਣ ਗਏ ਤੇ ਦੂਜਾ, ਧਾਰਮਕ ਜਥੇਬੰਦੀਆਂ ਅਤੇ ਗੁਰੂਕੇ ਵਜ਼ੀਰਾਂ ਨੇ 'ਸਿੱਖ ਰਹਿਤ ਮਰਯਾਦਾ' 'ਤੇ ਪਹਿਰਾ ਨਹੀਂ ਦਿੱਤਾ ਤਾਂ ਗਲਤ ਮਲਤ ਹੋਣਾ ਈ ਸੀ। ਸਭ ਤੋਂ ਵੱਡਾ ਅੜਿੱਕਾ ਹੈ ਸਾਡੀ ਗੁਰਮਤਿ ਪ੍ਰਤੀ ਅਗਿਆਨਤਾ ਦਾ ਹੋਣਾ। ਅਨੰਦ ਸੰਸਕਾਰ ਬਾਰੇ ਰਹਿਤ ਮਰਯਾਦਾ ਦੇ ਬਾਈ ਤੋਂ ਚੌਵੀ ਪੰਨੇ ਤਕ ਸੰਪੂਰਨ ਵੇਰਵਾ ਹੈ ਜੇ ਕੋਈ ਪੜ੍ਹੇ ਤਾਂ...

**ਜਗਿਆਸੂ** – ਇਕ ਤਾਂ ਸਾਡੇ ਮੁੰਡੇ-ਕੁੜੀ ਦੇ ਵਿਆਹ ਦੀਆਂ ਰਸਮਾਂ ਈ ਐਨੀਆਂ ਕੁ ਬਣਾ ਲਈਆਂ ਕਿ ਪਹਿਲਾਂ ਵੇਖ-ਵਿਖਾਲਾ, ਫਿਰ ਠਾਕਾ, ਫਿਰ ਸ਼ਗਨ, ਫਿਰ ਅਨੰਦ ਤੇ ਏਸ ਸਭ ਕਾਸੇ ਉਤੇ ਅੰਨ੍ਹਾ ਫ਼ਜ਼ੂਲ ਖਰਚਾ। ਆਹ

ਜਿਹੜੇ ਤਾਂ ਸਰਦੇ-ਪੁੱਜਦੇ ਆ ਉਨ੍ਹਾਂ ਨੂੰ ਤਾਂ ਪੈਸਾ ਉਜਾੜਨ ਨੂੰ ਥਾਂ ਚਾਹੀਦਾ। ਪਰ ਕਈ ਮੇਰੇ ਵਰਗੇ ਹਮਾਤੜ ਵੇਖਾ-ਵੇਖੀ ਅੱਡੀਆਂ ਚੱਕ ਕੇ ਫਾਹਾ ਲੈ ਲੈਂਦੇ ਆ ਤੇ ਫੇਰ ਸਾਰੀ ਉਮਰ ਮੁੰਡੇ-ਕੁੜੀ ਦੇ ਵਿਆਹ ਦਾ ਕਰਜ਼ਾ ਲਾਹੁੰਦੇ ਈ ਮਰ ਜਾਂਦੇ ਆ....

**ਭਾਈ ਭਰਮਤੋੜ ਸਿੰਘ** – ਉਹੀ ਗੱਲ! ਕਿਸੇ ਨੇ ਕਿਸੇ ਕੁੜੀ ਦੇ ਬਾਪ ਨੂੰ ਪੁੱਛਿਆ ਕਿ ਕੁੜੀ ਦਾ ਅਨੰਦ ਕਾਰਜ ਕਦੋਂ ਆ ਤਾਂ ਉਹ ਅੱਗੋਂ ਫ਼ਜ਼ੂਲ ਰਸਮਾਂ ਤੇ ਖਰਚਿਆਂ ਦਾ ਸਤਾਇਆ ਅੱਕ ਕੇ ਕਹਿੰਦਾ ਕਿ ਅਨੰਦ-ਅਨੁੰਦ ਕਾਹਦਾ, ਅਸੀਂ ਤਾਂ ਮਜ਼ਬੂਰੀ 'ਚ ਕਾਰਜ ਈ ਮਸਾਂ ਕਰਨਾਂ, ਕਿਉਂਕਿ ਸਾਰਾ ਟੱਬਰ ਸੂਲੀ 'ਤੇ ਚੜ੍ਹਿਆ ਹੋਇਐ...

**ਜਗਿਆਸੂ** – ਬਿਲਕੁਲ ਜੀ, ਅਨੰਦ ਦੀ ਮਰਯਾਦਾ ਨੂੰ ਫ਼ਜ਼ੂਲ ਰਸਮਾਂ-ਰੀਤਾਂ ਨੇ ਏਨਾ ਕੁ ਜਕੜ ਲਿਆ ਕਿ ਲੈਣ-ਦੇਣ ਤੇ ਦਾਜ-ਦਹੇਜ ਦੀ ਭੁੱਖ ਨੇ ਇਹਨੂੰ ਅਨੰਦ ਦਾ ਕਾਰਜ ਨਹੀਂ ਸਗੋਂ ਫ਼ਜ਼ੂਲ ਰਸਮਾਂ ਦਾ ਗ਼ੁਲਾਮ ਕਾਰਜ ਬਣਾ ਦਿਤਾ ਹੈ।

**ਭਾਈ ਭਰਮਤੋੜ ਸਿੰਘ** – ਵੇਖ ਪਿਆਰਿਆ, ਦਾਜ ਦਹੇਜ ਪੁਰਾਤਨ ਸਮੇਂ ਤੋਂ ਹੀ ਲੜਕੀ ਦੇ ਮਾਪੇ ਆਪਣੀ ਸਮਰੱਥਾ ਮੁਤਾਬਿਕ ਦਿੰਦੇ ਆਏ ਆ ਕਿਉਂਕਿ ਇਹ ਨਵੇਂ ਗ੍ਰਹਿਸਤੀ ਜੀਵਨ ਦੀਆਂ ਸਧਾਰਨ ਲੋੜਾਂ ਮੁਤਾਬਕ ਹੁੰਦਾ ਸੀ। ਪਰ ਹੁਣ ਲਾਲਚੀ ਤੇ ਲੋਭੀ ਲੋਕਾਂ ਨੇ ਇਹਨੂੰ ਵਪਾਰ ਬਣਾ ਲਿਆ ਤੇ ਜਦੋਂ ਉਨ੍ਹਾਂ ਦੀ ਭੁੱਖ ਦੀ ਪੂਰਤੀ ਨਹੀਂ ਹੁੰਦੀ ਤਾਂ ਅਖਬਾਰ ਪੜ੍ਹਦੇ ਈ ਓ ਕਿ ਕਿੰਨੀਆਂ। ਸੱਜ-ਵਿਆਹੀਆਂ ਮੌਤ ਦੇ ਘਾਟ ਉਤਾਰ ਦਿੱਤੀਆਂ ਜਾਂਦੀਆਂ! ਐਸੇ ਲੋਭੀਆਂ ਨੂੰ ਭਾਵੇਂ ਸਮਾਜ ਲੱਖ ਲਾਹਨਤਾਂ ਪਾਉਂਦਾ ਪਰ ਜਿਥੇ ਇਕ ਅਬਲਾ ਦੀਆਂ ਖ਼ਾਹਸ਼ਾਂ ਜਾਂ ਸੱਧਰਾਂ ਦਾ ਕਤਲ ਹੋ ਰਿਹਾ ਹੋਵੇ ਉਥੇ ਐਸੇ ਲੋਕਾਂ ਦੇ ਜੀਵਨ ਜਾਂ ਅਨੰਦ-ਕਾਰਜਾਂ ਵਿਚ ਖ਼ੁਸ਼ੀ ਜਾਂ ਖੇੜਾ ਕਿਥੋਂ ਆ ਜਾਊ?

**ਜਗਿਆਸੂ** – ਤੁਹਾਡੀ ਗੱਲ ਬਿਲਕੁਲ ਠੀਕ ਆ। ਜਦੋਂ ਇਨਸਾਨ ਧਰਮ, ਇਖਲਾਕ ਤੇ ਇਨਸਾਨੀਅਤ ਦੇ ਫ਼ਰਜ਼ਾਂ ਤੋਂ ਗਿਰ ਜਾਏ ਤਾਂ ਐਸਾ ਕੁਝ ਈ ਵਾਪਰਦਾ। ਹੁਣ ਅਨੰਦ-ਸੰਸਕਾਰ ਬਾਰੇ ਗੱਲ ਕਰੀਏ ਤਾਂ ਕਈ ਸਿੱਖ ਵੀ ਅਜੇ ਸਾਹਾ ਕਢਾਉਂਦੇ ਐ, ਕਈ ਦਿਨਾਂ-ਦਿਹਾਰਾਂ, ਸਰਾਧਾਂ, ਹੋਲੀਆਂ ਦੀ ਵਿਚਾਰ ਕਰਦੇ ਐ, ਕੀ ਗੁਰਮਤਿ ਅਨੁਸਾਰ ਆਗਿਆ ਹੈ?

**ਭਾਈ ਭਰਮਤੋੜ ਸਿੰਘ** – ਇਸ ਸੰਬੰਧੀ ਤਾਂ ਰਹਿਤ ਮਰਯਾਦਾ ਵਿਚ ਵੇਰਵਾ ਹੈ ਕਿ ਅਨੰਦ ਦਾ ਦਿਨ ਮੁਕੱਰਰ ਕਰਨ ਲੱਗਿਆਂ ਕੋਈ ਥਿਤ-ਵਾਰ, ਚੰਗੇ- ਮੰਦੇ ਦਿਨ ਦੀ ਖੋਜ ਕਰਨ ਲਈ ਪੱਤਰੀ ਵਾਚਣਾ ਮਨਮੱਤ ਹੈ। ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਵਿਚ ਸਲਾਹ ਕਰਕੇ ਸੌਖ ਵਾਲਾ ਦਿੱਸੇ, ਨਿਯਤ ਕਰ ਲੈਣਾ ਚਾਹੀਏ।

**ਜਗਿਆਸੂ** – ਇਹ ਤਾਂ ਜੀ ਸਾਨੂੰ ਸਾਰਿਆਂ ਨੂੰ ਸਮਝਣਾ ਚਾਹੀਦਾ ਪਰ ਕੀ ਅਨੰਦ ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਐ?

**ਭਾਈ ਭਰਮਤੋੜ ਸਿੰਘ** – 'ਸਿੱਖ ਰਹਿਤ ਮਰਯਾਦਾ' ਅਨੁਸਾਰ ਅਨੰਦ ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ ਪਰ 'ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂਗ੍ਰੰਥ ਸਾਹਿਬ ਜੀ ਦੇ ਹਜ਼ੂਰ

ਅਰਦਾਸਾ ਸੋਧ ਕੇ ਇਕ ਕ੍ਰਿਪਾਨ, ਕੜਾ ਤੇ ਕੁਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ। ਪਰ ਆਹ ਫ਼ਜ਼ੂਲ ਖਰਚੇ ਤੇ ਰਸਮਾਂ ਦੀ ਲੋੜ ਨਹੀਂ ਐਂ।....

**ਜਗਿਆਸੂ** – ਫਿਰ ਕੀ ਵਿਆਹ ਦੇ ਲਈ ਕੋਈ ਉਮਰ ਦਾ ਬੰਧਨ ਹੈ?

**ਭਾਈ ਭਰਮਤੋੜ ਸਿੰਘ** – ਨਹੀਂ। ਜਦ ਲੜਕੀ ਸਰੀਰ, ਮਨ ਤੇ ਆਚਾਰ ਕਰਕੇ ਵਿਆਹ ਕਰਨ ਦੇ ਯੋਗ ਹੋ ਜਾਵੇ ਤਾਂ ਕਿਸੇ ਯੋਗ ਸਿੱਖ ਨਾਲ ਅਨੰਦ ਪੜ੍ਹਾਇਆ ਜਾਵੇ। ਸਿਰਫ ਲੜਕੀ-ਲੜਕੇ ਦਾ ਵਿਆਹ ਬਚਪਨ ਵਿਚ ਕਰਨਾ ਮਨ੍ਹਾਂ ਹੈ। ਸਿੱਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਈ ਹੋਵੇ ਤੇ ਅਨੰਦ ਰੀਤੀ ਨਾਲ ਕਰਨਾ ਚਾਹੀਏ।

**ਜਗਿਆਸੂ** – ਇਹਦਾ ਮਤਲਬ ਸਿੱਖ ਦਾ ਵਿਆਹ ਸਿੱਖ ਪਰਵਾਰ 'ਚ ਈ ਹੋਵੇ, ਕੀ ਅੰਤਰਜਾਤੀ ਵਿਆਹ ਨਹੀਂ ਹੋ ਸਕਦਾ?

**ਭਾਈ ਭਰਮਤੋੜ ਸਿੰਘ** – ਦੇਖ ਪਿਆਰਿਆ! ਸਫ਼ਲ ਗ੍ਰਹਿਸਤੀ ਜੀਵਨ ਦਾ ਆਧਾਰ ਮੁੱਖ ਰੂਪ 'ਚ ਇਹ ਛੇ ਲੱਛਣ ਹਨ : 'ਆਸ਼ਾ, ਇਸ਼ਟ, ਉਪਾਸ਼ਨਾ, ਖਾਨ, ਪਾਨ, ਪਹਿਰਾਣ।' ਇਹ ਸਿਆਣਿਆਂ ਨੇ ਤੱਤ ਕੱਢਿਆ ਕਿ ਜਿਥੇ ਇਹ ਛੇ ਲੱਛਣ ਮੀਆਂ-ਬੀਵੀ ਦੇ ਮਿਲਣ ਉਹ ਗ੍ਰਹਿਸਤ ਸਵਰਗ ਸਮਾਨ ਆਂ ਪਰ ਜੇ ਨਹੀਂ ਮਿਲਦੇ ਉਹ ਗ੍ਰਹਿਸਤ ਸਵਰਗ ਸਮਾਨ ਆਂ ਪਰ ਜੇ ਨਹੀਂ ਮਿਲਦੇ ਤਾਂ ਨਰਕ ਬਰਾਬਰ ਆ। ਤੂੰ ਤੇ ਭਾਈ ਅੰਤਰਜਾਤੀ ਵਿਆਹ ਦੀ ਗੱਲ ਕਰਦੈਂ, ਹੁਣ ਤਾਂ ਸਿੱਖ ਨੂੰ ਸਿੱਖ ਦੀ ਵੀ ਪੜਚੋਲ ਕਰਨੀ ਪਿਆ ਕਰੂਕਿਉਂਕਿ ਬਹੁਤੇ ਗੁਰਮਤਿ ਵਿਚਾਰਧਾਰਾ ਤੋਂ ਟੁੱਟ ਕੇ ਉਖੜੇ ਕੁਹਾੜੇ ਚਲਾਉਣ ਲੱਗ ਪਏ। ਕੋਈ ਨਾਮਧਾਰੀਆ, ਕੋਈ ਰਾਧਾ ਸੁਆਸੀ, ਕੋਈ ਨਿਰੰਕਾਰੀ, ਕੋਈ ਪਹਾੜਾਂ ਵਾਲਿਆਂ ਦਾ ਪੁਜਾਰੀ, ਕੋਈ ਕਬਰਾਂ-ਮੜ੍ਹੀਆਂ ਦਾ ਸ਼ਰਧਾਲੂ, ਕੋਈ ਆਰ.ਐੱਸ.ਐੱਸ. ਦਾ ਅਲੰਬਰਦਾਰ, ਕੋਈ ਦੇਹਧਾਰੀ ਡੇਰੇਦਾਰਾਂ ਦਾ ਪੂਜਕ ਤੇ ਹੋਰ ਵੀ ਬੜੇ। ਹੁਣ ਇਨ੍ਹਾਂ 'ਚ ਕਿਸੇ 'ਸਿੱਖ ਰਹਿਤ ਮਰਯਾਦਾ' ਨੂੰ ਮਨੰਣ ਵਾਲੇ ਮੁੰਡੇ-ਕੁੜੀ ਦਾ ਰਿਸ਼ਤਾ ਹੋ ਜਾਏ ਤਾਂ ਇਨ੍ਹਾਂ ਦਾ ਗਾਂ-ਸੂਰ ਦੀ ਬਾਤ ਵਾਂਗ ਸੁਭਾਅ ਥੋੜ੍ਹਾ ਮਿਲਣੈ? ਇਕ ਗਿੱਲੇ ਨੂੰ ਭੱਜੂ ਤੇ ਦੂਜਾ ਸੁੱਕੇ ਨੂੰ... ਇਸ ਲਈ ਜੇ ਇਹ ਛੇ ਲੱਛਣ ਮਿਲਦੇ ਐ ਤਾਂ ਈ ਹੋ ਸਕਦੈ....

**ਜਗਿਆਸੂ** – ਇਕ ਹੋਰ ਫੈਸ਼ਨ ਬਣ ਗਿਆ, ਸ਼ਗਨ-ਵਿਆਹ ਦੇ ਕਾਰਡਾਂ ਉਤੇ ਸਿੰਘ ਤੇ ਕੌਰ ਤੋਂ ਬਿਨਾਂ ਅਧੂਰਾ ਨਾਮ ਛਾਪਣ ਦਾ। ਅਖੇ 'ਸੁਰਜੀਤ ਵੈਡਜ਼ ਗੁਰਮੀਤ' ਨਾ ਪਤਾ ਲੱਗੇ ਬਈ ਮੁੰਡਾ ਕਿਹੜਾ ਤੇ ਕੁੜੀ ਕਿਹੜੀ ਤੇ ਫੇਰ ਆਪਣੀ ਜਾਤ-ਗੋਤ ਮੋਟੇ ਅੱਖਰਾਂ 'ਚ ਲਿਖਣਗੇ।

**ਭਾਈ ਭਰਮਤੋੜ ਸਿੰਘ** – ਸਿੰਘ ਤੇ ਕੌਰ ਦਸਮੇਸ਼ ਪਿਤਾ ਦਾ ਬਖਸ਼ਿਆ ਕਿਤਾਬ ਐ, ਇਸ ਤੋਂ ਬਿਨਾਂ ਸਿੱਖ-ਸਿੱਖਣੀ ਦਾ ਨਾਮ ਅਧੂਰਾ ਹੈ। ਜਦੋਂ ਅਸੀਂ ਸ਼ਗਨਾਂ ਦੇ ਕਾਰਡ ਛਪਾਉਣ ਲੱਗੇ ਹੀ ਆਪਣੇ ਗੁਰੂ ਤੋਂ ਬੇਮੁਖ ਹੋ ਜਾਨੇ ਆ ਤਾਂ ਬਾਕੀ ਰਸਮਾਂ ਵਿਚ ਭਲਾ ਗੁਰਮਤਿ ਨੂੰ ਕਿੰਨੀ ਕੁ ਪਹਿਲ ਦੇਵਾਂਗੇ? ਇਹ ਅਚਨਚੇਤ ਹੋ ਰਹੀ ਕੁਤਾਹੀ ਤੋਂ ਸਿੱਖ ਪਰਵਾਰਾਂ ਨੂੰ ਸੁਚੇਤ ਹੋਣਾ ਚਾਹੀਦਾ ਐ...

**ਜਗਿਆਸੂ** – ਹੋਰ ਸੁਣ ਲੋ! ਕੋਈ ਭਾਵੇਂ ਦਾਤਣ ਤੋਤਨ ਜੋਗੇ ਵੀ ਨਾ ਹੋਣ, ਪਰ ਘੋੜੀ ਚੜ੍ਹਨ ਲੱਗੇ ਬੇਰੀ ਜੰਡੀ ਵੱਢ ਕੇ, ਮੋਏ ਪਿੱਤਰ ਪੂਜ ਕੇ, ਚੱਪਣੀਆਂ ਭੰਨ੍ਹ ਕੇ ਤੇ ਹੋਰ ਸੌ ਪਖੰਡ ਕਰ ਕੇ ਜੰਞ ਚੜ੍ਹਦੇ ਆ...

**ਭਾਈ ਭਰਮਤੋੜ ਸਿੰਘ** – ਇਨ੍ਹਾਂ ਸਾਰੀਆਂ ਕਰਮ-ਕਾਂਡੀ ਰਸਮਾਂ ਪ੍ਰਤੀ 'ਸਿੱਖ ਰਹਿਤ ਮਰਯਾਦਾ' ਵਿਚ ਸਖ਼ਤ ਚਿਤਾਵਨੀ ਤੇ ਗਿਆਨ ਦਿੱਤਾ ਹੈ; ਬਈ 'ਸਿਹਰਾ, ਮੁਕਟ ਜਾਂ ਗਾਨਾ ਬੰਨ੍ਹਣਾ, ਪਿੱਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁੱਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ ਮਨਮੱਤ ਹੈ। ਇਸ ਲਈ ਜੇਕਰ ਕੋਈ ਸਿੱਖ ਹੋ ਕੇ ਐਸੇ ਕਰਮ-ਕਾਂਡ ਕਰਦਾ ਆ ਤਾਂ ਉਹਨੂੰ ਤਿਆਗਣੇ ਚਾਹੀਦੇ ਆ।...

**ਜਗਿਆਸੂ** – ਇਕ ਤਾਂ ਜੀ ਸਾਡੀ ਅਗਿਆਨਤਾ ਨੇ ਗਾਉਣ ਵਾਲੀਆਂ ਦੇ ਅਖਾੜੇ ਤੇ ਸ਼ਰਾਬਾਂ ਦੇ ਦੌਰ ਵਿਆਹਾਂ ਦੀ ਰਸਮ ਬਣਾ ਤੇ...

**ਭਾਈ ਭਰਮਤੋੜ ਸਿੰਘ** – ਓ ਭਾਈ ਜਦੋਂ ਕੋਈ ਗੰਦੇ ਗੀਤਾਂ ਨੂੰ ਸੱਭਿਆਚਾਰ ਤੇ ਜ਼ਹਿਰੀਲੀ ਚੀਜ਼ ਨੂੰ ਮਸਤੀ ਦੀ ਦਵਾਈ ਸਮਝੇ ਤਾਂ ਫਿਰ ਉਹਦਾ ਨਤੀਜਾ ਵੀ ਤਾਂ ਨਾਲ-ਨਾਲ ਭੁਗਤਣਾ ਈ ਪੈਂਦਾ ਤੇ ਬਹੁਤੇ ਭੁਗਤ ਵੀ ਰਹੇ ਆ। ਮਰਯਾਦਾ ਅਨੁਸਾਰ ਜਿੰਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਵਾਵੇ, ਓਨੇ ਹੀ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ। ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣਾ...

**ਜਗਿਆਸੂ** – ਕਈ ਥਾਈਂ ਤਾਂ ਜੀ ਗੁਰੂਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਲੜਕੇ-ਲੜਕੀ ਲਈ ਵੱਖਰਾ ਗਦੇਲਾ ਵਿਛਾ ਕੇ ਬਿਠਾਉਂਦੇ ਹਨ ਤੇ ਕਈ ਥਾਈਂ ਗ੍ਰੰਥੀ ਸਿੰਘ ਨਹੀਂ ਵਿਛਾਉਣ ਦਿੰਦੇ, ਕੀ ਇਹ ਠੀਕ ਐ?

**ਭਾਈ ਭਰਮਤੋੜ ਸਿੰਘ** – ਵੇਖੋ, ਸਿੱਖ ਸਿਧਾਂਤਾਂ ਅਨੁਸਾਰ ਸ੍ਰੀ ਗੁਰੂਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕਿਸੇ ਵੀ ਪ੍ਰਾਣੀ ਦਾ ਵਿਸ਼ੇਸ਼ ਗਦੇਲਾ ਜਾਂ ਆਪਣਾ ਆਸਣ ਲਾ ਕੇ ਬੈਠਣਾ ਮਨਮਤਿ ਹੈ। ਇਸ ਲਈ ਲਾੜੀ-ਲਾੜੇ ਨੂੰ ਨਿਮਰਤਾ ਨਾਲ ਸੰਗਤੀ ਰੂਪ ਵਿਚ ਬੈਠਣਾ ਹੀ ਸ਼ੋਭਦਾ ਹੈ।

**ਜਗਿਆਸੂ** – ਬਾਕੀ ਲਾਵਾਂ ਦੇ ਸ਼ਬਦ, ਪੱਲੇ ਦੀ ਰਸਮ, ਹੋਰ ਸ਼ਬਦ ਅਰਦਾਸ ਤਾਂ ਸਾਰਿਆਂ ਦੀ ਠੀਕ ਆ ਪਰ ਆਹ ਸਿਹਰਾ-ਸਿਖਿਆ ਪੜ੍ਹਨੀ ਕੋਈ ਜ਼ਰੂਰੀ ਐ?

**ਭਾਈ ਭਰਮਤੋੜ ਸਿੰਘ** – ਅੱਜਕਲ੍ਹ ਸਿਹਰੇ-ਸਿਖਿਆ ਪੜ੍ਹਨ ਦਾ ਰਿਵਾਜ ਕੁਝ ਘਟ ਗਿਆ ਜੇ ਪੜ੍ਹਦੇ ਵੀ ਆ ਤਾਂ ਇਸ ਦੀ ਕੋਈ ਅਹਿਮੀਅਤ ਨਹੀਂ ਕਿਉਂਕਿ ਸਿਹਰਾ ਗਾਉਣਾ ਫੋਕੀ ਨਾਵਾਂ ਦੀ ਲਿਸਟ ਹੁੰਦੀ ਆ ਤੇ ਸਿਖਿਆ ਵੀ ਬਹੁਤੀ ਥਾਈਂ ਦਸ-ਬਾਰ੍ਹਾਂ ਸਾਲ ਦੀ ਬਾਲੜੀ ਪੜ੍ਹ ਰਹੀ ਹੁੰਦੀ ਆ। ਕਈ ਵਾਰੀ ਵਿਆਹ ਵਾਲੀ ਲੜਕੀ ਬੀ.ਏ. ਪਾਸ ਹੁੰਦੀ ਆ ਤੇ ਸਿਖਿਆ ਸੁਣਾਉਣ ਵਾਲੀ ਪੰਜਵੀਂ ਫੇਲ੍ਹ ਹੁੰਦੀ ਆ। ਜਿਸ ਨੂੰ ਗ੍ਰਹਿਸਤੀ ਜੀਵਨ ਦੀ ਸਮਝ ਈ ਨਹੀਂ ਉਹਦੀ ਗ੍ਰਹਿਸਤੀ ਜੀਵਨ ਬਾਰੇ ਸਿਖਿਆ ਵੀ ਕੀ ਹੋਊ?

**ਜਗਿਆਸੂ** – ਇਹਦਾ ਮਤਲਬ ਇਨ੍ਹਾਂ ਦੀ ਕੋਈ ਜ਼ਰੂਰਤ ਨਹੀਂ....

**ਭਾਈ ਭਰਮਤੋੜ ਸਿੰਘ** – ਜ਼ਰੂਰਤ ਹੈ ਕਿ ਸਿਖਿਆ, ਗੁਰਮਤਿ ਦਾ ਧਾਰਨੀ ਵਿਦਵਾਨ ਤੇ ਗ੍ਰਹਿਸਤੀ ਦੇਵੇ ਜਾਂ ਗੁਰੂਦਾ ਵਜ਼ੀਰ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਤੇ ਗੁਰਬਾਣੀ ਦੇ ਅਨੁਸਾਰ ਪਤੀਬਰਤਾ ਧਰਮ ਤੇ ਇਸਤਰੀ ਧਰਮ ਬਾਰੇ ਲਾੜੇ-ਲਾੜੀ ਨੂੰ ਸੰਖੇਪ ਅਤੇ ਭਾਵਪੂਰਤ ਸ਼ਬਦਾਂ ਵਿਚ ਸਿੱਖਿਆ ਦੇਵੇ। ਇਹ ਵੀ ਸਮਝਾਇਆ ਜਾਵੇ ਕਿ ਕਈ ਪਤੀ-ਪਤਨੀ ਇਕ ਦੂਜੇ ਨੂੰ ਵੱਸ ਕਰਨ ਲਈ ਜੰਤਰਾਂ-ਮੰਤਰਾਂ, ਧਾਗੇ-ਟੂਣਿਆਂ, ਤਵੀਤ ਕਰਨ ਵਾਲੇ ਪਾਖੰਡੀਆਂ ਪਿੱਛੇ ਲੱਗ ਜਾਂਦੇ ਐ। ਤੁਸੀਂ ਅਸੀਂ ਮਨਮੱਤ ਨਹੀਂ ਕਰਨੀ। ਗੁਰੂ ਤੇ ਗੁਰਬਾਣੀ 'ਤੇ ਪੱਕਾ ਨਿਸ਼ਚਾ ਰੱਖਣਾ, ਗ੍ਰਹਿਸਤੀ ਧਰਮ ਪਾਲਣਾ ਦੋਨਾਂ ਦਾ ਫ਼ਰਜ਼ ਐ, ਜੇ ਅੰਮ੍ਰਿਤਧਾਰੀ ਨਹੀਂ ਹੋ ਤਾਂ ਅੰਮ੍ਰਿਤ ਛਕੋ ਤੇ ਗੁਰੂਵਾਲੇ ਬਣੋ।

**ਜਗਿਆਸੂ** – ਕਈ ਇਲਾਕਿਆਂ ਵਿਚ ਲਾੜੇ-ਲਾੜੀ ਦੇ ਬੈਠਿਆਂ ਦੀਆਂ ਹੀ ਚਾਰ ਲਾਵਾਂ ਪੜ੍ਹ ਦਿੰਦੇ ਆ ਤੇ ਪਰਦੱਖਣਾਂ ਨਹੀਂ ਕਰਦੇ। ਕੀ ਇਹ ਠੀਕ ਐ?

**ਭਾਈ ਭਰਮਤੋੜ ਸਿੰਘ** – ਮੈਂ ਪਹਿਲਾਂ ਕਿਹਾ ਕਿ ਅਜਿਹਾ ਵਾਪਰਨਾ ਸਾਡੀ ਕੌਮੀ ਅਣਗਹਿਲੀ ਕਰਕੇ ਹੈ। ਰਹਿਤ ਮਰਯਾਦਾ ਵਿਚ ਦਰਜ ਹੈ ਕਿ ਹਰੇਕ ਲਾਂਵ ਦਾ ਪਾਠ ਹੁਣ ਮਗਰੋਂ ਅੱਗੇ ਵਰ ਤੇ ਪਿੱਛੇ ਕੰਨਿਆਂ, ਵਰ ਦਾ ਪੱਲਾ ਫੜ ਕੇ ਸ੍ਰੀ ਗੁਰੂਗ੍ਰੰਥ ਸਾਹਿਬ ਜੀ ਦੀਆਂ ਚਾਰ ਪਰਕਰਮਾਂ ਕਰਨ ਤੇ ਪਰਕਰਮਾਂ ਦੇ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕਰਮ ਅਨੁਸਾਰ ਸੁਰ ਨਾਲ ਗਾਈ ਜਾਣ ਅਤੇ ਵਰ-ਕੰਨਿਆਂ ਹਰ ਇਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜ੍ਹੇ ਹੋ ਜਾਣ... ਪਰ ਖੜ੍ਹੇ ਹੋ ਕੇ ਲਾਂਵ ਦਾ ਪਾਠ ਸੁਣਨ ਦੀ ਰਸਮ ਕਦੀ ਵੇਖੀ ਨਹੀਂ ਐਂ....

**ਜਗਿਆਸੂ** – ਪਰ ਆਹ 'ਜੈ ਮਾਲਾ' ਪਾਉਣ ਦੀ ਰਸਮ ਤਾਂ ਕਈ ਸਿੱਖ ਪਰਵਾਰ ਵੀ ਵੇਖਾ-ਵੇਖੀ ਕਰਨ ਲੱਗ ਪਏ ਆ, ਇਹ ਠੀਕ ਆ ਕਿ ਗਲਤ?

**ਭਾਈ ਭਰਮਤੋੜ ਸਿੰਘ** – ਸਿੱਖਾਂ ਲਈ 'ਜੈ ਮਾਲਾ' ਦੀ ਰਸਮ ਬਿਲਕੁਲ ਗਲਤ ਐ। ਇਹ ਪ੍ਰਾਚੀਨ ਹਿੰਦੂਮੱਤ ਅਨੁਸਾਰ ਵਿਆਹ ਦੀ ਸੰਪੂਰਨ ਰੀਤੀ ਹੈ। ਰਾਜਕੁਮਾਰੀਆਂ ਸੁਅੰਬਰ ਵਿਚ ਜੁੜੇ ਚੋਣਵੇਂ ਰਾਜ ਕੁਮਾਰਾਂ 'ਚੋਂ ਕਿਸੇ ਇਕ ਦੇ ਗਲ ਵਿਚ 'ਜੈ ਮਾਲਾ' ਪਾ ਕੇ ਆਪਣੀ ਚੋਣ ਦਾ ਪ੍ਰਗਟਾਵਾ ਕਰਦੀਆਂ ਸਨ ਭਾਵ ਸੁਅੰਬਰ ਜਿੱਤਣ ਵਾਲੇ ਦੇ ਗਲ ਪਹਿਨਾਈ ਜਾਂਦੀ ਸੀ। ਇਸ ਲਈ ਐਸੀ ਰੀਤ ਨੂੰ ਗੁਰਮਤਿ ਵਿਚ ਕੋਈ ਥਾਂ ਨਹੀਂ। ਫੇਰ ਸਧਾਰਨ ਲੋਕਾਂ ਵਿਚ 'ਗੰਧਰਵ ਵਿਆਹ' ਦੀ ਰੀਤ ਪ੍ਰਚਲਤ ਸੀ। ਫੇਰ 'ਵੇਦੀ ਰਾਹੀਂ' ਲਾਵਾਂ ਦੀ ਰੀਤ ਪ੍ਰਚਲਤ ਹੋਈ। ਗੁਰਮਤਿ ਅਨੁਸਾਰ 'ਅਨੰਦ ਕਾਰਜ' ਇਨ੍ਹਾਂ ਸਭ ਰਸਮਾਂ ਤੋਂ ਨਿਆਰੀ ਰੀਤ ਹੈ। ਸਿੱਖਾਂ ਨੂੰ ਅਨੰਦ-ਕਾਰਜ ਦੀ ਗੁਰਮਤਿ ਰੀਤ ਹੀ ਨਿਭਾਉਣੀ ਚਾਹੀਦੀ ਐ, ਅਣਮੱਤੀਆਂ ਦੇ ਪਿਛਲੱਗ ਨਹੀਂ ਬਣਨਾ ਚਾਹੀਦਾ...!

**ਜਗਿਆਸੂ** – ਇਕ ਗੱਲ ਰਹਿਗੀ ਕਿ ਕਦੀ ਚੌਥੀ ਲਾਂਵ ਸਮੇਂ ਲੜਕੇ-ਲੜਕੀ 'ਤੇ ਫੁੱਲਾਂ ਦੀ ਵਰਖਾ ਕਰਦੇ ਐ, ਇਸ ਸਮੇਂ ਇਹ ਵਾਜਬ ਆ?

**ਭਾਈ ਭਰਮਤੋੜ ਸਿੰਘ** – ਵੇਖੋ! ਗੁਰੂਗ੍ਰੰਥ ਸਾਹਿਬ ਜੀ ਦੀ ਹਜ਼ੂਰ ਵਿਚ ਕਿਸੇ ਵੀ ਵਿਅਕਤੀ ਉਪ ਫੁੱਲਾਂ ਦੀ ਵਰਖਾ ਕਰਨੀ ਮਨਮਤਿ ਹੈ। ਇਸ ਲਈ ਫੁੱਲਾਂ ਦੀ ਵਰਖਾ ਨਹੀਂ ਕਰਨੀ ਚਾਹੀਦੀ, ਕਿਉਂਕਿ ਗੁਰੂਪਾਤਸ਼ਾਹ ਦਾ ਸਤਕਾਰ ਰੱਖਣਾ ਸਾਡਾ ਸਭ ਸਿੱਖਾਂ ਦਾ ਫ਼ਰਜ਼ ਹੈ।

**ਜਗਿਆਸੂ** – ਏਸੇ ਤਰ੍ਹਾਂ ਕਈ ਡੋਲੀ ਤੁਰਨ ਸਮੇਂ ਪੈਸਿਆਂ ਦੀ ਛੱਟ ਦਿੰਦੇ ਐ...

**ਭਾਈ ਭਰਮਤੋੜ ਸਿੰਘ** – ਗੁਰੁਪਿਆਰਿਆ, ਐਵੇਂ ਜੁੜ ਚੁੱਕੇ ਫ਼ਜ਼ੂਲ ਦੇ ਰਸਮਾਂ-ਰਿਵਾਜਾਂ ਨੂੰ ਸਾਨੂੰ ਤਿਲਾਂਜਲੀ ਦੇਣੀ ਚਾਹੀਦੀ ਐ। ਏਸੇ ਤਰ੍ਹਾਂ ਦਾਜ ਦਾ ਵਿਖਾਲਾ ਪਾਉਣਾ, ਨਵੀਂ ਆਈ ਬਹੁਨੂੰ ਕਬਰਾਂ ਪੂਜਣ ਲਿਜਾਣਾ, ਮਿੱਟੀ ਕੱਢਣੀ, ਛਮਕਾਂ ਖੇਡਣਾ ਤੇ ਹੋਰ ਕਈ ਇਲਾਕਿਆਂ, ਮੁਤਾਬਕ ਮਨਮੱਤ ਦੀਆਂ ਰਸਮਾਂ ਨੂੰ ਤਿਆਗ ਕੇ 'ਸਿੱਖ ਰਹਿਤ ਮਰਯਾਦਾ' ਅਨੁਸਾਰ 'ਅਨੰਦ ਸੰਸਕਾਰ' ਨਿਭਾਉਣਾ ਚਾਹੀਦਾ ਹੈ। ਇਸ ਵਿਚ ਹੀ ਸਿੱਖ ਪੰਥ ਦੀ ਸ਼ਾਨ ਆ ਤੇ ਇਕ ਪੰਥਕ ਮਰਯਾਦਾ 'ਤੇ ਪਹਿਰਾ ਦੇ ਕੇ ਹੀ ਅਸੀਂ ਫ਼ਜ਼ੂਲ ਦੇ ਕਰਮ-ਕਾਂਡਾਂ ਤੋਂ ਬਚ ਸਕਦੇ ਆਂ, ਨਹੀਂ ਤਾਂ ਫੋਕਟ ਰਸਮਾਂ ਦੀ ਦਲਦਲ ਵਿਚ ਹੋਰ ਧੱਸਦੇ ਜਾਵਾਂਗੇ।

**ਜਗਿਆਸੂ** – ਵਾਹ ਭਾਈ ਸਾਹਿਬ ਜੀ, ਤੁਸੀਂ ਤਾਂ 'ਅਨੰਦ ਸੰਸਕਾਰ' ਸੰਬੰਧੀ ਮੇਰੇ ਮਨ ਦੇ ਬਹੁਤ ਸਾਰੇ ਭਰਮ ਦੂਰ ਕਰ ਦਿੱਤੇ, ਕੱਲ੍ਹ ਨੂੰ 'ਮਿਰਤਕ ਸੰਸਕਾਰ' ਸੰਬੰਧੀ ਵੀ ਭਰਮ ਨਵਿਰਤ ਕਰਿਓ, ਅੱਜ ਲਈ ਏਨਾ ਈ ਬਹੁਤ ਆ। ਤੁਹਾਡਾ ਬਹੁਤ-ਬਹੁਤ ਧੰਨਵਾਦ...ਜੀ!

✦✦✦✦✦

# ਵਿਚਾਰ- ਵਿਟਾਦਰਾਂ – ਤੇਰ੍ਹਵਾਂ

**ਇਕ ਤਾਂ ਘਰੋਂ ਬੰਦਾ ਗੁਜ਼ਰ ਜਾਂਦਾ। ਦੂਜਾ,!**

**ਉਹ ਮੁਕਾਣਾਂ ਸਾਂਭਦਾ-ਸਾਂਭਦਾ ਮਰ ਜਾਂਦਾ!**

**ਜਗਿਆਸੂ** – ਕਿਉਂ ਭਾਈ ਸਾਹਿਬ ਜੀ! 'ਮ੍ਰਿਤਕ ਸੰਸਕਾਰ' ਸੰਬੰਧੀ ਮੇਰੇ ਮਨ ਵਿਚ ਬੜੇ ਭਰਮ ਹਨ ਤੇ ਜਦੋਂ ਮੈਂ ਕਈ ਸਿੱਖ ਪਰਵਾਰਾਂ ਵਿਚ ਝੂਠੇ ਕਰਮ-ਕਾਂਡ ਜਿਹੇ ਵੇਖਦਾਂ ਤਾਂ ਮੈਨੂੰ ਹੋਰ ਬੜਾ ਦੁੱਖ ਹੁੰਦਾ। ਸਾਡੇ ਇਹ ਭਰਮ ਜਾਂਦੇ ਕਿਉਂ ਨਹੀਂ?

**ਭਾਈ ਭਰਮਤੋੜ ਸਿੰਘ** – ਵੇਖ ਪਿਆਰਿਆ, ਜਿਥੇ ਅਜਿਹਾ ਭਰਮ ਹੈ, ਉਥੇ ਸਿੱਖ ਪਰਵਾਰਾਂ ਦਾ ਏਹੋ ਦੁਖਾਂਤ ਐ ਕਿ ਉਨ੍ਹਾਂ ਨੇ ਗੁਰੂ, ਗੁਰਬਾਣੀ ਜਾਂ ਰਹਿਤ ਮਰਯਾਦਾ ਨੂੰ ਕਦੀ ਪੜ੍ਹਿਆ-ਵਿਚਾਰਿਆ ਈ ਨਹੀਂ। ਜਿਸ ਇਲਾਕੇ

ਵਿਚ ਜੋ ਕਰਮ-ਕਾਂਡ ਹੁੰਦਾ ਉਹੀ ਹੋਈ ਜਾਂਦਾ। ਵੱਡੀ ਗੱਲ, ਫਿਰ ਉਹੀ ਕਿ ਅਸੀਂ ਆਪਣੇ ਮਹਾਨ ਵਿਰਸੇ ਤੋਂ ਬਹੁਤ ਅਵੇਸਲੇ ਆਂ...

**ਜਗਿਆਸੂ** – ਇਸ ਗੱਲ ਤੋਂ ਤਾਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ 'ਮਰਨਾ ਸੱਚ ਤੇ ਜਿਊਣਾ ਝੂਠ' ਹੈ। ਪਰ ਕਈ ਥਾਈਂ ਇਹ ਰੀਤ ਹੈ, ਮੋਏ ਪ੍ਰਾਣੀ ਨੂੰ ਮੰਜੇ ਤੋਂ ਲਾਹ ਕੇ, ਧਰਤੀ 'ਤੇ ਪਾਉਂਦੇ ਹਨ ਤੇ ਉੱਚੀ-ਉੱਚੀ ਰੋਣਾ ਪਿੱਟਣਾ ਕਰਦੇ ਹਨ...

**ਭਾਈ ਭਰਮਤੋੜ ਸਿੰਘ** – ਤੁਹਾਡੀਆਂ ਦੋਨਾਂ ਗੱਲਾਂ ਦਾ ਉੱਤਰ ਸਿੱਖ ਰਹਿਤ ਮਰਯਾਦਾ ਵਿਚ ਦਰਜ ਐ ਕਿ ਪ੍ਰਾਣੀ ਨੂੰ ਮਰਨ ਵੇਲੇ ਜੇ ਮੰਜੇ 'ਤੇ ਹੋਵੇ ਤਾਂ ਹੇਠ ਨਹੀਂ ਉਤਾਰਨਾ, ਦੀਵਾ ਵੱਟੀ, ਗਊਮਣਸਾਉਣਾ ਜਾਂ ਹੋਰ ਕੋਈ ਮਨਮਤਿ ਸੰਸਕਾਰ ਨਹੀਂ ਕਰਨਾ। ਧਾਹ ਨਹੀਂ ਮਾਰਨੀ, ਪਿੱਟਣਾ ਜਾਂ ਸਿਆਪਾ ਨਹੀਂ ਕਰਨਾ ਤੇ ਮਨ ਨੂੰ ਵਾਹਿਗੁਰੂਦੀ ਰਜ਼ਾ ਵਿਚ ਲਿਆਉਣ ਲਈ ਗੁਰਬਾਣੀ ਦਾ ਪਾਠ ਜਾਂ ਵਾਹਿਗੁਰੂਦਾ ਜਾਪ ਕਰੀ ਜਾਣਾ ਚੰਗਾ ਹੈ ਕਿਉਂਕਿ ਗੁਰਬਾਣੀ ਦਾ ਫ਼ਰਮਾਨ ਹੈ:

**ਜਿਸ ਕਾ ਸਾ ਸੋ ਤਿਨ ਹੀ ਲੀਆ, ਭੂਲਾ ਰੋਵਣਹਾਰਾ ਹੇ ॥**

**ਜਗਿਆਸੂ** – ਪਰ ਕਈ ਜੀ ਛੋਟੀ ਉਮਰ ਲਈ ਸਸਕਾਰਨ ਦਾ ਜਾਂ ਦਿਨ-ਰਾਤ ਦਾ ਭਰਮ ਵੀ ਵਿਚਾਰਦੇ ਆ?

**ਭਾਈ ਭਰਮਤੋੜ ਸਿੰਘ** – ਇਹ ਵੀ ਰਹਿਤ ਮਰਯਾਦਾ ਵਿਚ ਦਿੱਤਾ ਆ ਕਿ ਪ੍ਰਾਣੀ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ ਸਸਕਾਰਨਾ ਚਾਹੀਏ, ਜੇ ਸਸਕਾਰ ਦਾ ਪ੍ਰਬੰਧ ਨਾ ਹੋ ਸਕੇ ਤਾਂ ਉਥੇ ਜਲ ਪ੍ਰਵਾਹ ਜਾਂ ਹੋਰ ਤਰੀਕਾ ਵਰਤਣ ਤੋਂ ਸ਼ੰਕਾ ਨਹੀਂ ਕਰਨੀ ਤੇ ਸਸਕਾਰਨ ਲਈ ਦਿਨ ਜਾਂ ਰਾਤ ਦਾ ਭਰਮ ਵੀ ਨਹੀਂ ਕਰਨਾ। ਗੁਰੂਅਮਰਦਾਸ ਪਾਤਸ਼ਾਹ ਦਾ ਫ਼ਰਮਾਨ ਹੈ:

**ਇਕ ਦਝਹਿ, ਇਕ ਦਬੀਅਹਿ, ਇਕਨਾ ਕੁਤੇ ਖਾਹਿ ॥**

**ਇਕਿ ਪਾਣੀ ਵਿਚਿ ਉਸਟੀਅਹਿ, ਇਕਿ ਭੀ ਫਿਰਿ ਹਸਣਿ ਪਾਹਿ ॥**

**ਨਾਨਕ ਏਵ ਨ ਜਾਪਈ, ਕਿਥੈ ਜਾਇ ਸਮਾਹਿ ॥**

**ਜਗਿਆਸੂ** – ਪਰ ਇਸਾ ਦਾ ਕੀ ਮਤਲਬ ਐ?

**ਭਾਈ ਭਰਮਤੋੜ ਸਿੰਘ** – ਭਾਵ ਕਿ ਜਿਵੇਂ ਮੁਸਲਮਾਨ, ਈਸਾਈ ਜਾਂ ਕਈ ਹੋਰ ਮੱਤ ਮੁਰਦੇ ਨੂੰ ਮਿੱਟੀ ਵਿਚ ਦੱਬਦੇ ਐ ਤੇ ਯੂਨਾਨ ਵਿਚ ਪਹਿਲਾਂ ਕੁੱਤਿਆਂ ਅੱਗੇ ਮੁਰਦੇ ਸੁੱਟਣ ਦਾ ਰਿਵਾਜ ਸੀਗਾ ਤੇ ਹੁਣ ਵੀ ਕਈ ਸਾਧੂਆਪਣੀ ਮ੍ਰਿਤ ਦੇਹ, ਮਾਸਾਹਾਰੀ ਜੀਵਾਂ ਨੂੰ ਖਵਾਉਣਾ ਪੁੰਨ ਸਮਝਦੇ ਹਨ, ਇਸ ਤਰ੍ਹਾਂ ਕਈ ਮੱਤਾਂ ਵਿਚ ਮੁਰਦਾ ਜਲ ਪ੍ਰਵਾਹ ਕਰਨਾ ਚੰਗਾ ਸਮਝਿਆ ਜਾਂਦਾ ਤੇ ਪਾਰਸੀ ਮੱਤ ਦੇ ਲੋਕ ਮ੍ਰਿਤ ਸਰੀਰ ਨੂੰ ਮਾਸਾਹਾਰੀ ਜੀਵਾਂ ਦੇ ਖਾਣ

ਲਈ ਹੱਸਣ ਭਾਵ ਹਿਕ ਹਾਤੇ ਵਿਚ ਰੱਖ ਆਉਂਦੇ ਐ। ਗੁਰੂਸਾਹਿਬ ਮ੍ਰਿਤ ਦੇਹ ਪ੍ਰਤੀ ਕੀਤੇ ਜਾਂਦੇ ਭਰਮਾਂ ਦੀ ਨਵਿਰਤੀ ਕਰਦੇ ਹਨ ਕਿ ਏਸ ਗੱਲ ਦਾ ਕਿਸੇ ਨੂੰ ਪਤਾ ਨਹੀਂ ਲੱਗਦਾ ਕਿ ਫੂਕਣ, ਦੱਬਣ, ਜਲ ਪ੍ਰਵਾਹ ਕਰਨ ਜਾਂ ਬਾਕੀ ਕਿਰਿਆਵਾਂ ਕਰਨ ਲਈ ਜੀਵ ਕਿਸੇ ਜਗ੍ਹਾ, ਕਿਸ ਗਤੀ ਨੂੰ ਪ੍ਰਾਪਤ ਹੁੰਦਾ ਹੈ!

**ਜਗਿਆਸੂ** – ਵੈਸੇ ਭਾਈ ਸਾਹਿਬ ਜੀ! ਪੰਥਕ ਮਰਯਾਦਾ ਅਨੁਸਾਰ 'ਮ੍ਰਿਤਕ ਦੇ ਸਸਕਾਰ ਦੀ ਰਸਮ' ਕਿਵੇਂ ਹੋਵੇ?

**ਭਾਈ ਭਰਮਤੋੜ ਸਿੰਘ** – ਸਿੱਖ ਰਹਿਤ ਮਰਯਾਦਾ ਅਨੁਸਾਰ ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਸੁਅੱਛ ਬਸਤਰ ਪਾਏ ਜਾਣ ਤੇ ਕਕਾਰਾ ਜੁਦਾ ਨਾ ਕੀਤੇ ਜਾਣ। ਫਿਰ ਤਖਤੇ ਉਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ। ਫਿਰ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵੱਲ ਲਿਜਾਇਆ ਜਾਵੇ, ਨਾਲ ਵੈਰਾਗਮਈ ਸ਼ਬਦਾਂ ਦਾ ਉਚਾਰਨ ਕੀਤਾ ਜਾਵੇ, ਸਸਕਾਰ ਦੀ ਥਾਂ ਪਹੁੰਚ ਕੇ ਚਿਖਾ ਰਚੀ ਜਾਵੇ। ਫਿਰ ਪ੍ਰਾਣੀ ਨੂੰ ਅੰਗੀਠੇ ਉਤੇ ਰੱਖ ਕੇ ਪੁੱਤਰ ਜਾਂ ਕੋਈ ਹੋਰ ਸੰਬੰਧੀ ਅਗਨੀ ਲਾ ਦੇਵੇ। ਸੰਗਤ ਕੁਝ ਵਿੱਥ 'ਤੇ ਬਹਿ ਕੇ ਕੀਰਤਨ ਕਰੇ। ਜਦੋਂ ਅੰਗੀਠਾ ਪੂਰੀ ਤਰ੍ਹਾਂ ਬਲ ਉਠੇ ਤਾਂ ਸੋਹਿਲੇ ਦਾ ਪਾਠ ਕਰਕੇ, ਅਰਦਾਸਾ ਸੋਧ ਕੇ ਸੰਗਤ ਮੁੜ ਆਵੇ ਤੇ ਘਰ ਆ ਕੇ ਜਾਂ ਲਾਗੇ ਦੇ ਗੁਰਦੁਆਰੇ ਵਿਚ ਪ੍ਰਾਣੀ ਨਮਿਤ ਗੁਰੂਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਜਾਵੇ।

**ਜਗਿਆਸੂ** – ਕਈ ਥਾਈਂ ਤਾਂ ਜੀ ਅੱਧ ਮਾਰਗ ਵਿਚ ਘੜਾ ਭੰਨਣ ਦੀ ਰਸਮ ਕਰਦੇ ਐ ਤੇ ਸਸਕਾਰ ਦੇ ਅੱਧ ਵਿਚ ਮ੍ਰਿਤਕ ਦੇ ਸਿਰ ਨੂੰ ਡੰਡੇ ਜਾਂ ਸੀਖ ਨਾਲ ਤੋੜਦੇ ਐ। ਕਈ ਮਸਾਣਾਂ ਵਿਚ ਜਨਾਨੀਆਂ ਅਰਥੀ ਦੀ ਪ੍ਰਕਰਮਾਂ ਕਰਦੀਆਂ ਤੇ ਚਰਨਾਂ 'ਤੇ ਪੈਸੇ ਰੱਖ ਕੇ ਮੱਥਾ ਟੇਕਦੀਆਂ ਐਂ। ਕਈ ਥਾਈਂ ਬਿਰਧ ਬਾਬੇ ਦੀ ਉਮਰ ਲਈ ਕੁੜਮਾਂ ਦੀਆਂ ਔਰਤਾਂ ਸ਼ਮਸ਼ਾਨ ਘਾਟ ਦਾ ਬੂਹਾ ਬੰਦ ਕਰ ਦਿੰਦੀਆਂ ਦੀਆਂ ਐਂ ਤੇ ਪੈਸੇ ਲੈ ਕੇ ਦਰ ਖੋਹਲਦੀਆਂ ਹਨ ਤੇ ਇਹਨੂੰ ਧਰਮ ਰਾਜ ਦੀ ਡਿਓੜ੍ਹੀ ਮੰਨਦੀਆਂ ਐਂ?

**ਭਾਈ ਭਰਮਤੋੜ ਸਿੰਘ** – ਗੁਰੂਪਿਆਰਿਆ, ਇਹ ਭਰਮ ਪਖੰਡ ਸਭ ਅਗਿਆਨਤਾ ਕਰਕੇ ਐ। ਗੁਰਮਤਿ ਵਿਚ ਐਸੇ ਕਰਮ-ਕਾਂਡੀਆਂ ਨੂੰ ਅੰਧ-ਵਿਸ਼ਵਾਸੀ ਤੇ ਅਗਿਆਨੀ ਕਿਹਾ ਐ? ਗੁਰੂਨਾਨਕ ਸਾਹਿਬ ਦਾ ਫ਼ਰਮਾਨ ਆਂ :

**ਧੰਧਾ ਪਿਟਿਹੁ ਭਾਈਹੋ, ਤੁਮ ਕੂੜੁ ਕਮਾਵਾਹੁ ॥**

**ਓਹ ਨ ਸੁਣਈ ਕਤ ਹੀ, ਤੁਮ, ਲੋਕ ਸੁਣਾਵਹੁ ॥**

**ਜਦੋਂ ਗਿਆਨ ਹੋ ਜਾਏਗਾ ਸਭ ਅਗਿਆਨਤਾ ਹਟ ਜਾਏਗੀ।**

**ਜਗਿਆਸੂ** – ਇਕ ਜੀ ਆਹ ਜਿਹੜੀ 'ਫੁੱਲ ਚੁਗਣ' ਦੀ ਰਸਮ ਆਂ, ਕੀ ਇਹ ਠੀਕ ਆ?

**ਭਾਈ ਭਰਮਤੋੜ ਸਿੰਘ** – ਇਹ ਠੀਕ ਨਹੀਂ, ਸਗੋਂ ਮਨਮਤਿ ਆ। ਰਹਿਤ ਮਰਯਾਦਾ ਵਿਚ ਦਰਜ ਆ ਕਿ ਮ੍ਰਿਤਕ ਪ੍ਰਾਣੀ ਦਾ ਅੰਗੀਠਾ ਠੰਢਾ ਹੋਣ 'ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿੱਤੀ

ਜਾਵੇ ਜਾਂ ਉਥੇ ਹੀ ਦੱਬ ਕੇ ਜ਼ਿਮੀਂ ਬਰਾਬਰ ਕਰ ਦਿੱਤੀ ਜਾਵੇ। ਇਸ ਲਈ ਵੱਖਰੇ ਫੁੱਲ ਚੁਗਣ ਦੀ ਕੋਈ ਰਸਮ ਨਹੀਂ ਕਰਨੀ ਚਾਹੀਦੀ।

**ਜਗਿਆਸੂ** – ਪਰ ਜੀ ਬਾਕੀਆਂ ਦੀ ਗੱਲ ਤਾਂ ਵੱਖ ਰਹੀ ਸਾਡੇ ਕਈ ਧਰਮੀ ਲੀਡਰਾਂ ਦੇ ਈ ਫੁੱਲ ਚੁਗਣ ਤੇ ਫੁੱਲ ਪਾਉਣ ਦੀਆਂ ਤਰੀਕਾਂ ਦੇ ਇਸ਼ਤਿਹਾਰ ਅਖਬਾਰਾਂ 'ਚ ਛਪੇ ਹੁੰਦੇ ਐ ਤੇ ਫੇਰ ਵੱਡੇ-ਵੱਡੇ ਕਾਫ਼ਲਿਆਂ ਦੇ ਰੂਪ ਵਿਚ ਕੀਰਤਪੁਰ, ਗੋਇੰਦਵਾਲ ਜਾਂ ਹਰੀਕੇ ਪੱਤਣ ਵੱਲ ਜਾਂਦੇ ਐ?

**ਭਾਈ ਭਰਮਤੋੜ ਸਿੰਘ** – ਸਾਡਾ ਵੀ ਗੁਰਮੁਥਾ ਉਹ ਹਾਲ ਆ ਰਖੇ 'ਅਸਮਾਨ ਤੋਂ ਡਿੱਗੇ ਤੇ ਖਜੂਰ 'ਚ ਅੜ ਗਏ।' ਮਸਾਂ-ਸਮਾਂ ਸਿੱਖਾਂ ਦਾ ਗੰਗਾ ਤੇ ਹਰਿਦੁਆਰ ਤੋਂ ਖਹਿੜਾ ਛੁੱਟਿਆ ਤੇ ਫੇਰ ਅਸੀਂ ਕੀਰਤਪੁਰ, ਗੋਇੰਦਆਰ ਤੋਂ ਖਹਿੜਾ ਛੁੱਟਿਆ ਤੇ ਫੇਰ ਅਸੀਂ ਕੀਰਤਪੁਰ, ਗੋਇੰਦਵਾਲ ਤੇ ਹਰੀਕੇ ਪੱਤਣ 'ਤੇ ਫਸ ਗਏ। ਸਿੱਖ ਰਹਿਤ ਮਰਯਾਦਾ ਵਿਚ ਦਰਜ ਆ ਕੇ ਅੱਗੀਠੇ ਵਿਚੋਂ ਫੁੱਲ ਚੁਗ ਕੇ ਗੰਗਾ, ਪਤਾਲਪੁਰੀ, ਕੀਰਤਪੁਰ ਸਾਬਿਬ ਅਦਿਕ ਥਾਵਾਂ 'ਤੇ ਜਾ ਕੇ ਪਾਉਣੇ ਮਨਮਤਿ ਆ। ਇਸੇ ਤਰ੍ਹਾਂ ਸਸਕਾਰ ਅਸਥਾਨ 'ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾ ਐ ਪਰ ਸਾਡੇ ਪੰਜਾਬ 'ਚ ਤਾਂ ਕਈ ਸਾਧੂਮਹਾਤਮਾਂ ਦੇ ਅਸਥਾਨ ਵੀ ਬਣਗੇ ਤੇ ਵਰ੍ਹੀਣੇ-ਬਰਸੀਆਂ ਦੇ ਮੇਲੇ ਵੀ ਲੱਗਦੇ ਐ ਪਰ ਜਿਨ੍ਹਾਂ ਸਿੱਖ ਕੌਮ ਨੂੰ ਨਵਾਂ ਜੀਵਨ ਦਿੱਤਾ ਉਨ੍ਹਾਂ ਦਸਾਂ ਗੁਰੂਸਾਹਿਬਾਨ ਦੇ ਪੂਰਨ ਰੂਪ ਵਿਚ ਕੌਮ ਅਜੇ ਗੁਰਪੁਰਬ ਮਨਾਉਣੇ ਵੀ ਸ਼ੁਰੂਸਹੀਂ ਕਰ ਸਕੀ।

**ਜਗਿਆਸੂ** – ਕਈਆਂ ਦੇ ਤਾਂ ਜੀ ਜਿਉਂਦੇ ਬਜ਼ੁਰਗ ਭਾਵੇਂ ਖੁਸ਼ਕੀ ਨਾਲ ਮਰ ਜਾਣ ਪਰ ਮਰਿਆਂ ਦੇ ਮੂੰਹ 'ਚ ਦੇਸੀ ਘਿਓ ਜ਼ਰੂਰ ਪਾਉਣਗੇ। ਕਈ ਸਿਵਿਆਂ 'ਚ ਮੁਰਦੇ ਦੇ ਰਹਿਣ ਲਈ ਚਾਰ ਕਿੱਲੀਆਂ ਗੱਡ ਕੇ ਉਪਰ ਕੱਪੜਾ ਧਾਗੇ ਨਾਲ ਬੰਨ੍ਹ ਕੇ ਮੁਰਦੇ ਦੇ ਰਹਿਣ ਲਈ ਮਕਾਨ ਬਣਾਉਂਦੇ ਐ, ਫਿਰ ਦੋ ਰੋਟੀਆਂ ਵੀ ਅੱਧ ਪੱਕੀਆਂ ਮਕਾਨ ਦੇ ਬਾਹਰ ਰੱਖਣਗੇ ਤੇ ਆਟੇ ਦਾ ਦੀਵਾ ਬਣਾ ਕੇ ਲਾਗੇ ਰੱਖਦੇ ਐ ! ਅਖੇ ਉਹਦਾ ਰਾਹ ਰੋਸ਼ਨ ਹੋਵੇ।

**ਭਾਈ ਭਰਮਤੋੜ ਸਿੰਘ** – ਇਹ ਸਭ ਮਨਘੜਤ ਰੀਤਾਂ ਐ, ਆਪਣੇ ਹੱਥੀਂ ਮੁਰਦੇ ਨੂੰ ਸਾੜ ਕੇ ਵੀ ਵਿਸ਼ਵਾਸ ਨਹੀਂ ਕਰਦੇ? ਪੁੱਛੇ ਕੋਈ ਬਈ ਮੁਰਦੇ ਨੇ ਘਿਓ ਖਾਣਾ? ਜੇ ਅੱਗ ਭੜਕਣ ਦੀ ਗੱਲ ਕਰੋ ਤਾਂ ਸਾੜਨਾ ਤਾਂ ਲੱਕੜਾਂ ਨੇ ਐ ! ਨਾ ਮਰੇ ਹੋਏ ਕਿੱਲੀਆਂ ਦੇ ਮਕਾਨ 'ਚ ਰਹਿਣਾ, ਨਾ ਰੋਟੀ ਖਾਣੀ ਤੇ ਨਾ ਹੀ ਆਟੇ ਦੇ ਦੀਵੇ ਨੇ ਉਹਦਾ ਰਾਹ ਈ ਰੋਸ਼ਨ ਕਰਨਾ ਐਂ ! ਇਹ ਤਾਂ ਸਭ ਅਗਿਆਨਤਾ ਦੀਆਂ ਗੱਲਾਂ ਨੇ। ਗੁਰਬਾਣੀ ਦਾ ਫ਼ਰਮਾਨ ਆ :

**ਨਾਨਕ ਅਗੈ ਸੋ ਮਿਲੈ, ਜਿ ਖਟੇ ਘਾਲੇ ਦੇਇ ॥**

ਜੀਵ ਨੂੰ ਉਹੋ ਪ੍ਰਾਪਤ ਹੋਵੇਗਾ ਜੋ ਜਿਉਂਦੇ ਜੀਅ ਆਪ ਚੰਗਾ ਕਰਮ ਕੀਤਾ ਆ, ਕਮਾਈ ਵਿਚੋਂ ਲੋੜਵੰਦਾਂ ਦੀ ਸੇਵਾ ਕੀਤੀ। ਦੂਜੇ ਦਾ ਦਿੱਤਾ ਕਿਸੇ ਨੂੰ ਨਹੀਂ ਮਿਲਦਾ।

**ਜਗਿਆਸੂ** – ਏਸੇ ਤਰ੍ਹਾਂ ਕਈ ਇਲਾਕਿਆਂ 'ਚ ਅਰਥੀ ਨੂੰ ਮੋਢਾ ਦੇਣ ਵਾਲੇ ਚੌਹਾਂ ਕਾਨ੍ਹੀਆਂ ਨੂੰ ਰੋਟੀ ਖਵਾਉਂਦੇ

ਹਨ ਤੇ ਇਹ ਵੀ ਕਿਹਾ ਜਾਂਦਾ ਕਿ ਪਿੱਠਾਂ ਜੋੜ ਕੇ ਰੋਟੀ ਖਾਣੀ ਆਂ ਤੇ ਖਾ ਕੇ ਭਾਂਡੇ ਉਥੇ ਈ ਮੂਧੇ ਮਾਰ ਦੇਣੇ ਆਂ। ਬਾਅਦ ਵਿਚ ਕੁਰਲੀ ਚੂਲਾ ਕਰਕ ਚੌਹਾਂ ਨੇ ਅੱਡ-ਅੱਡ ਦਿਸ਼ਾਵਾਂ ਵੱਲ ਜਾਣਾ ਐ, ਇਕੋ ਪਾਸੇ ਨਹੀਂ ਜਾਣਾ! ਇਦਦੇ ਵਿਚ ਕੀ ਰਾਜ਼ ਆਂ,

**ਭਾਈ ਭਰਮਤੋੜ ਸਿੰਘ** – ਓ ਰਾਜ਼ ਰੁਜ ਕਾਹਦਾ? ਅਖੇ 'ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ॥' ਇਹਦਾ ਪਤਾ ਕਿਸੇ ਨੂੰ ਨਹੀਂ, ਬੇਮਤਲਬੀਆਂ ਜਾਂ ਸਮਾਂ ਵਿਹਾ ਚੁਕੀਆਂ ਰੀਤਾਂ ਹਨ। ਪੁੱਛ ਲਓ ਤਾਂ ਪਤਾ ਕਿਸੇ ਨੂੰ ਨਹੀਂ। ਕਿਸੇ ਬੁੱਧੂਨੇ ਸਿਆਣੇ ਨੂੰ ਸਵਾਲ ਪਾਇਆ ਤੇ ਸ਼ਰਤ ਵੀ ਲਾ ਲਈ ਬੁੱਝਣ ਦੀ, ਅਖੇ ਇਕ ਜਾਨਵਰ ਆ, ਜੇ ਉਹ ਬਹਿੰਦਾ ਤਾਂ ਲਈ ਬੁੱਝਣ ਦੀ, ਅਖੇ ਇਕ ਜਾਨਵਰ ਆ, ਜੇ ਉਹ ਬਹਿੰਦਾ ਤਾਂ ਲੱਤਾਂ ਦੋ, ਜੇ ਕਹਿੰਦਾ ਮੇਰੀ ਹਾਰ, ਪਰ ਤੂੰ ਦੱਸ ਦੇ! ਬੁੱਧੂਅੱਗੋਂ ਹੱਸ ਕੇ ਕਹਿੰਦਾ ਕਿ ਪਤਾ ਤਾਂ ਮੈਨੂੰ ਵੀ ਨਹੀਂ ਐ, ਮੈਂ ਵੀ ਹਾਰ ਗਿਆ! ਸੋ ਇਹੋ ਜਿਹੀਆਂ ਰੀਤਾਂ ਤਾਂ ਵਹਿਮੀ ਤੇ ਅਗਿਆਨੀ ਲੋਕਾਂ ਦੀਆਂ ਤੋਰੀਆਂ ਹਨ।

**ਜਗਿਆਸੂ** – ਏਸੇ ਤਰ੍ਹਾਂ ਕਈ ਲੋਕ ਮ੍ਰਿਤਕ ਦੇ ਸਸਕਾਰ ਤੋਂ ਬਾਅਦ ਘਰ ਆ ਕੇ ਕੇਸੀਂ ਇਸ਼ਨਾਨ ਕਰਦੇ ਐ ਤੇ ਕਈ ਤਾਂ ਬਸਤਰ ਵੀ ਉਤਾਰ ਕੇ ਧੋਂਦੇ ਐ। ਇਹ ਕਿਉਂ?

**ਭਾਈ ਭਰਮਤੋੜ ਸਿੰਘ** – ਕਈ ਲੋਕ ਸੂਤਕ-ਪਾਤਕ ਦੀ ਵਿਚਾਰ ਕਰਕੇ ਅਜਿਹ ਕਰਦੇ ਐ ਜਿਉਂਕਿ ਜੰਮਣ 'ਤੇ ਸੂਤਕ ਤੇ ਮਰਨ 'ਤੇ ਪਾਤਕ ਦੀ ਭਿੱਟ ਨੂੰ ਅਜੇ ਵੀ ਕਈ ਵਹਿਮੀ ਲੋਕ ਮੰਨਦੇ ਐ। ਗੁਰਸਿੱਖਾਂ ਨੂੰ ਸੂਤਕ-ਪਾਤਕ ਦੀ ਭਿੱਟ ਨਹੀਂ ਮੰਨਣੀ ਚਾਹੀਦੀ। ਗੁਰਬਾਣੀ ਦਾ ਫ਼ਰਮਾਨ ਹੈ :

**– ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥**

**– ਸਤਿਗੁਰੁ ਸੇਵਿਐ ਸੂਤਕੁ ਜਾਇ ॥**

**– ਮਰੈ ਨ ਜਨਮੈ ਕਾਲੁ ਨ ਖਾਇ ॥**

**ਜਗਿਆਸੂ** – ਕਈ ਜਗ੍ਹਾ ਮ੍ਰਿਤਕ ਪ੍ਰਾਣੀ ਦੇ ਅੰਗੀਠੇ ਵਿਚ ਕੜਾਹ-ਪ੍ਰਸ਼ਾਦ ਦਾ ਛਾਂਦਾ ਪਾ ਦਿੰਦੇ ਐ ਤੇ ਕਈ ਇਲਾਕਿਆਂ ਵਿਚ ਮ੍ਰਿਤਕ ਦੇ ਘਰ ਸੱਤ ਦਿਨ ਸੰਧਿਆ ਵੇਲੇ ਜਨਮ ਸਾਖੀਆਂ 'ਚੋਂ ਸਾਖੀਆਂ ਸੁਣਾਈਆਂ ਜਾਂਦੀਆਂ ਤੇ ਫੇਰ ਅਲਾਹਣੀਆਂ ਦਾ ਪਾਠ ਕਰਦੇ ਐ?

**ਭਾਈ ਭਰਮਤੋੜ ਸਿੰਘ** – ਵੇਖੋ, ਮ੍ਰਿਤਕ ਦੇ ਅੰਗੀਠੇ ਵਿਚ ਕੜਾਹ ਪ੍ਰਸ਼ਾਦ ਪਾਉਣਾ ਨਿਰੋਲ ਮਨਮਤ ਆ। ਸਿੱਖ ਰਹਿਤ ਮਰਯਾਦਾ ਮੁਤਾਬਕ ਸਸਕਾਰ ਕਰਨ ਉਪਰੰਤ ਸਹਿਜ ਪਾਠ ਰੱਖਿਆ ਜਾਵੇ। ਰਾਤ ਨੂੰ ਗੁਰਬਾਣੀ ਦਾ ਕੀਰਤਨ ਹੋਵੇ, ਉਪਰੰਤ ਸੋਹਿਲੇ ਦਾ ਪਾਠ ਤੇ ਅਰਦਾਸਾ ਹੋਵੇ। ਕਿਸੇ ਸਮੇਂ ਜਨਮਸਾਖੀਆਂ 'ਚੋਂ ਸਾਖੀਆਂ ਮ੍ਰਿਤਕ ਪਰਵਾਰ ਦੇ ਜੀਆਂ ਨੂੰ ਦਿਲਾਸਾ ਦੇਣ ਲਈ ਕਿਸੇ ਸਿਆਣੇ ਨੇ ਸੁਣਾ 'ਤੀਆਂ ਹੋਣਗੀਆਂ ਪਰ ਸਾਨੂੰ ਇਹ ਆਪੂੰ ਬਣਾਈਆਂ ਰੀਤਾਂ ਬੰਦ ਕਰਨੀਆਂ ਚਾਹੀਦੀਆਂ। ਗੁਰਸਿੱਖਾਂ ਲਈ ਗੁਰਬਾਣੀ ਦਾ ਪਾਠ, ਕਥਾ ਤੇ ਕੀਰਤਨ ਹੀ ਸਭ ਤੋਂ ਉੱਪਰ ਆ।

**ਜਗਿਆਸੂ** – ਕਈ ਵੱਡੇ ਬਜ਼ੁਰਗ ਦੀ ਅਰਥੀ ਪਿੱਛੇ ਚੌਰ ਝੁਲਾਉਂਦੇ ਅਤੇ ਮਖਾਣੇ ਛੁਹਾਰੇ ਉਤੋਂ ਸਿੱਟਦੇ ਐ ਤੇ ਉਨ੍ਹਾਂ ਦਾ ਪ੍ਰਸ਼ਾਦ ਵੀ ਵੰਡਿਆ ਜਾਂਦੈ?

**ਭਾਈ ਭਰਮਤੋੜ ਸਿੰਘ** – ਵੇਖ ਪਿਆਰਿਆ ! ਗੁਰ ਮਰਯਾਦਾ ਨੇ ਤਾਂ ਐਸੀਆਂ ਫਾਲਤੂਰੀਤਾਂ ਨੂੰ ਬੰਦ ਕੀਤਾ ਆ ਤੇ ਮ੍ਰਿਤਕ ਨੂੰ ਚੌਰ ਝਲਾਉਣਾ ਬਿਲਕੁਲ ਗਲਤ ਤੇ ਮਨਮਤਿ ਆ। ਲੋਕੀਂ ਰੋਂਦੇ ਵੀ ਜਾਣਗੇ ਤੇ ਮਖਾਣੇ ਛੁਹਾਰੇ ਵੀ ਸਿੱਟਦੇ ਤੇ ਵੰਡਦੇ ਜਾਣਗੇ ਪਰ ਮੈਂ ਕਹਿਨਾਂ ਕਿ ਸਾਨੂੰ ਐਸੀਆਂ ਫੋਕੀਆਂ ਤੇ ਵਿਖਾਵੇ ਦੀਆਂ ਰਸਮਾਂ ਦੇ ਗ਼ੁਲਾਮ ਨਹੀਂ ਹੋਣਾ ਚਾਹੀਦਾ।

**ਜਗਿਆਸੂ** – ਕਈ ਵਾਰ ਸਵਾਲ ਉਠਦਾ ਕਿ ਕੀ ਮ੍ਰਿਤਕ ਦੇ ਸੰਬੰਧ ਵਿਚ ਰੱਖੇ ਪਾਠ ਦੇ ਭੋਗ ਦਾ ਅਰਦਾਸਾ ਦਸਵੇਂ ਦਿਨ ਕਰਨਾ ਜ਼ਰੂਰੀ ਐ ਜਾਂ ਅੱਗੇ ਪਿੱਛੇ ਵੀ ਹੋ ਸਕਦੈ?

**ਭਾਈ ਭਰਮਤੋੜ ਸਿੰਘ** – ਕੋਈ ਜ਼ਰੂਰੀ ਨਹੀਂ ਐ। 'ਰਹਿਤ ਮਰਯਾਦਾ' ਵਿਚ ਦਰਜ ਆ ਕਿ ਜੇ ਦਸਵੇਂ ਦਿਨ ਨਾ ਹੋ ਸਕੇ ਤਾਂ ਹੋਰ ਕੋਈ ਦਿਨ ਸੰਬੰਧੀਆਂ ਦੀ ਸੌਖ ਨੂੰ ਮੁੱਖ ਰੱਖ ਕੇ ਨਿਯਤ ਕੀਤਾ ਜਾਵੇ। ਇਸ ਪਾਠ ਦੇ ਕਰਨ ਵਿਚ ਘਰ ਵਾਲੇ ਤੇ ਸੰਬੰਧੀ ਰਲ ਕੇ ਹਿੱਸਾ ਲੈਣੇ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਭੀ ਹੋਵੇ। ਇਸ ਲਈ ਗੁਰੂਪਿਆਰਿਆ, ਭੋਗ ਦਾ ਅਰਦਾਸਾ ਦਸਵੇਂ ਦਿਨ ਜ਼ਰੂਰੀ ਨਹੀਂ, ਸਗੋਂ ਨੌਕਰੀ, ਪੜ੍ਹਾਈ ਵਾਲਿਆਂ ਦੀ ਸਹੂਲਤ ਨੂੰ ਮੁੱਖ ਰੱਖ ਕੇ ਕੋਈ ਛੁੱਟੀ ਜਾਂ ਐਤਵਾਰ ਦਾ ਦਿਨ ਵੀ ਨਿਯਤ ਕੀਤਾ ਜਾ ਸਕਦਾ ਆ ਤਾਂ ਕਿ ਸਮਾਜਕ ਰਿਸ਼ਤਿਆਂ ਵਿਚ ਆਉਣ ਵਾਲਿਆਂ ਨੂੰ ਵੀ ਸੌਖ ਰਵ੍ਹੇ ਤੇ ਸਾਡੀ ਅਗਿਆਨਤਾ ਦਾ ਭਰਮ ਵੀ ਟੁੱਟ ਜਾਵੇ।

**ਜਗਿਆਸੂ** – ਉਂਜ ਤਾਂ ਕਈ ਪਿੰਡੀਂ ਨਗਰ ਪੰਚਾਇਤਾਂ ਜਾਂ ਮਹਿਲਾ-ਮੰਡਲ ਦੀਆਂ ਬੀਬੀਆਂ ਨੈ ਚੰਗੇ ਫ਼ੈਸਲੇ ਵੀ ਕੀਤੇ ਐ ਜਿਵੇਂ, ਮੋੜਦੀਆਂ ਮੁਕਾਣਾਂ, ਲੱਦੇ ਦਾ ਆਟਾ ਜਾਂ ਐਵੇਂ ਟਰਾਲੀਆਂ ਭਰ ਕੇ ਸ਼ਰੀਕਾ-ਕਬੀਲਾ ਲਿਜਾਣ 'ਤੇ ਰੋਕ ਲਾਈ ਆ ਪਰ ਫੇਰ ਵੀ ਬਹੁਤੀ ਦੁਨੀਆਂ ਅਜੇ ਨੱਕ-ਨਮੂਜ ਤੇ ਫੋਕੀਆਂ ਰਸਮਾਂ ਦੀ ਗ਼ੁਲਾਮੀ 'ਚੋਂ ਨਹੀਂ ਨਿਕਲਦੀ....

**ਭਾਈ ਭਰਮਤੋੜ ਸਿੰਘ** – ਇਸ ਦੁਨੀਆਂ 'ਤੇ ਪਿਆਰਿਆ, ਬਹੁਤੇ ਬੰਦਿਆਂ ਦਾ ਬਹੁਤਾ ਜੀਵਨ ਤਾਂ ਨੱਕ-ਨਮੂਜਾਂ ਦੇ ਫ਼ਜ਼ੂਲ ਦੀਆਂ ਰੀਤਾਂ-ਰਸਮਾਂ ਵਿਚ ਹੀ ਗੁਜ਼ਰ ਜਾਂਦਾ ਆ। ਇਕ ਤਾਂ ਅਗਲੇ ਦੇ ਘਰੋਂ ਬੰਦਾ ਗੁਜ਼ਰ ਜਾਂਦਾ ਤੇ ਦੂਜਾ, ਉਹ ਮੋੜਵੀਆਂ ਮੁਕਾਣਾਂ ਤੇ ਪਿੱਟਣ ਵਾਲਿਆਂ ਦਾ ਹਜੂਮ ਸਾਂਭਦਾ-ਸਾਂਭਦਾ ਮਰ ਜਾਂਦਾ। ਸਾਡੀ ਅਗਿਆਨਤਾ ਨੇ ਸਮਾਜਕ ਰੀਤੀ-ਰਿਵਾਜਾਂ ਨੂੰ ਆਪ ਈ ਆਪਣੇ ਲਈ ਸਜ਼ਾ ਬਣਾ ਲਿਆ ਹੈ ਤੇ ਅਸੀਂ ਰਸਮਾਂ ਰੂਪੀ ਸਜ਼ਾ ਭੁਗਤਦੇ ਮਰ ਜਾਨੇ ਆਂ।

**ਜਗਿਆਸੂ** – ਇਕ ਗੱਲ ਤਾਂ ਜੀ ਰਹਿ ਈ ਚੱਲੀ ਸੀ ਕਿ ਮ੍ਰਿਤਕ ਪ੍ਰਾਣੀ ਦੇ ਭੋਗ ਸਮੇਂ ਸ੍ਰੀ ਗੁਰੂਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਮੰਜਾ, ਬਿਸਤਰਾ, ਬਰਤਨ, ਫਲ-ਫਰੂਟ, ਚੱਪਲਾਂ, ਜੁੱਤੀ ਰੱਖਣੀ ਠੀਕ ਆ?

**ਭਾਈ ਭਰਮਤੋੜ ਸਿੰਘ** – ਇਹ ਬਿਲਕੁਲ ਮਨਮਤਿ ਹੈ। ਜਿਸ ਪ੍ਰਾਣੀ ਦਾ ਸਸਕਾਰ ਕਰਕੇ ਅੰਗੀਠਾ ਵੀ ਜਲ ਪ੍ਰਵਾਹ ਕਰ ਤਾ ਤੇ ਉਸ ਦਾ ਵਜੂਦ ਈ ਕੋਈ ਨਹੀਂ ਰਿਹਾ ਤਾਂ ਫੇਰ ਮੰਜਾ, ਬਿਸਤਰਾ, ਬਰਤਨ, ਫਲ-ਫਰੂਟ ਦੀ ਕੀ ਲੋੜ ਰਹਿ ਗਈ? ਸੋ, ਇਹ ਸਭ ਕਰਮ ਤਾਂ ਬ੍ਰਾਹਮਣੀ ਮੱਤ ਦੇ ਐ ਕਿਉਂਕਿ ਗਰੁੜ ਦੀ ਕਥਾ ਵਿਚ ਯਮ ਲੋਕ ਦਾ ਵਰਣਨ ਆਂ ਤੇ ਪ੍ਰੇਤ ਨੂੰ ਅੰਨ, ਜਲ, ਵਸਤਰ, ਦੀਵਾ ਆਦਿਕ ਪਚਾਉਣ ਦੇ ਉਆਪ ਦੱਸੇ ਐ। ਗੁਰੂਸਾਹਿਬਾਂ ਨੇ ਇਸ ਅਵਿੱਦਿਆ ਕਰਮ ਦਾ ਖੰਡਨ ਕੀਤਾ ਹੈ ਜਿਸ ਦਾ ਸਾਨੂੰ ਗਿਆਨ ਹੋਣਾ ਚਾਹੀਦਾ ਆ। ਗੁਰੂਅਮਰਦਾਸ ਜੀ ਦਾ ਫ਼ਰਮਾਨ ਆ :

**ਹਰਿ ਬਿਨੁ ਹੋਰ ਰਾਸਿ ਕੂੜੀ ਹੈ, ਚਲਦਿਆ ਨਾਲਿ ਨ ਜਾਈ ॥**

**ਹਰਿ ਮੇਰਾ ਧਨੁ ਮੇਰੈ ਸਾਥਿ ਚਾਲੈ, ਜਹਾ ਹਉ ਜਾਉ ਤਹ ਜਾਈ ॥**

ਇਸ ਲਈ ਭਰਮ ਕਰਕੇ ਇਹ ਸਮਾਨ ਰੱਖਣਾ ਕਿ ਇਹ ਮ੍ਰਿਤਕ ਨੂੰ ਪਹੁੰਚੇਗਾ ਤਾਂ ਬਿਲਕੁਲ ਪਖੰਡ ਕਰਮ ਹੈ। ਹਾਂ, ਏਨਾ ਜ਼ਰੂਰ ਆ ਕਿ ਜੇਕਰ ਗੁਰਦੁਆਰਾ ਸਾਹਿਬ ਜਾਂ ਗ੍ਰੰਥੀ ਸਿੰਘ ਦੀ ਲੋੜ ਨੂੰ ਮੁੱਖ ਰੱਖ ਕੇ ਕੋਈ ਯੋਗ ਸਮਾਨ ਲੋੜ ਲਈ ਦੇ ਦਿੱਤਾ ਜਾਵੇ ਤਾਂ ਵੱਖਰੀ ਗੱਲ ਹੈ। ਹੋਰ ਵੀ ਚੰਗੀ ਗੱਲ ਹੋ ਸਕਦੀ ਆ ਕਿ ਪਿੰਡ ਦੇ ਗੁਰਦੁਆਰੇ ਜਾਂ ਲਾਇਬ੍ਰੇਰੀ ਲਈ ਚੰਗੀਆਂ ਜੀਵਨ ਸੇਧ ਦੇਣ ਵਾਲੀਆਂ ਕਿਤਾਬਾਂ ਮ੍ਰਿਤਕ ਦੇ ਨਾਮ 'ਤੇ ਭੇਂਟ ਕਰ ਦਿੱਤੀਆਂ ਜਾਣ ਤਾਂ ਸਾਡੇ ਸਮਾਜ ਦੀ ਕਾਫ਼ੀ ਅਗਿਆਨਤਾ ਦੂਰ ਹੋ ਸਕਦੀ ਆ।

**ਜਗਿਆਸੂ** – ਇਕ ਆਹ ਭੋਗ ਸਮੇਂ ਪਗੜੀ ਦੀ ਰਸਮ ਕੀਤੀ ਜਾਂਦੀ ਆ ਇਹ ਕਿਉਂ?

**ਭਾਈ ਭਰਮਤੋੜ ਸਿੰਘ** – ਪਿਤਾ ਦੇ ਅਕਾਲ ਚਲਾਣੇ ਤੋਂ ਬਾਅਦ ਵੱਡੇ ਲੜਕੇ ਨੂੰ ਦਸਤਾਰ ਸਜਾ ਕੇ ਸਮਾਜ ਵਿਚ ਜ਼ਿੰਮੇਵਾਰੀ ਦਾ ਅਹਿਸਾਸ ਕਰਾਇਆ ਜਾਂਦਾ ਪਰ ਬਾਕੀ ਬਹੁਤੀਆਂ ਪੱਗਾਂ ਜਾਂ ਲੈਣ-ਦੇਣ ਦੀ ਰਸਮ ਨਹੀਂ ਕਰਨੀ ਚਾਹੀਦੀ।

**ਜਗਿਆਸੂ** – ਭਾਈ ਸਾਹਿਬ ਜੀ! ਇਹ ਜਿਹੜੇ ਬਾਅਦ ਵਿਚ ਸਰਾਧ ਖਵਾਏ ਜਾਂਦੇ ਐ ਜਾਂ ਵਰ੍ਹੀਣੇ ਤੇ ਬਰਸੀਆਂ ਮਨਾਈਆਂ ਜਾਂਦੀਆਂ, ਇਨ੍ਹਾਂ ਦੀ ਗੁਰਮਤਿ ਵਿਚ ਥਾਂ ਹੈ?

**ਭਾਈ ਭਰਮਤੋੜ ਸਿੰਘ** – ਸੁਣ ਪਿਆਰਿਆ, ਮੋਏ ਹੋਏ ਪਿੱਤਰਾਂ ਨੂੰ ਤ੍ਰਿਪਤ ਅਤੇ ਪ੍ਰਸੰਨ ਕਰਨ ਵਾਸਤੇ ਜੋ ਅੰਨ ਵਸਤੂਜਾਂ ਸਮੱਗਰੀ ਦਿੱਤੀ ਜਾਂਦੀ ਆ, ਪੁਰਾਣਾਂ ਅਤੇ ਸਿਮ੍ਰਤੀ ਅਨੁਸਾਰ ਉਸ ਦਾ ਨਾਂ ਸਰਾਧ ਆ। ਗੁਰਮਤਿ ਇਸ ਪਖੰਡ ਨੂੰ ਬਿਲਕੁਲ ਨਹੀਂ ਮੰਨਦੀ। ਇਸ ਪ੍ਰਤੀ ਗੁਰਬਾਣੀ ਦਾ ਫੈਸਲਾ ਆ :

**ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥**

ਬਾਕੀ ਕਿਸੇ ਦੀ ਮੌਤ ਤੋਂ ਬਾਅਦ ਸਾਲ ਦੇ ਅੰਦਰ-ਅੰਦਰ ਬਹੁਤੇ ਦਸ ਮਹੀਨਿਆਂ ਬਾਅਦ ਹੀ ਪਾਠ ਕਰਾ ਦਿੰਦੇ ਐ। ਇਸ ਨੂੰ ਵਰ੍ਹੀਣਾ ਕਹਿੰਦੇ ਆ। ਇਹ ਵੀ ਇਕ ਪੱਕੀ ਰਸਮ ਬਣ ਗਈ। ਆ। ਪਰ ਗੁਰਮਤਿ-ਗੁਰਬਾਣੀ ਨੂੰ

ਵਾਹਿਗੁਰੂਜੀ ਕਾ ਖਾਲਸਾ ।।

ਵਾਹਿਗੁਰੂਜੀ ਕੀ ਫ਼ਤਹਿ ।।

.....

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में तथा स्वतत्रंता अवश्य देखें तथा पढ़े।

www.sikhworld.info

jasbirsikhworldinfo@gmail.com

ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਨਾਂ ਦਾ ਸੰਪੂਰਨ ਜੀਵਨ ਬਿਉਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜ੍ਹੋ ਜੀ।


**ਲਾਂਚ ਕਰਤਾ : ਜਸਬੀਰ ਸਿੰਘ**

Mob. : 099881-60484, 62390-45985

Type Setting : Radheshyam Choudhary

Mob. : 098149- 66882